EVEREST TRANSPORT INC
We are Hiring
Company Drivers
Solo driver 50 cents per miles+Safety Bonus
3000 plus miles per week.
Call, Goldy Ph: 260-797-1122

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com

Raj Shergill
Associate Broker



Twentieth Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 41, October 12, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਕਰਤਾਰਪੁਰ ਲਾਂਘੇ ਦਾ ਸਿਹਰਾ ਲੈਣ ਲਈ ਭੱਜ-ਨੱਠ

**ਚੰਡੀਗੜ੍ਹ:** ਕਰਤਾਰਪੁਰ ਸਾਹਿਬ ਲਾਂਘਾ ਅਤੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਪੰਜਾਬ ਦੀਆਂ ਸਿਆਸੀ ਧਿਰਾਂ ਆਪਸ ਵਿਚ ਬੁਰੀ ਤਰ੍ਹਾਂ ਉਲਝੀਆਂ ਹੋਈਆਂ ਹਨ। ਕਰਤਾਰਪੁਰ ਲਾਂਘੇ ਦਾ ਕੰਮ ਨੇੜੇ ਲੱਗ ਗਿਆ ਹੈ ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਤੈਅ ਸਮੇਂ (9 ਨਵੰਬਰ) ਉਤੇ ਇਸ ਦਾ ਉਦਘਾਟਨ ਹੋਵੇਗਾ।

ਇਸ ਪਿੱਛੋਂ ਜਿਥੇ ਡੇਰਾ ਬਾਬਾ ਨਾਨਕ ਵਿਚ ਸਿਆਸੀ ਧਿਰਾਂ ਨੇ ਡੇਰੇ ਲਾਏ ਹੋਏ ਹਨ, ਉਥੇ ਲਾਂਘੇ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਇਕ-ਦੂਜੇ ਨੂੰ ਘੇਰਿਆ ਜਾ ਰਿਹਾ ਹੈ; ਖਾਸਕਰ ਬਾਦਲ ਪਰਿਵਾਰ ਵਲੋਂ ਲਾਂਘੇ ਦੇ ਜਾਇਜ਼ੇ ਦੇ ਨਾਮ ਉਤੇ ਮਾਰੇ ਗੇੜੇ ਤੇ ਇਸ ਕੰਮ ਦਾ ਸਾਰਾ ਲਾਹਾ ਮੋਦੀ ਸਰਕਾਰ ਨੂੰ ਦੇਣ ਪਿੱਛੋਂ ਦੋਵੇਂ ਧਿਰਾਂ (ਕਾਂਗਰਸ-ਅਕਾਲੀ) ਖੁੱਲ੍ਹ ਕੇ ਇਕ ਦੂਜੇ ਦੇ ਆਹਮੋ-ਸਾਹਮਣੇ ਹਨ। ਦਰਅਸਲ, ਡੇਰਾ ਬਾਬਾ ਨਾਨਕ 'ਚ ਚੱਲ ਰਹੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲੈਣ ਪੁੱਜੇ ਕੇਂਦਰੀ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਕਰਤਾਰਪੁਰ ਲਾਂਘਾ, ਬੰਦੀ ਸਿੱਖਾਂ ਦੀ ਰਿਹਾਈ, ਕਾਲੀ ਸੂਚੀ 'ਚੋਂ ਸਿੱਖਾਂ ਦੇ ਨਾਮ ਹਟਾਉਣ ਅਤੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪ੍ਰਧਾਨ ਮੰਤਰੀ ਦੇ ਸੋਹਲੇ ਗਾਏ। ਹਰਸਿਮਰਤ ਦਾ ਦਾਅਵਾ ਸੀ ਕਿ ਲਾਂਘੇ ਦਾ ਸਾਰਾ ਖਰਚਾ ਮੋਦੀ ਸਰਕਾਰ ਕਰ ਰਹੀ ਹੈ ਤੇ ਪਿਛਲੇ 70 ਸਾਲਾਂ ਤੋਂ ਕੇਂਦਰ 'ਚ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਇਸ ਮਾਮਲੇ 'ਚ ਨੇਕ ਨੀਅਤ ਨਾਲ ਕੰਮ ਨਹੀਂ ਕੀਤਾ ਪਰ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਟੀਮ ਨੇ ਸੰਗਤਾਂ ਨੂੰ ਵਿਛੜੇ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਲਈ ਸੁਹਿਰਦ ਯਤਨ ਕੀਤੇ।

ਇਸ ਪਿੱਛੋਂ ਕਾਂਗਰਸੀਆਂ ਨੇ ਵੀ ਅਕਾਲੀ ਆਗੂਆਂ ਨੂੰ ਘੇਰ ਲਿਆ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਾਰਾ ਪੈਸਾ ਕੇਂਦਰ ਸਰਕਾਰ ਵਲੋਂ ਖਰਚੇ ਜਾਣ ਉਤੇ ਹਰਸਿਮਰਤ ਨੂੰ ਘੇਰਦੇ ਹੋਏ ਦਾਅਵਾ ਕਰ ਦਿੱਤਾ ਕਿ ਪੰਜਾਬ ਸਰਕਾਰ ਵਲੋਂ ਡੇਰਾ ਬਾਬਾ ਨਾਨਕ ਦੇ ਚੁਫੇਰਿਉਂ ਵਿਕਾਸ ਲਈ ਲੰਘੇ ਅਗਸਤ ਮਹੀਨੇ ਤੋਂ ਪਹਿਲਾਂ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਸੂਬਾ ਸਰਕਾਰ ਡੇਰਾ ਬਾਬਾ ਨਾਨਕ ਹਲਕੇ ਲਈ 117 ਕਰੋੜ ਰੁਪਏ ਦੇ ਵਿਕਾਸ ਕੰਮ ਕਰ ਰਹੀ ਹੈ ਜਦਕਿ ਕੇਂਦਰੀ ਮੰਤਰੀ ਨੇ ਕਦੇ ਇਸ ਹਲਕੇ ਦੀ ਸਾਰ ਨਹੀਂ ਲਈ। ਰੰਧਾਵਾ ਨੇ ਇਥੋਂ ਤੱਕ ਆਖ ਦਿੱਤਾ ਕਿ ਲਾਂਘਾ ਖੁੱਲ੍ਹਵਾਉਣ ਲਈ ਯਤਨਸ਼ੀਲ ਰਹੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੂੰ ਬਾਦਲਾਂ ਨੇ ਉਸ ਵੇਲੇ ਕਮਰੇ ਵਿਚ ਬੰਦ ਕਰਵਾ ਦਿੱਤਾ ਸੀ, ਜਦੋਂ ਉਹ ਤਤਕਾਲੀ ਰਾਸ਼ਟਰਪਤੀ ਨੂੰ ਮਿਲਣ ਆਏ ਸਨ।

ਦਰਅਸਲ, ਸਿਆਸੀ ਧਿਰਾਂ ਆਪਣੇ ਆਪ ਨੂੰ ਸਿੱਖਾਂ ਦੀਆਂ ਸੱਚੀਆਂ ਹਮਦਰਦ ਸਾਬਤ ਕਰਨ ਦਾ ਇਹ ਮੌਕਾ ਸਾਂਭਣ ਲਈ ਭੱਜ-ਨੱਠ ਵਿਚ ਜੁਟੀਆਂ ਹੋਈਆਂ ਹਨ। ਲਾਂਘੇ ਦਾ ਐਲਾਨ ਹੋਣ ਸਮੇਂ ਜਦੋਂ ਸਿੱਖ ਜਗਤ ਵਿਚ ਖੁਸ਼ੀ ਦੀ ਲਹਿਰ ਸੀ ਤਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾਅਵਾ ਕਰ ਰਹੇ ਸਨ ਕਿ ਲਾਂਘੇ ਰਾਹੀਂ ਪਾਕਿਸਤਾਨੀ ਅਤਿਵਾਦੀ ਪੰਜਾਬ ਆਉਣਗੇ ਅਤੇ ਮਾਹੌਲ ਖਰਾਬ ਹੋਵੇਗਾ; ਇਥੋਂ ਤੱਕ ਕਿ ਲਾਂਘੇ ਦੇ ਉਦਘਾਟਨ ਸਮਾਗਮ ਵਿਚ ਵੀ ਕੈਪਟਨ ਨੇ ਇਹੀ ਰੱਟ ਲਾਈ ਰੱਖੀ ਪਰ ਹੁਣ ਜਦੋਂ ਲਾਂਘਾ ਤਿਆਰ ਹੋਣ ਕੰਢੇ ਹੈ ਤਾਂ ਕੈਪਟਨ ਆਪਣੀ ਸਾਰੀ ਕੈਬਨਿਟ ਸਮੇਤ ਪਹਿਲੇ ਜਥੇ ਵਿਚ ਜਾਣ ਦੀਆਂ ਤਿਆਰੀਆਂ ਕਰ ਰਹੇ ਹਨ। ਅਸਲ ਵਿਚ, ਪਾਕਿਸਤਾਨ ਵੱਲੋਂ ਲਾਂਘੇ ਲਈ ਵਿਖਾਈ ਦਿਲਚਸਪੀ ਭਾਰਤੀ ਸਿਆਸਤਦਾਨਾਂ ਨੂੰ ਫਿੱਟ ਬੈਠਦੀ ਨਹੀਂ ਜਾਪਦੀ ਸੀ। ਇਹੀ ਕਾਰਨ ਹੈ ਕਿ ਭਾਰਤ ਨੇ ਲਾਂਘੇ ਦਾ ਕੰਮ ਉਸ ਸਮੇਂ ਸ਼ੁਰੂ ਕੀਤਾ ਜਦੋਂ ਪਾਕਿਸਤਾਨ ਵੱਲੋਂ 50 ਫੀਸਦੀ ਕੰਮ ਨਿਬੇੜ ਲਿਆ ਸੀ। ਕੁੱਲ ਮਿਲਾ ਕੇ ਭਾਰਤ ਨੂੰ ਮਜਬੂਰੀ ਵਿਚ ਪਾਕਿਸਤਾਨ ਦੇ ਪਿੱਛੇ-ਪਿੱਛੇ ਤੁਰਨਾ ਪਿਆ। ਹੁਣ ਲਾਂਘਾ ਤਿਆਰ ਹੋਣ ਕੰਢੇ ਹੈ ਤੇ ਸਿਆਸੀ ਧਿਰਾਂ ਇਸ ਦਾ ਸਿਹਰਾ ਲੈਣ ਲਈ ਇਕ ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਵਿਚ ਜੁਟ ਗਈਆਂ ਹਨ।



## ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵਿਚ ਖਿੱਚੋਤਾਣ

ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਵਿਚ ਲਗਾਤਾਰ ਖਿੱਚੋਤਾਣ ਚੱਲ ਰਹੀ ਹੈ। ਅਸਲ ਵਿਚ ਅਕਾਲ ਤਖਤ ਵਲੋਂ ਸਾਂਝੇ ਸਮਾਗਮ ਕਰਵਾਉਣ ਦੇ ਹੁਕਮਾਂ ਦੇ ਬਾਵਜੂਦ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ-ਦੂਜੇ ਨਾਲ ਤੁਰਨ ਲਈ ਤਿਆਰ ਨਹੀਂ। ਸ਼੍ਰੋਮਣੀ ਕਮੇਟੀ ਵਲੋਂ ਅਕਾਲੀ ਦਲ ਬਾਦਲ ਨੂੰ ਅੱਗੇ ਲਾਉਣ ਤੋਂ ਵੀ ਸਰਕਾਰ ਔਖੀ ਹੈ। ਸ਼੍ਰੋਮਣੀ ਕਮੇਟੀ ਦਾ ਦਾਅਵਾ ਹੈ ਕਿ ਸਰਕਾਰ ਉਸ ਨੂੰ ਸਹਿਯੋਗ ਨਹੀਂ ਦੇ ਰਹੀ ਜਦੋਂਕਿ ਸਰਕਾਰ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਸਮੇਤ ਹੋਰ ਸ਼ਖਸੀਅਤਾਂ ਨੂੰ ਸਮਾਗਮ ਲਈ ਸੱਦਾ ਦੇਣ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਸਰਕਾਰ ਦੀ ਪੁੱਛਗਿੱਛ ਦੀ ਥਾਂ ਬਾਦਲ ਪਰਿਵਾਰ ਨੂੰ ਅੱਗੇ ਲਾਇਆ ਜਾ ਰਿਹਾ ਹੈ।

## ਪੀ.ਐਮ.ਸੀ. ਬੈਂਕ 'ਚ ਗੁਰਦੁਆਰਿਆਂ ਦੇ 100 ਕਰੋੜ ਤੋਂ ਵੱਧ ਰੁਪਏ ਫਸੇ

**ਨਵੀਂ ਦਿੱਲੀ:** ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ ਬੈਂਕ ਲਿਮ. (ਪੀ.ਐਮ.ਸੀ.) ਬੈਂਕ ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਜਿਥੇ ਹਜ਼ਾਰਾਂ ਖਾਤਾ ਧਾਰਕ ਪਰੇਸ਼ਾਨ ਹਨ, ਉਥੇ ਹੀ ਦੇਸ਼ ਭਰ ਦੇ ਗੁਰਦੁਆਰਿਆਂ ਦੇ ਸਾਹਮਣੇ ਵੀ ਵੱਡੀ ਮੁਸ਼ਕਲ ਖੜ੍ਹੀ ਹੋ ਗਈ ਹੈ। ਦਰਅਸਲ, ਦੇਸ਼ ਭਰ ਦੇ ਗੁਰਦੁਆਰਿਆਂ ਦੇ ਪੀ.ਐਮ.ਸੀ. ਬੈਂਕ 'ਚ 100 ਕਰੋੜ ਤੋਂ ਜ਼ਿਆਦਾ ਰੁਪਏ ਫਸ ਗਏ ਹਨ।

ਇਹ ਮੁਸ਼ਕਲ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਗੁਰਦੁਆਰਿਆਂ 'ਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਗੁਰਦੁਆਰਾ ਕਮੇਟੀਆਂ 'ਚ ਇਸ ਨੂੰ ਲੈ ਕੇ ਡੂੰਘਾ ਰੋਸ ਹੈ। ਇਸ ਤੋਂ ਪਹਿਲਾਂ ਮੁੰਬਈ ਦੀ ਇਕ ਅਦਾਲਤ ਨੇ ਮੁਸ਼ਕਿਲਾਂ 'ਚ ਘਿਰੇ ਪੀ.ਐਮ.ਸੀ. ਬੈਂਕ ਦੇ ਸਾਬਕਾ ਚੇਅਰਮੈਨ ਐਸ. ਵਰਿਆਮ ਸਿੰਘ ਨੂੰ ਪੁਲਿਸ ਹਿਰਾਸਤ 'ਚ ਭੇਜ ਦਿੱਤਾ। ਦੱਸਣਯੋਗ ਹੈ ਕਿ 24 ਸਤੰਬਰ ਨੂੰ ਆਰ.ਬੀ.ਆਈ. ਨੇ ਬੈਂਕ ਨੂੰ ਝਟਕਾ ਦਿੰਦਿਆਂ 6 ਮਹੀਨੇ ਦੀ ਪਾਬੰਦੀ ਲਗਾ ਦਿੱਤੀ ਸੀ।

ਇਸ ਨਾਲ ਪੀ.ਐਮ.ਸੀ. ਬੈਂਕ ਦੇ ਨਿਯਮਤ ਕਾਰੋਬਾਰ 'ਤੇ ਰੋਕ ਲਗਾ ਦਿੱਤੀ ਗਈ। ਇਸ ਫੈਸਲੇ ਤੋਂ ਬਾਅਦ ਜਮ੍ਹਾਂ ਕਰਤਾਵਾਂ 'ਚ ਭਾਰੀ ਦਹਿਸ਼ਤ ਫੈਲ ਗਈ ਤੇ ਤਿਉਹਾਰਾਂ ਦੇ ਸੀਜ਼ਨ ਤੋਂ ਪਹਿਲਾਂ ਇਸ ਨੇ ਬੈਂਕਿੰਗ ਤੇ ਕਾਰਪੋਰੇਟ ਸਰਕਲਾਂ ਨੂੰ ਹੈਰਾਨ ਕਰ ਦਿੱਤਾ। ਇਸ ਦੇ ਨਾਲ ਹੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਵੀ ਮਾਮਲੇ 'ਚ ਹਵਾਲਾ ਰਾਸ਼ੀ ਨੂੰ ਲੈ ਕੇ ਅਲੱਗ ਤੋਂ ਜਾਂਚ ਸ਼ੁਰੂ ਕੀਤੀ ਤੇ ਐਚ.ਡੀ.ਆਈ.ਐਲ. ਦੇ ਸੀਨੀਅਰ ਅਧਿਕਾਰੀਆਂ ਦੀਆਂ ਚੱਲ ਸੰਪਤੀਆਂ ਨੂੰ ਜ਼ਬਤ ਕਰਨ ਤੋਂ ਇਲਾਵਾ ਮੁੰਬਈ ਦੇ 6 ਅਲੱਗ-ਅਲੱਗ ਸਥਾਨਾਂ 'ਤੇ ਛਾਪੇਮਾਰੀ ਕੀਤੀ।


India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550
Amber Indian Restaurant
Restaurant-Fine Indian Cuisine

12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com


BEST FARE GUARANTEE


WorldWide Travel
www.fly2world.com
866 66 INDIA
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

ੴ ਸਤਿ ਸ਼੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com


# ਸਿੱਖ ਕਲਚਰਲ ਸੁਸਾਇਟੀ ਆਫ ਇੰਡੀਆਨਾ (ਮਿਸ਼ਵਾਕਾ)

**12800 Day Road, Mishawaka, IN 46545 (Ph: 574-255-7400)**




## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥

ਪ੍ਰਥਮ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਿਡਵੈਸਟ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਮਿਸ਼ਵਾਕਾ (ਇੰਡੀਆਨਾ) ਵਿਚ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਨਾਨਕ ਨਾਮ ਲੇਵਾ ਸੰਗਤਾਂ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।




## ਪ੍ਰੋਗਰਾਮ ਦਾ ਵੇਰਵਾ

**1 ਨਵੰਬਰ 2019 (ਸ਼ੁੱਕਰਵਾਰ): ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

**3 ਨਵੰਬਰ 2019 (ਐਤਵਾਰ): ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

### ਸ਼ੁੱਕਰਵਾਰ ਅਤੇ ਸਨਿਚਰਵਾਰ ਨੂੰ ਸ਼ਾਮ ਦੇ ਵਿਸ਼ੇਸ਼ ਪ੍ਰੋਗਰਾਮ

ਪਾਠ ਰਹਿਰਾਸ ਸਾਹਿਬ: ਸ਼ਾਮ 7 ਵਜੇ

ਭਾਈ ਨਿਰਮਲ ਸਿੰਘ ਨਾਗਪੁਰੀ ਤੇ ਜਥੇ ਵਲੋਂ ਕੀਰਤਨ ਸ਼ਾਮ 7:30 ਤੋਂ ਰਾਤ 9 ਵਜੇ ਤੱਕ

### ਐਤਵਾਰ, 3 ਨਵੰਬਰ ਦਾ ਪ੍ਰੋਗਰਾਮ

*ਦੁਪਹਿਰ 12 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤੱਕ*

ਭਾਈ ਗੁਰਮੀਤ ਸਿੰਘ (ਹੈਡ ਗ੍ਰੰਥੀ ਗੁਰਦੁਆਰਾ ਸਾਹਿਬ, ਮਿਸ਼ਵਾਕਾ)

ਭਾਈ ਪਰਮਜੀਤ ਸਿੰਘ (ਹੈਡ ਗ੍ਰੰਥੀ ਗੁਰਦੁਆਰਾ ਸਾਹਿਬ, ਸਾਊਥਬੈਂਡ)

ਭਾਈ ਨਿਰਮਲ ਸਿੰਘ ਨਾਗਪੁਰੀ ਅਤੇ ਜਥਾ



*ਭਾਈ ਨਿਰਮਲ ਸਿੰਘ ਨਾਗਪੁਰੀ*

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸਰਵਣ ਸਿੰਘ (ਮੁੱਖ ਸੇਵਾਦਾਰ), ਫੋਨ: 574-532-7858

ਓਂਕਾਰ ਸਿੰਘ (ਖਜਾਨਚੀ), ਫੋਨ: 574-202-0560; ਹਰਭਜਨ ਸਿੰਘ (ਸਕੱਤਰ), ਫੋਨ: 269-539-1151

# ਹਜੂਮੀ ਹਿੰਸਾ: ਮੋਦੀ ਨੂੰ ਖਤ ਲਿਖਣ ਵਾਲਿਆਂ ਖਿਲਾਫ ਕੇਸ ਦਰਜ



**ਮੁਜ਼ੱਫਰਨਗਰ:** ਦੇਸ਼ ਅੰਦਰ ਵਾਪਰੀਆਂ ਹਜੂਮੀ ਹਿੰਸਾ ਦੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਤ ਲਿਖਣ ਵਾਲੀਆਂ 50 ਦੇ ਕਰੀਬ ਹਸਤੀਆਂ ਖਿਲਾਫ ਬਿਹਾਰ ਦੇ ਮੁਜ਼ੱਫਰਨਗਰ 'ਚ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਹਸਤੀਆਂ 'ਚ ਅਪਰਨਾ ਸੇਨ, ਅਦੂਰ ਗੋਪਾਲਾਕ੍ਰਿਸ਼ਨਨ ਅਤੇ ਰਾਮਚੰਦਰ ਗੁਹਾ ਵਰਗੇ ਨਾਂ ਸ਼ਾਮਲ ਹਨ।

ਪੁਲਿਸ ਨੇ ਦੱਸਿਆ ਕਿ ਇਸ ਸਬੰਧੀ ਦੇਸ਼ ਧਰੋਹ ਸਮੇਤ ਕਈ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਫਿਲਮੀ ਹਸਤੀਆਂ, ਲੇਖਕਾਂ ਤੇ ਹੋਰਨਾਂ ਸਮੇਤ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਹ ਕੇਸ ਦਰਜ ਕੀਤੇ ਜਾਣ ਦੀ ਨਿੰਦਾ ਕੀਤੀ ਹੈ। ਇਹ ਕੇਸ ਦਰਜ ਕਰਨ ਦੇ ਹੁਕਮ ਮੁਜ਼ੱਫਰਨਗਰ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਸੂਰਿਆ ਕਾਂਤ ਤਿਵਾੜੀ ਨੇ ਸਥਾਨਕ ਵਕੀਲ ਸੁਧੀਰ ਕੁਮਾਰ ਓਝਾ ਦੀ ਅਪੀਲ 'ਤੇ ਜਾਰੀ ਕੀਤੇ ਹਨ। ਐਡਵੋਕੇਟ ਓਝਾ ਨੇ ਆਪਣੀ ਅਪੀਲ 'ਚ ਦਾਅਵਾ ਕੀਤਾ ਸੀ ਕਿ ਇਹ ਖਤ ਵੱਖਵਾਦੀ ਰੁਝਾਨ ਨੂੰ ਹਮਾਇਤ ਕਰਦਾ ਹੈ।

ਓਝਾ ਨੇ ਕਿਹਾ ਕਿ ਚੀਫ ਜੁਡੀਸ਼ਲ ਮੈਜਿਸਟਰੇਟ ਨੇ ਮੇਰੀ ਅਪੀਲ ਸਵੀਕਾਰ ਕਰਦਿਆਂ 20 ਅਗਸਤ ਨੂੰ ਹੁਕਮ ਜਾਰੀ ਕਰ ਦਿੱਤੇ ਸਨ। ਇਹ ਹੁਕਮ ਪ੍ਰਾਪਤ ਹੋਣ ਤੋਂ ਬਾਅਦ ਸਦਰ ਪੁਲਿਸ ਸਟੇਸ਼ਨ 'ਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਖਤ 'ਤੇ ਦਸਤਖਤ ਕਰਨ ਵਾਲੇ ਕਰੀਬ 50 ਵਿਅਕਤੀਆਂ ਦੇ ਨਾਂ ਮੁਲਜ਼ਮਾਂ ਵਜੋਂ ਪਟੀਸ਼ਨ 'ਚ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਹਸਤੀਆਂ ਵੱਲੋਂ ਲਿਖੇ ਖਤ ਨਾਲ ਦੇਸ਼ ਦੇ ਅਕਸ ਤੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਜਾ ਰਹੇ ਪ੍ਰਭਾਵਸ਼ਾਲੀ ਕੰਮਾਂ ਨੂੰ ਢਾਹ ਲੱਗੀ ਹੈ।

ਜ਼ਿਕਰਯੋਗ ਹੈ ਕਿ ਫਿਲਮਸਾਜ਼ ਮਨੀ ਰਤਨਮ, ਅਨੁਰਾਗ ਕਸ਼ਯਪ, ਸ਼ਿਆਮ ਬੈਨੇਗਲ, ਅਦਾਕਾਰਾ ਸੌਮਿੱਤਰਾ ਚੈਟਰਜੀ ਤੇ ਗਾਇਕਾ ਸ਼ੁਭਾ ਮੁਦਗਲ ਸਣੇ ਦੇਸ਼ ਦੀਆਂ 49 ਉਘੀਆਂ ਹਸਤੀਆਂ ਨੇ ਇਸ ਸਾਲ ਜੁਲਾਈ ਮਹੀਨੇ ਪ੍ਰਧਾਨ ਮੰਤਰੀ ਦੇ ਨਾਂ ਖੁੱਲ੍ਹਾ ਖਤ ਲਿਖ ਕੇ ਦੇਸ਼ ਅੰਦਰ ਮੁਸਲਮਾਨਾਂ, ਦਲਿਤਾਂ ਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਨਾਲ ਵਾਪਰ ਰਹੀ ਹਜੂਮੀ ਕਤਲਾਂ ਦੀਆਂ ਘਟਨਾਵਾਂ ਰੋਕਣ ਲਈ ਕਿਹਾ ਸੀ।

ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਸੀ ਕਿ ਬਿਨਾਂ ਵਿਰੋਧੀਆਂ ਦੇ ਲੋਕਤੰਤਰ ਨਹੀਂ ਹੋ ਸਕਦਾ। ਅਦਾਕਾਰਾ ਅਪਰਨਾ ਸੇਨ ਨੇ ਇਹ ਕਹਿੰਦਿਆਂ ਇਸ ਮਾਮਲੇ ਬਾਰੇ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਕਿ ਮਾਮਲਾ ਹੁਣ ਅਦਾਲਤ ਦੇ ਵਿਚਾਰ ਅਧੀਨ ਹੈ।

## ਮੋਦੀ ਖਿਲਾਫ ਜੋ ਬੋਲੇਗਾ, ਜੇਲ੍ਹ ਜਾਵੇਗਾ: ਰਾਹੁਲ

**ਵਾਇਨਾਡ (ਕੇਰਲ):** ਦੇਸ਼ 'ਚ ਹਜੂਮੀ ਹਿੰਸਾ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਤ ਲਿਖਣ ਵਾਲੀਆਂ 50 ਦੇ ਕਰੀਬ ਹਸਤੀਆਂ ਖਿਲਾਫ ਕੇਸ ਦਰਜ ਕੀਤੇ ਜਾਣ ਬਾਰੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਦੇਸ਼ ਵਿਚ ਜੋ ਵੀ ਪ੍ਰਧਾਨ ਮੰਤਰੀ ਖਿਲਾਫ ਕੁਝ ਬੋਲੇਗਾ, ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਗੱਲ ਹੁਣ ਗੁੱਝੀ ਨਹੀਂ ਰਹੀ ਕਿ ਦੇਸ਼ 'ਧੱਕੜ ਨਿਜ਼ਾਮ' ਵੱਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੇਸ਼ ਵਾਸੀਆਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦੇਸ਼ ਦੀ ਆਰਥਿਕਤਾ ਕਿਉਂ ਤਬਾਹ ਕੀਤੀ ਤੇ ਕਿਉਂ ਇੰਨੇ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਪੈਦਾ ਕੀਤੀ।

## ਨਿਆਇਕ ਪ੍ਰਬੰਧ 'ਤੇ ਉਠੇ ਸਵਾਲ

**ਮੁੰਬਈ:** ਮਸ਼ਹੂਰ ਫਿਲਮ ਹਸਤੀ ਅਦੂਰ ਗੋਪਾਲਾਕ੍ਰਿਸ਼ਨਨ ਨੇ ਦੇਸ਼ ਦੇ ਨਿਆਇਕ ਪ੍ਰਬੰਧ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਦੇਸ਼ ਅੰਦਰ ਬਹੁਤ ਕੁਝ ਅਜੀਬ ਵਾਪਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਅਸੀਂ ਸੁਣਿਆ ਸੀ ਕਿ ਕੁਝ ਲੋਕਾਂ ਸਮੇਤ ਇਕ ਔਰਤ ਨਾਥੂ ਰਾਮ ਗੋਡਸੇ ਨੂੰ ਸ਼ਰਧਾਂਜਲੀ ਦੇਣ ਲਈ ਮਹਾਤਮਾ ਗਾਂਧੀ ਦੇ ਪੁਤਲੇ 'ਤੇ ਗੋਲੀਆਂ ਚਲਾ ਰਹੀ ਹੈ ਅਤੇ ਅਦਾਲਤ ਨੇ ਇਸ ਸਬੰਧੀ ਕੋਈ ਕੇਸ ਦਰਜ ਨਹੀਂ ਕੀਤਾ। ਇਹ ਔਰਤ ਹੁਣ ਦੇਸ਼ ਦੀ ਸੰਸਦ ਮੈਂਬਰ ਹੈ। ਉਨ੍ਹਾਂ ਕਿਹਾ, 'ਕੀ ਕੋਈ ਅਦਾਲਤ ਇਹ ਸਵੀਕਾਰ ਕਰੇਗੀ ਕਿ ਇਹ ਪਟੀਸ਼ਨ ਅਜਿਹੇ ਖਤ ਦੇ ਆਧਾਰ 'ਤੇ ਦਾਇਰ ਕੀਤੀ ਗਈ ਹੈ ਜਿਸ 'ਚ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕੀਤੀ ਗਈ ਹੋਵੇ।'

## ਜਸਟਿਸ ਝਾਅ ਨੇ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਲਿਆ ਹਲਫ

**ਚੰਡੀਗੜ੍ਹ:** ਜਸਟਿਸ ਰਵੀ ਸ਼ੰਕਰ ਝਾਅ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 35ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਸਹੁੰ ਚੁਕਾਈ। ਹਲਫਦਾਰੀ ਸਮਾਗਮ ਪੰਜਾਬ ਰਾਜ ਭਵਨ ਵਿਚ ਕੀਤਾ ਗਿਆ।

ਸਮਾਗਮ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਹਾਈ ਕੋਰਟ ਦੇ ਹੋਰਨੀਆਂ ਅਦਾਲਤਾਂ ਦੇ ਕਈ ਜੱਜ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੇ.ਪੀ.ਰਾਣਾ, ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਲੋਕ ਸਭਾ ਮੈਂਬਰ ਡਾ. ਅਮਰ ਸਿੰਘ, ਗੁਰਜੀਤ ਸਿੰਘ ਔਜਲਾ, ਵਧੀਕ ਮੁੱਖ ਸਕੱਤਰ ਸੰਜੇ ਕੁਮਾਰ ਤੇ ਕਈ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਬੋਰਡ ਮੈਂਬਰ ਅਵਤਾਰ ਸਿੰਘ ਗੁਲਾਟੀ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਸਾਬਕਾ ਬੋਰਡ ਮੈਂਬਰ ਸ. ਅਵਤਾਰ ਸਿੰਘ ਗੁਲਾਟੀ ਲੰਘੀ 4 ਅਕਤੂਬਰ, ਸ਼ੁੱਕਰਵਾਰ ਨੂੰ ਅਕਾਲ ਚਲਾਣਾ ਕਰ ਗਏ। ਉਹ ਕਰੀਬ 87 ਵਰ੍ਹਿਆਂ ਦੇ ਸਨ ਅਤੇ ਭਾਈਚਾਰੇ ਵਿਚ ਬਹੁਤ ਹੀ ਇਮਾਨਦਾਰ ਸ਼ਖਸੀਅਤ ਵਜੋਂ ਜਾਣੇ ਜਾਂਦੇ ਸਨ। ਸਵਰਗੀ ਗੁਲਾਟੀ ਗੁਰਦੁਆਰਾ ਪੈਲਾਟਾਈਨ ਬਣਨ ਸਮੇਂ ਤੋਂ ਹੀ ਮੈਂਬਰ ਸਨ ਅਤੇ ਸ਼ਿਕਾਗੋ ਤੇ ਮਿਲਵਾਕੀ ਗੁਰਦੁਆਰਿਆਂ ਦੀ ਸੰਗਤ ਉਨ੍ਹਾਂ ਬਾਰੇ ਚੰਗੀ ਤਰ੍ਹਾਂ ਜਾਣੂ ਸੀ।

ਸਵਰਗੀ ਗੁਲਾਟੀ ਆਪਣੇ ਪਿਛੇ ਧੀ ਰੋਜ਼ਾਲੀਨ (ਰੋਜ਼ੀ) ਕੌਰ ਗੁਲਾਟੀ ਤੇ ਜਵਾਈ ਕਲਿੰਟ ਬਿਡਲੈਕ, ਪੁੱਤਰ ਸਟੀਵ ਸਿੰਘ ਗੁਲਾਟੀ ਤੇ ਨੂੰਹ ਹਰਸਿਮਰਨ ਕੌਰ ਡਾਂਗ ਅਤੇ ਚਾਰ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਕਵੀ, ਸੋਨੀਆ, ਨਾਨਕੀ ਅਤੇ ਮਿਲਨ ਛੱਡ ਗਏ ਹਨ। ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਸ਼ੀਲ ਕੌਰ ਗੁਲਾਟੀ ਦਾ ਕੋਈ ਛੇ ਮਹੀਨੇ ਪਹਿਲਾਂ ਦਿਹਾਂਤ ਹੋ ਗਿਆ ਸੀ।

ਸਵਰਗੀ ਗੁਲਾਟੀ ਦਾ ਅੰਤਿਮ ਸਸਕਾਰ 12 ਅਕਤੂਬਰ, ਸਨਿੱਚਰਵਾਰ ਨੂੰ ਬਾਅਦ ਦੁਪਹਿਰ 2 ਤੋਂ 4 ਵਜੇ ਦਰਮਿਆਨ ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਐਂਡ ਕ੍ਰਿਮੇਟਰੀ (941 ਸਾਊਥ ਓਲਡ ਰੈਂਡ ਰੋਡ), ਲੇਕ ਜ਼ਿਊਰਿਕ ਵਿਖੇ ਹੋਵੇਗਾ। ਦੋ ਤੋਂ ਤਿੰਨ ਵਜੇ ਤੱਕ ਸੁਖਮਨੀ ਸਾਹਿਬ ਦਾ ਪਾਠ ਅਤੇ ਬੱਚਿਆਂ ਵਲੋਂ ਕੀਰਤਨ ਹੋਵੇਗਾ। ਉਪਰੰਤ ਸ਼ਰਧਾਂਜਲੀਆਂ ਅਤੇ ਅੰਤਿਮ ਅਰਦਾਸ ਹੋਣਗੇ।



ਸ਼ਾਮ 5 ਵਜੇ ਗੁਰਦੁਆਰਾ ਪੈਲਾਟਾਈਨ ਵਿਖੇ ਲੰਗਰ ਦੀ ਸੇਵਾ ਹੋਵੇਗੀ। ਪਰਿਵਾਰ ਨਾਲ ਸੰਪਰਕ ਰੋਜ਼ੀ ਗੁਲਾਟੀ ਫੋਨ: 847-867-2647 ਜਾਂ ਸਟੀਵ ਗੁਲਾਟੀ ਨਾਲ ਫੋਨ: 847-971-0987 ਰਾਹੀਂ ਹੋ ਸਕਦਾ ਹੈ।




# The Law Firm Of Fatima Johnson

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!

ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!

Did you enter the U.S. without a visa?

ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?

Do you have family members outside the U.S.?

ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?

Does your application keep getting denied?

ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

- Deportation Defense •VAWA •Asylum •Work Permit
- Family and Marriage Based •Investor Visa (H1B, E-2, EB-5)
- SIJS (Special Immigration Juvenile Status)

Come talk to an experienced immigration attorany. Call to schedule an appointment today

ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken

•English •Hindi •Punjabi •Urdu •Spanish •French •Arabic •Chinese

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

Licensed to Practice Immigration Law in all 50 States.

Ph: 317-252-0013

info@vitalvisa.com

*This is an attorney advertisement*



# ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਅੱਸੂ ਤੇ ਕੱਤਕ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| | | 17 ਅੱਸੂ 1 ਅਕਤੂਬਰ | 18 ਅੱਸੂ 2 ਅਕਤੂਬਰ | 19 ਅੱਸੂ 3 ਅਕਤੂਬਰ | 20 ਅੱਸੂ 4 ਅਕਤੂਬਰ | 21 ਅੱਸੂ 5 ਅਕਤੂਬਰ |
| 22 ਅੱਸੂ 6 ਅਕਤੂਬਰ | 23 ਅੱਸੂ 7 ਅਕਤੂਬਰ | 24 ਅੱਸੂ 8 ਅਕਤੂਬਰ | 25 ਅੱਸੂ 9 ਅਕਤੂਬਰ | 26 ਅੱਸੂ 10 ਅਕਤੂਬਰ | 27 ਅੱਸੂ 11 ਅਕਤੂਬਰ | 28 ਅੱਸੂ 12 ਅਕਤੂਬਰ |
| 29 ਅੱਸੂ 13 ਅਕਤੂਬਰ | 30 ਅੱਸੂ 14 ਅਕਤੂਬਰ | 1 ਕੱਤਕ 15 ਅਕਤੂਬਰ | 2 ਕੱਤਕ 16 ਅਕਤੂਬਰ | 3 ਕੱਤਕ 17 ਅਕਤੂਬਰ | 4 ਕੱਤਕ 18 ਅਕਤੂਬਰ | 5 ਕੱਤਕ 19 ਅਕਤੂਬਰ |
| 6 ਕੱਤਕ 20 ਅਕਤੂਬਰ | 7 ਕੱਤਕ 21 ਅਕਤੂਬਰ | 8 ਕੱਤਕ 22 ਅਕਤੂਬਰ | 9 ਕੱਤਕ 23 ਅਕਤੂਬਰ | 10 ਕੱਤਕ 24 ਅਕਤੂਬਰ | 11 ਕੱਤਕ 25 ਅਕਤੂਬਰ | 12 ਕੱਤਕ 26 ਅਕਤੂਬਰ |
| 13 ਕੱਤਕ 27 ਅਕਤੂਬਰ | 14 ਕੱਤਕ 28 ਅਕਤੂਬਰ | 15 ਕੱਤਕ 29 ਅਕਤੂਬਰ | 16 ਕੱਤਕ 30 ਅਕਤੂਬਰ | 17 ਕੱਤਕ 31 ਅਕਤੂਬਰ | 18 ਕੱਤਕ 1 ਨਵੰਬਰ | 19 ਕੱਤਕ 2 ਨਵੰਬਰ |
| 20 ਕੱਤਕ 3 ਨਵੰਬਰ | 21 ਕੱਤਕ 4 ਨਵੰਬਰ | 22 ਕੱਤਕ 5 ਨਵੰਬਰ | 23 ਕੱਤਕ 6 ਨਵੰਬਰ | 24 ਕੱਤਕ 7 ਨਵੰਬਰ | 25 ਕੱਤਕ 8 ਨਵੰਬਰ | 26 ਕੱਤਕ 9 ਨਵੰਬਰ |
| 27 ਕੱਤਕ 10 ਨਵੰਬਰ | 28 ਕੱਤਕ 11 ਨਵੰਬਰ | 29 ਕੱਤਕ 12 ਨਵੰਬਰ | 30 ਕੱਤਕ 13 ਨਵੰਬਰ | | | |

25 ਅੱਸੂ (9 ਅਕਤੂਬਰ) ਪ੍ਰਕਾਸ਼ ਪੁਰਬ ਪਾਤਿਸ਼ਾਹੀ ਚੌਥੀ
6 ਕੱਤਕ (20 ਅਕਤੂਬਰ) ਗੁਰਗੱਦੀ ਦਿਵਸ ਗੁਰੂ ਗ੍ਰੰਥ ਸਾਹਿਬ ਜੀ ਤੇ ਪਾਤਿਸ਼ਾਹੀ 8ਵੀਂ ਅਤੇ ਜੋਤੀ ਜੋਤਿ ਦਿਹਾੜਾ ਪਾਤਿਸ਼ਾਹੀ 7ਵੀਂ
7 ਕੱਤਕ (21 ਅਕਤੂਬਰ) ਜੋਤੀ ਜੋਤਿ ਦਿਹਾੜਾ ਪਾਤਿਸ਼ਾਹੀ 10ਵੀਂ
14 ਕੱਤਕ (28 ਅਕਤੂਬਰ) ਸਾਕਾ ਪੰਜਾ ਸਾਹਿਬ
18 ਕੱਤਕ (1 ਨਵੰਬਰ) ਜਨਮ ਦਿਨ ਮਾਤਾ ਸਾਹਿਬ ਕੌਰ ਜੀ
30 ਕੱਤਕ (13 ਨਵੰਬਰ) ਸ਼ਹੀਦੀ ਬਾਬਾ ਦੀਪ ਸਿੰਘ ਜੀ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ

SIKH Religious Society PALATINE GURDWARA

Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

# ਗੁਰੂ ਨਾਨਕ ਦੇ ਸਾਂਝੇ ਪ੍ਰਕਾਸ਼ ਪੁਰਬ ਸਮਾਗਮ ਲਈ ਸਹਿਮਤੀ ਬਣੀ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਾਂਝੇ ਤੌਰ ਉਤੇ ਮਨਾਉਣ ਲਈ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ 'ਚ ਸਹਿਮਤੀ ਬਣ ਗਈ ਹੈ। ਇਸ ਸਬੰਧੀ ਮੁੜ ਤਾਲਮੇਲ ਕਮੇਟੀ ਦੀ ਮੀਟਿੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਵਿਚ ਹੋਈ ਜਿਸ ਵਿਚ ਦੋਵਾਂ ਧਿਰਾਂ ਨੇ ਮੁੱਖ ਸਮਾਗਮ ਇਕ ਮੰਚ ਤੋਂ ਸਾਂਝੇ ਤੌਰ ਉਤੇ ਮਨਾਉਣ ਦੀ ਸਹਿਮਤੀ ਦੇ ਦਿੱਤੀ ਹੈ।

ਇਹ ਸਮਾਗਮ ਕਿਸ ਮੰਚ 'ਤੇ ਹੋਵੇਗਾ ਅਤੇ ਇਸ ਦੇ ਪ੍ਰਬੰਧ ਕੌਣ ਕਰੇਗਾ, ਫਿਲਹਾਲ ਇਸ ਬਾਰੇ ਕੁਝ ਵੀ ਤੈਅ ਨਹੀਂ ਹੈ। ਮੀਟਿੰਗ ਵਿਚ ਸਰਕਾਰ ਦੇ ਨੁਮਾਇੰਦੇ ਵਜੋਂ ਸਿਰਫ ਇਕ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਪੁੱਜੇ ਜਦੋਂ ਕਿ ਸੁਖਜਿੰਦਰ ਸਿੰਘ ਰੰਧਾਵਾ ਸ਼ਾਮਲ ਨਹੀਂ ਹੋਏ। ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਦੋ ਨੁਮਾਇੰਦੇ ਬੀਬੀ ਜਗੀਰ ਕੌਰ ਅਤੇ ਜਥੇਦਾਰ ਤੋਤਾ ਸਿੰਘ, ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸਾਂਝੇ ਨੁਮਾਇੰਦੇ ਵਜੋਂ ਬਾਬਾ ਨਿਹਾਲ ਸਿੰਘ ਹਰੀਆਂਵੇਲਾਂ ਅਤੇ ਬਾਬਾ ਨਾਰੰਗ ਸਿੰਘ ਸ਼ਾਮਲ ਹੋਏ। ਲਗਭਗ ਇਕ ਘੰਟਾ ਚੱਲੀ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਮੀਟਿੰਗ ਸਦਭਾਵਨਾ ਵਾਲੇ ਮਾਹੌਲ ਅਤੇ ਸੁਹਿਰਦ ਭਾਵਨਾ ਨਾਲ ਕੀਤੀ ਗਈ ਹੈ। ਦੋਵਾਂ ਧਿਰਾਂ 550 ਸਾਲਾ ਪ੍ਰਕਾਸ਼ ਪੁਰਬ ਇਕ ਦੂਜੇ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਮਨਾਉਣ ਲਈ ਸਹਿਮਤ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਆਦੇਸ਼ ਦਿੱਤਾ ਗਿਆ ਹੈ ਕਿ ਮੁੱਖ ਸਮਾਗਮ ਸਾਰੀਆਂ ਧਿਰਾਂ ਇਕ ਮੰਚ ਤੋਂ ਸਾਂਝੇ ਤੌਰ ਉਤੇ ਮਨਾਉਣ, ਇਸ ਲਈ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਦੋਵੇਂ ਇਸ ਆਦੇਸ਼ ਮੁਤਾਬਕ ਅਤੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਸਮਾਗਮ ਨੂੰ ਰਲ-ਮਿਲ ਕੇ ਮਨਾਉਣ ਲਈ ਯਤਨਸ਼ੀਲ ਹਨ। ਸਰਕਾਰ ਦੇ ਨੁਮਾਇੰਦੇ ਵਜੋਂ ਸ਼ਾਮਲ ਹੋਏ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਿਆ ਕਿ ਮੀਟਿੰਗ ਵਿਚ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਮੁੱਖ ਸਮਾਗਮ ਇਕੱਠੇ ਹੋ ਕੇ ਆਪਸੀ ਸਹਿਯੋਗ ਨਾਲ ਮਨਾਉਣ ਦਾ ਫੈਸਲਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਇਕ ਨਿਮਾਣੇ ਸਿੱਖ ਵਜੋਂ ਇਹ ਸਮਾਗਮ ਸਾਂਝੇ ਤੌਰ ਉਤੇ ਮਨਾਉਣ ਦੇ ਹੱਕ ਵਿਚ ਹਨ।

ਸ਼੍ਰੋਮਣੀ ਕਮੇਟੀ ਨੇ ਵੀ ਪ੍ਰੋਗਰਾਮ ਸਾਂਝੇ ਤੌਰ 'ਤੇ ਮਨਾਉਣ ਲਈ ਸਹਿਮਤੀ ਦਿੱਤੀ ਹੈ। ਸਰਕਾਰ ਦੇ ਦੂਜੇ ਨੁਮਾਇੰਦੇ ਵਜੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਇਸ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਸ੍ਰੀ ਰੰਧਾਵਾ ਨੇ ਮੀਟਿੰਗ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਕ ਪੱਤਰ ਦੇ ਕੇ ਸ਼੍ਰੋਮਣੀ ਕਮੇਟੀ 'ਤੇ ਸਹਿਯੋਗ ਨਾ ਕਰਨ ਦਾ ਦੋਸ਼ ਲਾਇਆ ਸੀ। ਪੱਤਰ ਵਿਚ ਉਨ੍ਹਾਂ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਆਪਣੇ ਤੌਰ ਉਤੇ ਸੱਦਾ ਪੱਤਰ ਦੇ ਰਹੀ ਹੈ ਅਤੇ ਇਸ ਮਾਮਲੇ ਵਿਚ ਸਰਕਾਰ ਨੂੰ ਅਣਦੇਖਿਆਂ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲੋਂ ਸਪੱਸ਼ਟੀਕਰਨ ਲੈਣ ਦੀ ਅਪੀਲ ਕੀਤੀ ਸੀ।

ਪਿਛਲੀ ਮੀਟਿੰਗ ਵਿਚ ਤੈਅ ਹੋਇਆ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵਿਚਾਲੇ ਮੀਟਿੰਗ ਹੋਵੇਗੀ, ਜਿਸ ਵਿਚ ਆਪਸੀ ਸਹਿਮਤੀ ਨਾਲ ਸਾਰੇ ਪ੍ਰੋਗਰਾਮ ਤੈਅ ਕਰ ਲਏ ਜਾਣਗੇ ਪਰ ਇਹ ਮੀਟਿੰਗ ਹੁਣ ਤੱਕ ਨਹੀਂ ਹੋ ਸਕੀ ਹੈ। ਹੁਣ ਮੁੜ ਉਮੀਦ ਪ੍ਰਗਟਾਈ ਗਈ ਹੈ ਕਿ ਜਲਦੀ ਹੀ ਇਹ ਮੀਟਿੰਗ ਹੋਵੇਗੀ। ਇਥੇ ਦੱਸਣਯੋਗ ਹੈ ਕਿ ਹੁਣ ਤੱਕ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਵੱਲੋਂ ਸੁਲਤਾਨਪੁਰ ਲੋਧੀ ਵਿਚ ਆਪੋ ਆਪਣੇ ਮੰਚ ਤਿਆਰ ਕਰਨ ਦਾ ਕੰਮ ਚੱਲ ਰਿਹਾ ਹੈ।

# ਡਾ. ਮਨਮੋਹਨ ਸਿੰਘ ਵੱਲੋਂ ਪਹਿਲੇ ਜਥੇ 'ਚ ਸ਼ਾਮਲ ਹੋਣ ਦਾ ਸੱਦਾ ਪ੍ਰਵਾਨ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਅਤੇ ਕਰਤਾਰਪੁਰ ਲਾਂਘਾ ਖੁੱਲ੍ਹਣ ਦੇ ਇਤਿਹਾਸਕ ਦਿਹਾੜੇ ਦੇ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਪੱਤਰ ਦਿੱਤਾ।

ਵੱਖੋ-ਵੱਖਰੀਆਂ ਮਿਲਣੀਆਂ ਵਿਚ ਮੁੱਖ ਮੰਤਰੀ ਨੇ ਦੋਵਾਂ ਸ਼ਖਸੀਅਤਾਂ ਨੂੰ ਸੱਦਾ ਪੱਤਰ ਸੌਂਪਦਿਆਂ ਸਮਾਗਮਾਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਦੌਰਾਨ ਹੀ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਕਰਤਾਰਪੁਰ ਜਾਣ ਵਾਲੇ ਪਹਿਲੇ ਜਥੇ ਵਿਚ ਸ਼ਾਮਲ ਹੋਣ ਦਾ ਸੱਦਾ ਪ੍ਰਵਾਨ ਕਰ ਲਿਆ ਹੈ। ਇਸ ਦੌਰਾਨ ਹੀ ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਉਹ ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ ਸਮਾਗਮ ਲਈ ਪਾਕਿਸਤਾਨ ਨਹੀਂ ਜਾਣਗੇ। ਉਹ ਉਦੋਂ ਤੱਕ ਪਾਕਿਸਤਾਨ ਨਹੀਂ ਜਾਣਗੇ ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰਲੇ ਅਤਿਵਾਦ ਨੂੰ ਨਹੀਂ ਰੋਕਦਾ। ਮਨਮੋਹਨ ਸਿੰਘ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਹੋਣ ਵਾਲੇ ਸਮਾਰੋਹ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ ਦਾ ਸੱਦਾ ਪ੍ਰਵਾਨ ਕਰਨ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਉਨ੍ਹਾਂ (ਮਨਮੋਹਨ ਸਿੰਘ) ਦੀ ਕੋਈ ਇਸ ਤਰ੍ਹਾਂ ਦੀ ਯੋਜਨਾ ਹੈ।

ਉਨ੍ਹਾਂ ਦੱਸਿਆ ਕਿ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੇ ਸੂਬਾ ਸਰਕਾਰ ਵੱਲੋਂ ਇਨ੍ਹਾਂ ਇਤਿਹਾਸਕ ਸਮਾਗਮਾਂ ਵਿਚ ਸ਼ਾਮਲ ਹੋਣ ਦੇ ਸੱਦਾ ਪੱਤਰ ਸਵੀਕਾਰ ਕਰ ਲਏ ਹਨ ਅਤੇ ਉਨ੍ਹਾਂ ਦੇ ਦੌਰੇ ਦੇ ਪ੍ਰੋਗਰਾਮ ਨੂੰ ਅੰਤਿਮ ਰੂਪ ਪਾਕਿਸਤਾਨ ਵਾਲੇ ਪਾਸਿਉਂ ਕਰਤਾਰਪੁਰ ਲਾਂਘਾ ਖੁੱਲ੍ਹਣ ਦੇ ਉਦਘਾਟਨੀ ਪ੍ਰੋਗਰਾਮ ਨੂੰ ਤੈਅ ਕਰਨ ਤੋਂ ਬਾਅਦ ਦਿੱਤਾ ਜਾਵੇਗਾ। ਮੁੱਖ ਮੰਤਰੀ ਵੱਲੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨਾਲ ਸਮਾਗਮਾਂ ਦੀ ਰੂਪ ਰੇਖਾ ਵੀ ਵੇਰਵੇ ਸਹਿਤ ਸਾਂਝੀ ਕੀਤੀ ਗਈ ਅਤੇ ਅਪੀਲ ਕੀਤੀ ਕਿ ਉਹ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਦੋਵਾਂ ਨੂੰ ਬੇਨਤੀ ਕੀਤੀ ਕਿ ਉਹ ਵਿਸ਼ੇਸ਼ ਤੌਰ 'ਤੇ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਲਾਂਘਾ ਖੁੱਲ੍ਹਣ ਦੇ ਉਦਘਾਟਨੀ ਸਮਾਗਮ ਅਤੇ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਹੋਣ ਵਾਲੇ ਸਮਾਗਮ ਵਿਚ ਜ਼ਰੂਰ ਸ਼ਾਮਲ ਹੋਣ। ਮੁੱਖ ਮੰਤਰੀ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਪਹਿਲੇ ਸਰਵ ਪਾਰਟੀ ਜਥੇ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ। ਇਹ ਜਥਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ 9 ਨਵੰਬਰ ਨੂੰ ਜਾਣਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਡਾ. ਮਨਮੋਹਨ ਸਿੰਘ ਨੇ ਉਨ੍ਹਾਂ ਦੀ ਬੇਨਤੀ ਸਵੀਕਾਰ ਕਰ ਲਈ ਹੈ।

ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਬੇਨਤੀ ਕੀਤੀ ਕਿ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਦਿਹਾੜੇ ਮੌਕੇ ਸ੍ਰੀ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਜਾਣ ਵਾਲੇ ਵਿਸ਼ੇਸ਼ ਸਰਵ ਪਾਰਟੀ ਜਥੇ ਨੂੰ ਰਾਜਸੀ ਮਨਜ਼ੂਰੀ ਦਿਵਾਉਣ ਲਈ ਨਿੱਜੀ ਤੌਰ 'ਤੇ ਦਖਲ ਦੇਣ। ਉਨ੍ਹਾਂ ਬੇਨਤੀ ਕੀਤੀ ਕਿ 30 ਅਕਤੂਬਰ ਤੋਂ 3 ਨਵੰਬਰ 2019 ਤੱਕ 21 ਵਿਅਕਤੀਆਂ ਦੇ ਜਥੇ ਨੂੰ ਸ੍ਰੀ ਨਨਕਾਣਾ ਸਾਹਿਬ ਜਾਣ ਅਤੇ ਸ੍ਰੀ ਨਨਕਾਣਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਤੱਕ ਵਾਇਆ ਅੰਮ੍ਰਿਤਸਰ (ਵਾਹਗਾ) ਨਗਰ ਕੀਰਤਨ ਲਿਜਾਣ ਦੀ ਆਗਿਆ ਦਿੱਤੀ ਜਾਵੇ। ਨਗਰ ਕੀਰਤਨ 4 ਨਵੰਬਰ ਨੂੰ ਸੁਲਤਾਨਪੁਰ ਲੋਧੀ ਪੁੱਜੇਗਾ। ਮੁੱਖ ਮੰਤਰੀ ਨੇ ਵਿਦੇਸ਼ ਮੰਤਰੀ ਡਾ.ਐਸ. ਜੈਸ਼ੰਕਰ ਨੂੰ ਵੀ ਅਰਧ ਸਰਕਾਰੀ ਪੱਤਰ ਲਿਖਦਿਆਂ ਸ੍ਰੀ ਨਨਕਾਣਾ ਸਾਹਿਬ ਜਾਣ ਵਾਲੇ ਜਥੇ ਨੂੰ ਰਸਮੀ ਤੌਰ 'ਤੇ ਪ੍ਰਵਾਨਗੀ ਦਿਵਾਉਣ ਦੀ ਮੰਗ ਕੀਤੀ ਅਤੇ ਨਗਰ ਕੀਰਤਨ ਨੂੰ ਪਾਕਿਸਤਾਨ

## ਤੈਅ ਪ੍ਰੋਗਰਾਮ ਮੁਤਾਬਕ ਰਵਾਨਾ ਹੋਵੇਗਾ ਨਗਰ ਕੀਰਤਨ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਮੁੜ ਦੁਹਰਾਇਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਜਾਣ ਵਾਲਾ ਕੌਮਾਂਤਰੀ ਨਗਰ ਕੀਰਤਨ ਆਪਣੇ ਤੈਅ ਪ੍ਰੋਗਰਾਮ ਮੁਤਾਬਕ 13 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਰਵਾਨਾ ਹੋਵੇਗਾ। ਸਿਰਸਾ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਨੇ ਨਵੀਂ ਦਿੱਲੀ ਸਥਿਤ ਪਾਕਿ ਸਫਾਰਤਖਾਨੇ ਰਾਹੀਂ ਭਰੋਸਾ ਦਿਵਾਇਆ ਹੈ ਕਿ ਉਹ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਜਾਣ ਵਾਲੇ ਸ਼ਰਧਾਲੂਆਂ ਲਈ ਵੀਜ਼ੇ ਜਾਰੀ ਕਰਨ ਦੀ ਪ੍ਰਕਿਰਿਆ ਤੇਜ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰਾਲੇ ਨੇ ਨਗਰ ਕੀਰਤਨ ਸਜਾਉਣ ਤੇ ਸ਼ਰਧਾਲੂਆਂ ਲਈ ਵੀਜ਼ੇ ਦਾ ਮੁੱਦਾ ਪਹਿਲਾਂ ਹੀ ਪਾਕਿਸਤਾਨ ਸਰਕਾਰ ਕੋਲ ਚੁੱਕਿਆ ਸੀ।

## ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਸਪੋਰਟ ਲਾਜ਼ਮੀ

**ਚੰਡੀਗੜ੍ਹ:** ਪਾਕਿਸਤਾਨ ਸਥਿਤ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਸਤੇ ਸ਼ਰਧਾਲੂਆਂ ਕੋਲ ਪਾਸਪੋਰਟ ਹੋਣਾ ਜ਼ਰੂਰੀ ਹੈ। ਭਾਵੇਂ ਕਿ ਵੀਜ਼ੇ ਦੀ ਲੋੜ ਨਹੀਂ ਹੈ ਪਰ ਦਰਸ਼ਨਾਂ ਲਈ ਜਾਣ ਵਾਸਤੇ ਇਕ ਮਹੀਨਾ ਪਹਿਲਾਂ ਰਜਿਸਟ੍ਰੇਸ਼ਨ ਕਰਵਾਉਣ ਵਾਸਤੇ ਪਾਸਪੋਰਟ ਹੋਣਾ ਜ਼ਰੂਰੀ ਹੈ। ਇਸ ਸਬੰਧੀ ਜਾਣਕਾਰੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਕੇਂਦਰ ਸਰਕਾਰ ਦੇ ਅਧਿਕਾਰੀਆਂ ਵੱਲੋਂ ਕਰਤਾਰਪੁਰ ਲਾਂਘੇ ਦੀ ਪ੍ਰਗਤੀ ਸਬੰਧੀ ਕੀਤੀ ਮੀਟਿੰਗ ਦੌਰਾਨ ਮਿਲੀ ਹੈ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਪਾਸਪੋਰਟ ਦੀ ਥਾਂ ਹੋਰ ਕੋਈ ਸਰਕਾਰੀ ਦਸਤਾਵੇਜ਼ ਜਿਵੇਂ ਕਿ ਆਧਾਰ ਆਦਿ ਨੂੰ ਵਰਤਣ ਦੀ ਆਗਿਆ ਦੇਣ।

# ਡਿਪਟੀ ਸਨਦੀਪ ਸਿੰਘ ਧਾਲੀਵਾਲ ਦੀ ਕੁਰਬਾਨੀ ਨੂੰ ਸਿਜਦਾ

## ਅੰਤਿਮ ਸਸਕਾਰ ਮੌਕੇ ਲੋਕਾਂ ਦਾ ਹੜ੍ਹ ਆਇਆ; ਪੁਲਿਸ ਵਲੋਂ 21 ਬੰਦੂਕਾਂ ਦੀ ਸਲਾਮੀ

**ਹਿਊਸਟਨ (ਬਿਊਰੋ):** ਅਮਰੀਕਾ ਵਿਚ ਪਿਛਲੇ ਹਫਤੇ ਡਿਊਟੀ ਦੌਰਾਨ ਮਾਰੇ ਗਏ ਪੁਲਿਸ ਅਫਸਰ ਡਿਪਟੀ ਸਨਦੀਪ ਸਿੰਘ ਧਾਲੀਵਾਲ ਦੇ ਸਸਕਾਰ 'ਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕਰਕੇ ਉਨ੍ਹਾਂ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਦਿੱਤੀਆਂ।




ਪੁਲਿਸ ਅਫਸਰਾਂ, ਸਿੱਖਾਂ, ਭਾਰਤੀ ਮੂਲ ਦੇ ਅਮਰੀਕੀਆਂ ਅਤੇ ਹਿਊਸਟਨ ਇਲਾਕੇ ਦੇ ਲੋਕਾਂ ਸਮੇਤ ਹਜ਼ਾਰਾਂ ਲੋਕ ਧਾਲੀਵਾਲ ਦੇ ਸ਼ਰਧਾਂਜਲੀ ਸਮਾਗਮ 'ਚ ਜੁੜੇ। ਡਿਪਟੀ ਧਾਲੀਵਾਲ (42) ਹੈਰਿਸ ਕਾਊਂਟੀ ਦੇ ਪਹਿਲੇ ਸਿੱਖ ਡਿਪਟੀ ਸ਼ੈਰਿਫ ਸਨ। ਹੈਰਿਸ ਕਾਊਂਟੀ 'ਚ ਸਿੱਖਾਂ ਦੀ ਆਬਾਦੀ 10 ਹਜ਼ਾਰ ਤੋਂ ਵੱਧ ਹੈ। ਹਿਊਸਟਨ ਦੇ ਉੱਤਰ-ਪੱਛਮ 'ਚ ਟ੍ਰੈਫਿਕ ਜਾਂਚ ਦੌਰਾਨ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਸਨਦੀਪ ਸਿੰਘ ਧਾਲੀਵਾਲ ਨੂੰ ਹੈਲੀਕਾਪਟਰਾਂ ਅਤੇ ਉਨ੍ਹਾਂ ਦੇ ਸਾਥੀ ਪੁਲਿਸ ਅਫਸਰਾਂ ਨੇ 21 ਬੰਦੂਕਾਂ ਦੀ ਸਲਾਮੀ ਦਿੱਤੀ। ਬੈਗਪਾਈਪਰ 'ਤੇ 'ਅਮੇਜ਼ਿੰਗ ਗਰੇਸ' ਦੀ ਧੁਨ ਵੱਜਣ ਦੇ ਨਾਲ ਹੀ ਹੈਰਿਸ ਕਾਊਂਟੀ ਸ਼ੈਰਿਫ ਦਫਤਰ ਦੇ ਮੈਂਬਰਾਂ ਨੇ ਅਮਰੀਕੀ ਝੰਡੇ ਨੂੰ ਧਾਲੀਵਾਲ ਦੇ ਤਾਬੂਤ ਤੋਂ ਉਤਾਰਿਆ ਅਤੇ ਸ਼ੈਰਿਫ ਐੱਡ ਗੋਂਜ਼ਾਲੇਜ਼ ਨੇ ਧਾਲੀਵਾਲ ਦੀ ਪਤਨੀ ਨੂੰ ਸੌਂਪ ਦਿੱਤਾ, ਜਿਨ੍ਹਾਂ ਉਸ ਨੂੰ ਆਪਣੀ ਛਾਤੀ ਨਾ ਲਾ ਲਿਆ।

ਬੈਰੀ ਸੈਂਟਰ 'ਚ ਪੁਲਿਸ ਮਹਿਕਮੇ ਦੀ ਮੈਮੋਰੀਅਲ ਸਰਵਿਸ ਮਗਰੋਂ ਧਾਲੀਵਾਲ ਦੇ ਪਰਿਵਾਰ ਅਤੇ ਹੋਰਾਂ ਨੇ ਵਿਨਫੋਰਡ ਸ਼ਮਸ਼ਾਨਘਾਟ 'ਚ ਉਸ ਦਾ ਸਸਕਾਰ ਕੀਤਾ। ਸਸਕਾਰ 'ਚ ਸ਼ਾਮਲ ਹੋਣ ਲਈ ਆਏ ਲੋਕਾਂ ਵਾਸਤੇ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ (7500 ਨਾਰਥ ਸੈਮ ਪਾਰਕਵੇਅ ਵੈਸਟ) 'ਚ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ। ਅਮਰੀਕੀ ਆਰਮੀ ਕੈਪਟਨ ਸਿਮਰਤਪਾਲ ਸਿੰਘ ਨੇ ਕਿਹਾ ਕਿ ਧਾਲੀਵਾਲ ਨਿਧੜਕ ਅਤੇ ਨਰਮ ਦਿਲ ਇਨਸਾਨ ਸੀ। 'ਸਾਡਾ ਸ਼ੇਰ ਸਰੀਰਕ ਤੌਰ ਉਤੇ ਭਾਵੇਂ ਚਲਾ ਗਿਆ ਹੈ ਪਰ ਉਸ ਦੀ ਨਿਸ਼ਕਾਮ ਸੇਵਾ ਭਾਵਨਾ ਸਾਡੇ ਦਿਲਾਂ 'ਚ ਹਮੇਸ਼ਾ ਜਿਉਂਦੀ ਰਹੇਗੀ ਅਤੇ ਪ੍ਰੇਰਣਾ ਦਿੰਦੀ ਰਹੇਗੀ।' ਸਨਦੀਪ ਸਿੰਘ ਧਾਲੀਵਾਲ ਨੂੰ 10 ਸਾਲ ਪਹਿਲਾਂ ਪੁਲਿਸ 'ਚ ਭਰਤੀ ਕਰਨ ਵਾਲੇ ਕਮਿਸ਼ਨਰ ਐਡਰੀਅਨ ਗਾਰਸੀਆ ਨੇ ਸਟੇਡੀਅਮ 'ਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਿਪਟੀ (ਸਨਦੀਪ ਸਿੰਘ ਧਾਲੀਵਾਲ) ਨੂੰ 'ਰਾਜੇ ਵਾਂਗ ਵਿਦਾਇਗੀ' ਦੇਣੀ ਬਣਦੀ ਹੈ। ਸਨਦੀਪ ਦੇ ਪਿਤਾ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ, "ਬਾਬਾ, ਤੁਸੀਂ ਚੰਗੇ ਵਿਅਕਤੀ ਨੂੰ ਪਾਲਿਆ ਪੋਸਿਆ। ਉਸ ਦਾ ਦਿਲ ਸੋਨੇ ਦਾ ਸੀ। ਇਹ ਬਦਨਸੀਬੀ ਹੈ ਕਿ ਪਿਤਾ ਨੂੰ ਆਪਣੇ ਪੁੱਤਰ ਨੂੰ ਅੰਤਿਮ ਵਿਦਾਇਗੀ ਦੇਣੀ ਪੈ ਰਹੀ ਹੈ।"



ਲੈਫਟੀਨੈਂਟ ਗਵਰਨਰ ਡੈਨ ਪੈਟਰਿਕ ਨੇ ਕਿਹਾ ਕਿ ਉਹ ਅੰਤਿਮ ਸਸਕਾਰਾਂ 'ਤੇ ਕੋਈ ਭਾਸ਼ਣ ਨਹੀਂ ਦਿੰਦਾ ਹੈ ਪਰ ਧਾਲੀਵਾਲ ਦਾ ਸੱਚਾ ਅਤੇ ਸੁੱਚਾ ਜੀਵਨ ਉਨ੍ਹਾਂ ਨੂੰ ਕੁਝ ਬੋਲਣ ਲਈ ਮਜਬੂਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ 2015 ਤੋਂ ਲੈ ਕੇ ਹੁਣ ਤੱਕ 50 ਪੁਲਿਸ ਕਰਮੀ ਆਪਣਾ ਫਰਜ਼ ਨਿਭਾਉਂਦਿਆਂ ਮਾਰੇ ਗਏ ਹਨ ਅਤੇ ਡਿਪਟੀ ਧਾਲੀਵਾਲ 50ਵਾਂ ਅਧਿਕਾਰੀ ਸੀ। ਉਨ੍ਹਾਂ ਕਿਹਾ ਕਿ ਸਨਦੀਪ ਨੇ ਆਪਣੇ ਛੋਟੇ ਜਿਹੇ ਜੀਵਨ 'ਚ ਇੰਨਾ ਕੁਝ ਕਰ ਦਿਖਾਇਆ ਕਿ ਕੁਝ ਲੋਕ 100 ਸਾਲਾਂ ਵਿਚ ਵੀ ਨਹੀਂ ਕਰ ਸਕਦੇ।

ਹਿਊਸਟਨ ਦੇ ਮੇਅਰ ਸਿਲਵੈਸਟਰ ਟਰਨਰ ਨੇ ਕਿਹਾ ਕਿ ਉਹ ਸਿੱਖਾਂ ਦਾ ਨੁਮਾਇੰਦਾ ਸੀ ਅਤੇ ਸਾਰੇ ਉਸ ਦਾ ਸਤਿਕਾਰ ਕਰਦੇ ਸਨ। ਨਿਊ ਜਰਸੀ ਦੇ ਅਟਾਰਨੀ ਜਨਰਲ ਗੁਰਬੀਰ ਗਰੇਵਾਲ ਨੇ ਕਿਹਾ ਕਿ ਸਨਦੀਪ ਸਿੰਘ ਧਾਲੀਵਾਲ ਨੇ ਪੂਰੀ ਸਿੱਖ ਕੌਮ ਨੂੰ ਪ੍ਰੇਰਿਤ ਕੀਤਾ ਹੈ।

# ਸਿਆਸੀ ਧਿਰਾਂ ਲਈ ਵੱਕਾਰ ਦਾ ਸਵਾਲ ਬਣੀਆਂ ਜ਼ਿਮਨੀ ਚੋਣਾਂ



**ਚੰਡੀਗੜ੍ਹ:** ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਦੀ ਉਪ ਚੋਣ ਸਭ ਰਾਜਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣ ਗਈ ਹੈ। ਸੱਤਾਧਾਰੀ ਕਾਂਗਰਸ ਜਿਥੇ ਇਹ ਚਾਰੇ ਸੀਟਾਂ ਜਿੱਤ ਕੇ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਮੁੜ ਆਪਣੇ ਪੈਰ ਪੱਕੇ ਕਰਨਾ ਚਾਹੁੰਦੀ ਹੈ, ਉਥੇ ਅਕਾਲੀ-ਭਾਜਪਾ ਗਠਜੋੜ ਲਈ ਵੀ ਇਹ ਚੋਣਾਂ ਸੂਬੇ ਦੀ ਸੱਤਾ 'ਚ ਵਾਪਸੀ ਦਾ ਰਾਹ ਖੋਲ੍ਹ ਸਕਦੀਆਂ ਹਨ।

ਉਧਰ, ਇਹ ਚੋਣਾਂ ਤੀਸਰੀ ਧਿਰ ਦੀ ਲੜਾਈ ਲੜ ਰਹੀ ਆਮ ਆਦਮੀ ਪਾਰਟੀ ਦਾ ਭਵਿੱਖ ਵੀ ਤੈਅ ਕਰਨਗੀਆਂ ਤੇ ਪਿਛਲੇ ਲੰਬੇ ਸਮੇਂ ਤੋਂ ਸੱਤਾ 'ਚ ਭਾਈਵਾਲੀ ਲਈ ਸੰਘਰਸ਼ ਕਰਦੀ ਆ ਰਹੀ ਦਲਿਤਾਂ ਦੀ ਨੁਮਾਇੰਦਾ ਜਥੇਬੰਦੀ ਬਹੁਜਨ ਸਮਾਜ ਪਾਰਟੀ ਲਈ ਵੀ ਆਕਸੀਜਨ ਦਾ ਕੰਮ ਕਰ ਸਕਦੀਆਂ ਹਨ। ਆਮ ਆਦਮੀ ਪਾਰਟੀ ਵੱਲੋਂ ਵੀ ਇਨ੍ਹਾਂ ਚਾਰੇ ਸੀਟਾਂ ਲਈ ਆਪਣੇ ਉਮੀਦਵਾਰ ਖੜ੍ਹੇ ਕੀਤੇ ਗਏ ਹਨ ਪਰ ਕਿਹਾ ਜਾ ਰਿਹਾ ਹੈ ਕਿ ਜੇਕਰ 'ਆਪ' ਇਨ੍ਹਾਂ ਚੋਣਾਂ 'ਚ ਆਪਣਾ ਵਜੂਦ ਹੀ ਬਚਾ ਸਕੇ ਤਾਂ ਕਾਫੀ ਹੋਵੇਗਾ, ਜਦਕਿ ਬਹੁਜਨ ਸਮਾਜ ਪਾਰਟੀ ਕੋਲ ਦਲਿਤ ਆਧਾਰ ਵਾਲੀ ਸੀਟ ਫਗਵਾੜੇ 'ਚ ਆਪਣਾ ਖਾਤਾ ਖੋਲ੍ਹਣ ਦਾ ਸੁਨਹਿਰੀ ਮੌਕਾ ਹੈ।

ਅਕਾਲੀ ਦਲ ਪ੍ਰਤੀ ਨਰਮ ਵਤੀਰਾ ਰੱਖਣ ਅਤੇ ਬੇਅਦਬੀ ਮਾਮਲਿਆਂ 'ਤੇ ਪੈਰ ਪਿੱਛੇ ਖਿੱਚਣ ਦੇ ਦੋਸ਼ਾਂ ਕਾਰਨ ਆਪਣੀ ਹੀ ਪਾਰਟੀ ਦੇ ਆਗੂਆਂ ਦੇ ਨਿਸ਼ਾਨੇ ਉਤੇ ਆਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਵੀ ਇਹ ਚੋਣਾਂ ਕਿਸੇ ਅਗਨੀ ਪ੍ਰੀਖਿਆ ਤੋਂ ਘੱਟ ਨਹੀਂ। ਇਨ੍ਹਾਂ ਚੋਣਾਂ 'ਚ ਜਿੱਤ ਨਾਲ ਜਿਥੇ ਉਹ ਆਪਣੇ ਵਿਰੋਧੀਆਂ ਨੂੰ ਧੋਬੀ ਪਟਕਾ ਮਾਰ ਕੇ ਉਨ੍ਹਾਂ ਨੂੰ ਚਿੱਤ ਕਰਨ ਦੀ ਕੋਸ਼ਿਸ਼ ਕਰਨਗੇ, ਉਥੇ ਉਨ੍ਹਾਂ ਦਾ ਪਾਰਟੀ ਅੰਦਰ ਸਿਆਸੀ ਕੱਦ ਵੀ ਹੋਰ ਉਚਾ ਹੋਵੇਗਾ। ਪਰ ਇਸ ਸਭ ਦੇ ਵਿਚਕਾਰ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਇਨ੍ਹਾਂ ਚੋਣਾਂ 'ਚ ਪਾਰਟੀ ਦੇ ਹੱਕ ਵਿਚ ਚੋਣ ਪ੍ਰਚਾਰ ਨਾ ਕੀਤੇ ਜਾਣ ਦੀਆਂ ਕਿਆਸ ਅਰਾਈਆਂ ਕਾਂਗਰਸ ਉਮੀਦਵਾਰਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਸਕਦੀਆਂ ਹਨ।

ਇਸ ਦੌਰਾਨ ਹਰਿਆਣੇ 'ਚ ਅਕਾਲੀ-ਭਾਜਪਾ ਗਠਜੋੜ ਦੇ ਖੇਰੂੰ-ਖੇਰੂੰ ਹੋ ਜਾਣ ਦਾ ਪਰਛਾਵਾਂ ਪੰਜਾਬ ਦੀਆਂ ਉਪ ਚੋਣਾਂ 'ਤੇ ਵੀ ਪੈਣ ਦੀ ਸੰਭਾਵਨਾ ਹੈ। ਭਾਜਪਾ ਦੇ ਖਾਤੇ ਵਾਲੀਆਂ ਮੁਕੇਰੀਆਂ ਤੇ ਫਗਵਾੜਾ ਸੀਟਾਂ ਉਤੇ ਅਕਾਲੀ ਦਲ ਦੇ ਆਗੂਆਂ ਵੱਲੋਂ ਖੁੱਲ੍ਹ ਕੇ ਭਾਜਪਾ ਉਮੀਦਵਾਰਾਂ ਦਾ ਸਮਰਥਨ ਨਾ ਕੀਤੇ ਜਾਣ ਦੀਆਂ ਰਿਪੋਰਟਾਂ ਨੇ ਭਾਜਪਾ ਉਮੀਦਵਾਰਾਂ ਨੂੰ ਹੱਥਾਂ ਪੈਰਾਂ ਦੀ ਪਾਈ ਹੋਈ ਹੈ। ਲੰਘੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਉਮੀਦਵਾਰ ਸੋਮ ਪ੍ਰਕਾਸ਼ ਦੀ ਜਿੱਤ 'ਚ ਮੁਕੇਰੀਆਂ ਹਲਕੇ ਦੇ ਲੋਕਾਂ ਦਾ ਵੱਡਾ ਹੱਥ ਰਿਹਾ ਸੀ ਤੇ ਦੂਸਰਾ ਫਗਵਾੜਾ ਹਲਕੇ ਉਤੇ ਵੀ ਭਾਜਪਾ ਦਾ ਕਬਜ਼ਾ ਰਿਹਾ ਹੈ ਪਰ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਭਾਜਪਾ ਉਮੀਦਵਾਰਾਂ ਨੂੰ ਅਕਾਲੀ ਆਗੂਆਂ ਦੀ ਨਾਰਾਜ਼ਗੀ ਮਹਿੰਗੀ ਪੈ ਸਕਦੀ ਹੈ। ਇਸ ਸਭ ਦੇ ਬਾਵਜੂਦ ਇਨ੍ਹਾਂ ਹਲਕਿਆਂ 'ਚ ਕਾਂਗਰਸ ਉਮੀਦਵਾਰਾਂ ਦੀ ਜਿੱਤ ਦੀ ਰਾਹ ਇੰਨੀ ਆਸਾਨ ਨਹੀਂ ਹੋਵੇਗੀ, ਕਿਉਂਕਿ ਦੋਵੇਂ ਉਮੀਦਵਾਰ ਸਿਆਸੀ ਤਜਰਬੇ ਤੋਂ ਸੱਖਣੇ ਹਨ ਤੇ ਕਾਂਗਰਸ ਦੀ ਅੰਦਰੂਨੀ ਗੁੱਟਬਾਜ਼ੀ ਤੇ ਨਾਰਾਜ਼ਗੀ ਵੀ ਇਨ੍ਹਾਂ ਦੇ ਰਾਹ 'ਚ ਰੋੜੇ ਅਟਕਾ ਸਕਦੀ ਹੈ। ਜਲਾਲਾਬਾਦ ਤੇ ਪੰਥਕ ਹਲਕੇ ਦਾਖਾ 'ਤੇ ਵੀ ਕਾਂਗਰਸ ਨੂੰ ਅਕਾਲੀ ਦਲ ਦੇ ਉਮੀਦਵਾਰਾਂ ਵੱਲੋਂ ਸਖਤ ਟੱਕਰ ਦਿੱਤੇ ਜਾਣ ਦੀ ਸੰਭਾਵਨਾ ਦੇ ਮੱਦੇਨਜ਼ਰ ਕਾਂਗਰਸ ਨੂੰ ਇਨ੍ਹਾਂ ਹਲਕਿਆਂ 'ਚ ਪੂਰਾ ਦਮ ਖਮ ਲਗਾਉਣਾ ਪੈ ਸਕਦਾ ਹੈ।

## ਅਕਾਲੀ ਦਲ ਤੇ ਭਾਜਪਾ ਰਲ ਕੇ ਲੜਨਗੇ ਜ਼ਿਮਨੀ ਚੋਣਾਂ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਦੌਰਾਨ ਦੋਵਾਂ ਪਾਰਟੀਆਂ ਨੇ ਪੰਜਾਬ ਵਿਚ ਹੋ ਰਹੀਆਂ ਚਾਰ ਜ਼ਿਮਨੀ ਚੋਣਾਂ ਮਿਲ ਕੇ ਲੜਨ ਦਾ ਫੈਸਲਾ ਕੀਤਾ ਹੈ। ਮੀਟਿੰਗ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਭਾਜਪਾ ਦੇ ਨਾਲ ਮਿਲ ਕੇ ਚੋਣਾਂ ਲੜੀਆਂ ਜਾਣਗੀਆਂ। ਉਨ੍ਹਾਂ ਨੂੰ ਜਦੋਂ ਸਵਾਲ ਕੀਤਾ ਗਿਆ ਕਿ ਅਕਾਲੀ ਦਲ ਹਰਿਆਣਾ ਵਿਚ ਭਾਜਪਾ ਦੇ ਵਿਰੁੱਧ ਚੋਣਾਂ ਲੜ ਰਿਹਾ ਹੈ ਤਾਂ ਉਨ੍ਹਾਂ ਕਿਹਾ ਕਿ ਇਹ ਮੀਟਿੰਗ ਪੰਜਾਬ ਬਾਰੇ ਹੋਈ ਸੀ ਤੇ ਹਰਿਆਣਾ ਬਾਰੇ ਫੈਸਲਾ 21 ਅਕਤੂਬਰ ਤੋਂ ਬਾਅਦ ਕੀਤਾ ਜਾਵੇਗਾ।

ਸੁਖਬੀਰ ਬਾਦਲ ਨੇ ਇਹ ਦਾਅਵਾ ਵੀ ਕੀਤਾ ਕਿ ਅਕਾਲੀ-ਭਾਜਪਾ ਗੱਠਜੋੜ ਚਾਰੇ ਸੀਟਾਂ ਉਤੇ ਜਿੱਤ ਪ੍ਰਾਪਤ ਕਰੇਗਾ। ਸ੍ਰੀ ਬਾਦਲ ਨੇ ਕਿਹਾ ਕਿ ਚੋਣਾਂ ਜਿੱਤਣ ਲਈ ਰਣਨੀਤੀ ਘੜ ਲਈ ਹੈ ਤੇ ਉਸੇ ਮੁਤਾਬਕ ਇਕੱਠੇ ਹੋ ਕੇ ਚੋਣਾਂ ਲੜੀਆਂ ਜਾਣਗੀਆਂ। ਦੋਵਾਂ ਧਿਰਾਂ ਵਿਚ ਚੋਣਾਂ ਨੂੰ ਲੈ ਕੇ ਜੇ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਇਸ ਦੇ ਹੱਲ ਲਈ ਦੋ ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ ਹੈ, ਜਿਸ ਵਿਚ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਚੀਮਾ ਤੇ ਭਾਜਪਾ ਵੱਲੋਂ ਰਾਕੇਸ਼ ਰਾਠੌਰ ਮੈਂਬਰ ਹੋਣਗੇ। ਜ਼ਿਕਰਯੋਗ ਹੈ ਕਿ ਹਰਿਆਣਾ ਵਿਚ ਦੋਵੇਂ ਧਿਰਾਂ ਇਕ ਦੂਜੇ ਵਿਰੁੱਧ ਚੋਣਾਂ ਲੜ ਰਹੀਆਂ ਹਨ, ਇਸ ਦਾ ਅਸਰ ਪੰਜਾਬ ਗੱਠਜੋੜ ਉਤੇ ਵੀ ਪੈ ਰਿਹਾ ਸੀ। ਭਾਜਪਾ ਦੇ ਕੁਝ ਆਗੂਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਿਆਨਾਂ ਉਤੇ ਕੀਤੀਆਂ ਸਖਤ ਟਿੱਪਣੀਆਂ ਕਾਰਨ ਦੋਵਾਂ ਧਿਰਾਂ ਵਿਚ ਕਸ਼ੀਦਗੀ ਪੈਦਾ ਹੋ ਗਈ ਸੀ, ਉਸ ਤੋਂ ਬਾਅਦ ਹੀ ਤਾਲਮੇਲ ਕਮੇਟੀ ਦੀ ਮੀਟਿੰਗ ਕੀਤੀ ਗਈ ਹੈ।

# ਤੀਜੇ ਬਦਲ ਦੇ ਦਾਅਵੇ ਵਾਲੀਆਂ ਧਿਰਾਂ ਨਾ ਹੋ ਸਕੀਆਂ ਇਕਸੁਰ



**ਚੰਡੀਗੜ੍ਹ:** ਰਵਾਇਤੀ ਧਿਰਾਂ ਤੋਂ ਸੂਬੇ ਦੇ ਲੋਕਾਂ ਦਾ ਖਹਿੜਾ ਛੁਡਵਾਉਣ ਲਈ ਤੀਸਰਾ ਬਦਲ ਦੇਣ ਦੇ ਦਾਅਵੇ ਕਰ ਕੇ ਉਸਾਰਿਆ ਗਿਆ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਮਹਿਜ਼ ਚਾਰ ਜ਼ਿਮਨੀ ਚੋਣਾਂ ਵਿਚ ਵੀ ਇਕਸੁਰ ਨਹੀਂ ਰਹਿ ਸਕਿਆ। ਪੀ.ਡੀ.ਏ. ਵਿਚ ਸ਼ਾਮਲ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਜਿਥੇ ਹਲਕਾ ਫਗਵਾੜਾ ਵਿਚ ਉਤਾਰੇ ਆਪਣੇ ਉਮੀਦਵਾਰ ਜਰਨੈਲ ਸਿੰਘ ਨੰਗਲ ਨੂੰ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ ਹੈ, ਉਥੇ ਹੀ ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਵੀ ਫਗਵਾੜਾ ਵਿਚ ਆਪਣੇ ਉਮੀਦਵਾਰ ਠੇਕੇਦਾਰ ਭਗਵਾਨ ਦਾਸ ਸਿੱਧੂ ਨੂੰ ਬਰਕਰਾਰ ਰੱਖਿਆ ਹੈ।

ਪੀ.ਡੀ.ਏ. ਦੀ ਲੀਡਰਸ਼ਿਪ ਨੂੰ ਆਸ ਸੀ ਕਿ ਸ੍ਰੀ ਬੈਂਸ ਗੱਠਜੋੜ ਦੀ ਭਾਵਨਾ ਅਨੁਸਾਰ ਫਗਵਾੜਾ ਤੋਂ ਆਪਣਾ ਉਮੀਦਵਾਰ ਵਾਪਸ ਲੈ ਲੈਣਗੇ ਪਰ ਕਾਗਜ਼ ਵਾਪਸ ਲੈਣ ਦੇ ਅਖੀਰਲੇ ਦਿਨ ਵੀ ਉਨ੍ਹਾਂ ਕਾਗਜ਼ ਵਾਪਸ ਨਹੀਂ ਲਏ, ਜਿਸ ਕਰਕੇ ਹੁਣ ਪੀ.ਡੀ.ਏ. ਦਾ ਇਕਸੁਰ ਹੋਣ ਦਾ ਸਮਾਂ ਲੰਘ ਗਿਆ ਹੈ। ਪੀ.ਡੀ.ਏ. ਨੇ 4 ਜ਼ਿਮਨੀ ਚੋਣਾਂ ਵਿਚੋਂ ਹਲਕਾ ਮੁਕੇਰੀਆਂ ਨੂੰ ਛੱਡ ਕੇ 3 ਸੀਟਾਂ ਦਾਖਾ, ਫਗਵਾੜਾ ਅਤੇ ਜਲਾਲਾਬਾਦ ਲੜਨ ਦਾ ਫੈਸਲਾ ਲਿਆ ਸੀ, ਜਿਸ ਤਹਿਤ ਲੋਕ ਇਨਸਾਫ ਪਾਰਟੀ ਨੇ ਹਲਕਾ ਦਾਖਾ ਤੇ ਫਗਵਾੜਾ ਤੋਂ ਚੋਣ ਲੜਨ ਦਾ ਦਾਅਵਾ ਪੇਸ਼ ਕੀਤਾ ਸੀ। ਦੂਸਰੇ ਪਾਸੇ ਬਸਪਾ ਨੇ ਵੀ ਹਲਕਾ ਫਗਵਾੜਾ ਤੋਂ ਚੋਣ ਲੜਨ ਦਾ ਦਾਅਵਾ ਕੀਤਾ ਸੀ। ਪੀ.ਡੀ.ਏ. ਨੇ ਜਲਾਲਾਬਾਦ ਦੀ ਸੀਟ ਸੀ.ਪੀ.ਆਈ. ਲਈ ਛੱਡ ਦਿੱਤੀ ਸੀ ਪਰ ਇਸ ਪਾਰਟੀ ਨੇ ਆਪਣਾ ਉਮੀਦਵਾਰ ਹੀ ਨਹੀਂ ਉਤਾਰਿਆ, ਜਿਸ ਕਾਰਨ ਪੀ.ਡੀ.ਏ. ਇਨ੍ਹਾਂ ਚੋਣਾਂ ਵਿਚ 4 ਵਿਚੋਂ ਸਿਰਫ ਦੋ ਸੀਟਾਂ ਤੱਕ ਹੀ ਸਿਮਟ ਗਿਆ ਹੈ। ਪੀ.ਡੀ.ਏ. ਵਿਚ ਸ਼ਾਮਲ ਨਵਾਂ ਪੰਜਾਬ ਪਾਰਟੀ ਦੇ ਮੁਖੀ ਡਾਕਟਰ ਧਰਮਵੀਰ ਗਾਂਧੀ, ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ, ਸੀ.ਪੀ.ਆਈ. ਦੇ ਸਕੱਤਰ ਬੰਤ ਬਰਾੜ ਅਤੇ ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਸਾਫ ਕੀਤਾ ਕਿ ਉਹ ਹਲਕਾ ਫਗਵਾੜਾ ਵਿਚ ਬਸਪਾ ਦੇ ਉਮੀਦਵਾਰ ਦੀ ਹੀ ਹਮਾਇਤ ਕਰਨਗੇ।

ਡਾ. ਗਾਂਧੀ ਨੇ ਕਿਹਾ ਕਿ ਪੀ.ਡੀ.ਏ. ਦਾ ਇਨ੍ਹਾਂ ਜ਼ਿਮਨੀ ਚੋਣਾਂ ਵਿਚ ਉਤਰਨ ਦਾ ਮੁੱਖ ਮਕਸਦ ਲੋਕਾਂ ਵਿਚ ਇਹ ਵਿਸ਼ਵਾਸ ਪੈਦਾ ਕਰਨਾ ਸੀ ਕਿ ਰਵਾਇਤੀ ਪਾਰਟੀ ਦੇ ਬਦਲ ਵਜੋਂ ਉਹ ਤੀਸਰੀ ਸਿਆਸੀ ਧਿਰ ਉਸਾਰਨ ਲਈ ਇਕਜੁਟ ਤੇ ਦ੍ਰਿੜ੍ਹ ਹਨ। ਇਸ ਲਈ ਸਾਰੀਆਂ ਧਿਰਾਂ ਨੂੰ ਇਕ-ਦੂਸਰੇ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਸੀਟਾਂ ਦੀ ਵੰਡ ਕਰਨੀ ਚਾਹੀਦੀ ਸੀ ਪਰ ਉਹ ਇਸ ਵਿਚ ਕਾਮਯਾਬ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਉਹ ਹਲਕਾ ਫਗਵਾੜਾ ਵਿਚ ਬਸਪਾ ਅਤੇ ਦਾਖਾ ਵਿਚ ਲੋਕ ਇਨਸਾਫ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਵਿਚ ਪ੍ਰਚਾਰ ਕਰਨਗੇ।

ਇਸੇ ਤਰ੍ਹਾਂ ਮੰਗਤ ਰਾਮ ਪਾਸਲਾ ਅਤੇ ਬੰਤ ਬਰਾੜ ਨੇ ਵੀ ਸਾਫ ਕੀਤਾ ਕਿ ਸਿਆਸੀ ਹਾਲਾਤ ਅਨੁਸਾਰ ਫਗਵਾੜਾ ਸੀਟ ਤੋਂ ਬਸਪਾ ਦੇ ਉਮੀਦਵਾਰ ਦਾ ਚੋਣ ਲੜਨਾ ਹੀ ਲਾਹੇਵੰਦ ਰਹੇਗਾ। ਸ੍ਰੀ ਖਹਿਰਾ ਨੇ ਕਿਹਾ ਕਿ ਪੀ.ਡੀ.ਏ. ਵਿਚਲੀਆਂ ਸਾਰੀਆਂ ਧਿਰਾਂ ਦੀ ਇਕੋ ਰਾਇ ਸੀ ਕਿ ਫਗਵਾੜਾ ਸੀਟ ਬਸਪਾ ਲਈ ਛੱਡੀ ਜਾਵੇ ਪਰ ਸ੍ਰੀ ਬੈਂਸ ਇਸ ਲਈ ਸਹਿਮਤ ਨਹੀਂ ਹੋਏ, ਜਿਸ ਕਾਰਨ ਉਹ ਫਗਵਾੜਾ ਵਿਚ ਬਸਪਾ ਅਤੇ ਦਾਖਾ ਵਿਚ ਲੋਕ ਇਨਸਾਫ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਕਰਨਗੇ।

ਬੈਂਸ ਭਰਾ ਲੋਕ ਸਭਾ ਚੋਣਾਂ ਤੋਂ ਬਾਅਦ ਨਿਰੰਤਰ ਪੀ.ਡੀ.ਏ. ਤੋਂ ਦੂਰੀ ਬਣਾ ਕੇ ਲੋਕ ਇਨਸਾਫ ਪਾਰਟੀ ਲਈ ਹੀ ਸਰਗਰਮੀਆਂ ਵਿੱਢ ਰਹੇ ਹਨ। ਸਿਮਰਜੀਤ ਸਿੰਘ ਬੈਂਸ ਨੂੰ ਲੋਕ ਸਭਾ ਚੋਣਾਂ ਵਿਚ ਹਲਕਾ ਲੁਧਿਆਣਾ ਤੋਂ ਭਾਰੀ ਵੋਟਾਂ ਪੈਣ ਕਾਰਨ ਉਹ ਇਨ੍ਹਾਂ ਚੋਣਾਂ ਵਿਚ ਬੜੇ ਹੌਂਸਲੇ ਵਿਚ ਹਨ। ਸ੍ਰੀ ਬੈਂਸ ਨੂੰ ਲੋਕ ਸਭਾ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਦਾਖਾ ਤੋਂ ਕਾਂਗਰਸ ਅਤੇ ਅਕਾਲੀ ਦਲ-ਭਾਜਪਾ ਗੱਠਜੋੜ ਤੋਂ ਵੱਧ ਵੋਟਾਂ ਮਿਲੀਆਂ ਸਨ।

## ਬਸਪਾ ਵੱਲੋਂ ਲੋਕ ਇਨਸਾਫ ਪਾਰਟੀ ਨਾਲੋਂ ਤੋੜ ਵਿਛੋੜਾ

**ਜਲੰਧਰ:** ਪੰਜਾਬ ਜਮਹੂਰੀ ਗੱਠਜੋੜ ਦੀ ਸਭ ਤੋਂ ਵੱਡੀ ਧਿਰ ਸਮਝੀ ਜਾਂਦੀ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਜ਼ਿਮਨੀ ਚੋਣਾਂ ਵਿਚ ਲੋਕ ਇਨਸਾਫ ਪਾਰਟੀ ਨਾਲੋਂ ਨਾਤਾ ਤੋੜ ਲਿਆ ਹੈ। ਬਸਪਾ ਲੀਡਰਸ਼ਿਪ ਨੇ ਦਾਖਾ ਵਿਧਾਨ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਦੀ ਹਮਾਇਤ ਦਾ ਐਲਾਨ ਕੀਤਾ ਹੈ। ਪੰਜਾਬ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਣੀਪਾਲ ਅਤੇ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਸਪੱਸ਼ਟ ਕੀਤਾ ਹੈ ਕਿ ਭਵਿੱਖ ਵਿਚ ਵੀ ਲੋਕ ਇਨਸਾਫ ਪਾਰਟੀ ਨਾਲ ਕੋਈ ਚੋਣ ਸਮਝੌਤਾ ਨਹੀਂ ਹੋਵੇਗਾ।

ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਬਸਪਾ ਦੀ ਮੀਟਿੰਗ ਵਿਚ ਰਣਧੀਰ ਸਿੰਘ ਬੈਣੀਪਾਲ ਰੁਝੇਵਿਆਂ ਕਾਰਨ ਆ ਨਹੀਂ ਸਕੇ। ਉਨ੍ਹਾਂ ਨੇ ਹਦਾਇਤ ਕੀਤੀ ਹੈ ਕਿ ਬਸਪਾ ਦੇ ਸਾਰੇ ਵਰਕਰਾਂ ਤੱਕ ਸੁਨੇਹਾ ਪਹੁੰਚਾਇਆ ਜਾਵੇ ਕਿ ਲੋਕ ਇਨਸਾਫ ਪਾਰਟੀ ਨਾਲ ਕੋਈ ਸਹਿਯੋਗ ਨਹੀਂ ਕਰਨਾ। ਉਨ੍ਹਾਂ ਕਿਹਾ ਕਿ ਬਸਪਾ ਨੇ ਪਹਿਲਾਂ ਹੀ ਇਹ ਰਾਏ ਬਣਾਈ ਸੀ ਕਿ ਸਿਰਫ ਫਗਵਾੜਾ ਸੀਟ ਵਾਲੀ ਹੀ



ਚੋਣ ਲੜੀ ਜਾਵੇਗੀ ਪਰ ਲੋਕ ਇਨਸਾਫ ਪਾਰਟੀ ਨੇ ਗੱਠਜੋੜ ਤੋਂ ਬਾਹਰ ਜਾਂਦਿਆਂ ਹੋਇਆਂ ਇਹ ਫੈਸਲਾ ਆਪ ਹੀ ਕਰ ਲਿਆ ਕਿ ਉਸ ਦਾ ਉਮੀਦਵਾਰ ਵੀ ਇਸ ਹਲਕੇ ਤੋਂ ਚੋਣ ਲੜੇਗਾ।

## ਮਨਜੀਤ ਸਿੰਘ ਜੀ.ਕੇ. ਵੱਲੋਂ ਨਵੀਂ ਪਾਰਟੀ 'ਜਾਗੋ' ਦਾ ਐਲਾਨ



**ਨਵੀਂ ਦਿੱਲੀ:** ਦਿੱਲੀ ਦੀ ਸਿੱਖ ਸਿਆਸਤ ਵਿਚ 'ਜਾਗੋ' ਨਾਂ ਦੀ ਨਵੀਂ ਧਾਰਮਿਕ ਪਾਰਟੀ ਦੀ ਆਮਦ ਹੋਈ ਹੈ ਤੇ ਇਸ ਪਾਰਟੀ ਦੇ ਕੌਮਾਂਤਰੀ ਪ੍ਰਧਾਨ ਵਜੋਂ ਜ਼ਿੰਮੇਵਾਰੀ ਸੰਭਾਲਣ ਵਾਲੇ ਮਨਜੀਤ ਸਿੰਘ ਜੀ.ਕੇ. (ਸਾਬਕਾ ਪ੍ਰਧਾਨ ਦਿੱਲੀ ਗੁਰਦੁਆਰਾ ਕਮੇਟੀ) ਨੇ ਦਾਅਵਾ ਕੀਤਾ ਹੈ ਕਿ ਕੌਮ ਦੀ ਬਿਹਤਰੀ ਲਈ ਕੰਮ ਕਰਨ ਵਾਲੀ ਇਹ 'ਜਾਗੋ' ਪਾਰਟੀ ਦੇਸ਼-ਵਿਦੇਸ਼ ਦੇ ਸਿੱਖਾਂ ਦੀ ਆਵਾਜ਼ ਬਣੇਗੀ।

ਦਰਅਸਲ, ਜੀ.ਕੇ. ਦੀ ਨਵੀਂ ਪਾਰਟੀ ਦਾ ਪੂਰਾ ਨਾਂ 'ਜਗ ਆਸਰਾ ਗੁਰੂ ਓਟ (ਜਥੇਦਾਰ ਸੰਤੋਖ ਸਿੰਘ)' ਹੈ ਜਦਕਿ ਛੋਟੇ ਨਾਂ ਵਜੋਂ ਪਾਰਟੀ ਨੂੰ 'ਜਾਗੋ' ਦੇ ਨਾਮ ਤੋਂ ਜਾਣਿਆ ਜਾਵੇਗਾ ਤੇ ਸੁਸਾਇਟੀ ਐਕਟ ਤਹਿਤ ਇਸ ਪਾਰਟੀ ਦਾ ਰਜਿਸਟ੍ਰੇਸ਼ਨ ਵੀ ਕਰਵਾ ਦਿੱਤਾ ਗਿਆ ਹੈ। ਮੰਨਿਆ ਜਾ ਰਿਹਾ ਹੈ 'ਜਾਗੋ' ਪਾਰਟੀ, ਰਵਾਇਤੀ ਪਾਰਟੀਆਂ ਮੂਹਰੇ ਚੁਣੌਤੀ ਖੜ੍ਹੀ ਕਰਨ ਲਈ ਹਰ ਸੰਭਵ ਯਤਨ ਕਰੇਗੀ, ਪਰ ਬਾਦਲ ਦਲ ਇਸ ਦੇ ਮੁੱਖ ਨਿਸ਼ਾਨੇ ਉਤੇ ਹੋਵੇਗਾ।

ਗ੍ਰੇਟਰ ਕੈਲਾਸ਼ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਪਹਾੜੀ ਵਾਲਾ) 'ਚ ਹੋਏ ਸਮਾਗਮ ਦੌਰਾਨ ਵੱਡੀ ਗਿਣਤੀ 'ਚ ਮੌਜੂਦ ਸੰਗਤਾਂ ਦੀ ਹਾਜ਼ਰੀ 'ਚ ਪਾਰਟੀ ਦੇ ਨਾਂ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜੀ.ਕੇ. ਨੇ ਪਾਰਟੀ ਦੇ ਏਜੰਡੇ ਤੇ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਨਾਲ ਹੀ ਦਿੱਲੀ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦਾ ਨਾਂ ਲਏ ਬਗੈਰ ਵਿਅੰਗ ਕਰਦੇ ਹੋਏ ਆਖਿਆ ਉਹ (ਸਿਰਸਾ) ਮੈਂਬਰਾਂ ਦਾ ਪ੍ਰਧਾਨ ਹੈ ਜਦਕਿ ਮੈਂ (ਜੀ.ਕੇ.) ਸੰਗਤਾਂ ਦਾ ਪ੍ਰਧਾਨ ਹਾਂ।

## ਚਾਰ ਹਲਕਿਆਂ ਲਈ 33 ਉਮੀਦਵਾਰ ਮੈਦਾਨ 'ਚ

**ਚੰਡੀਗੜ੍ਹ:** ਪੰਜਾਬ ਦੀਆਂ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਚੋਣਾਂ ਲਈ 21 ਅਕਤੂਬਰ ਨੂੰ ਪੈਣ ਵਾਲੀਆਂ ਵੋਟਾਂ ਲਈ ਕੁੱਲ 33 ਉਮੀਦਵਾਰ ਮੈਦਾਨ 'ਚ ਰਹਿ ਗਏ ਹਨ। ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਅੰਤਿਮ ਦਿਨ 3 ਉਮੀਦਵਾਰਾਂ ਵੱਲੋਂ ਆਪਣੇ ਪੱਤਰ ਵਾਪਸ ਲਏ ਗਏ।

ਵਿਧਾਨ ਸਭਾ ਹਲਕਾ ਫਗਵਾੜਾ ਲਈ 9 ਉਮੀਦਵਾਰ ਆਮ ਆਦਮੀ ਪਾਰਟੀ (ਆਪ) ਦੇ ਸੰਤੋਸ਼ ਕੁਮਾਰ ਗੋਗੀ, ਬਸਪਾ ਦੇ ਭਗਵਾਨ ਦਾਸ, ਲੋਕ ਇਨਸਾਫ ਪਾਰਟੀ ਦੇ ਜਰਨੈਲ ਸਿੰਘ ਨੰਗਲ, ਪੀਪਲ ਪਾਰਟੀ ਆਫ ਡੈਮੋਕਰੇਟਿਵ ਚਰਨਜੀਤ ਕੁਮਾਰ, ਆਜ਼ਾਦ ਉਮੀਦਵਾਰ ਨੀਟੂ, ਕਾਂਗਰਸ ਦੇ ਬਲਵਿੰਦਰ ਸਿੰਘ ਧਾਲੀਵਾਲ, ਭਾਜਪਾ ਦੇ ਰਜੇਸ਼ ਬੱਗਾ, ਵਿਸਾਲ ਪਾਰਟੀ ਆਫ ਇੰਡੀਆ ਦੇ ਸੋਨੂੰ ਕੁਮਾਰ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪਰਮਜੋਤ ਕੌਰ ਗਿੱਲ, ਮੁਕੇਰੀਆਂ ਲਈ 6 ਉਮੀਦਵਾਰ ਆਪ ਦੇ ਪ੍ਰੋਫੈਸਰ ਗੁਰਧਿਆਨ ਸਿੰਘ ਮੁਲਤਾਨੀ, ਕਾਂਗਰਸ ਦੀ ਇੰਦੂ ਬਾਲਾ, ਭਾਜਪਾ ਦੇ ਜੰਗੀ ਲਾਲ ਮਹਾਜਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਗੁਰਵਤਨ ਸਿੰਘ, ਹਿੰਦੁਸਤਾਨ ਸ਼ਕਤੀ ਸੈਨਾ ਦੇ ਅਰਜੁਨ ਤੇ ਆਜ਼ਾਦ ਉਮੀਦਵਾਰ ਅਮਨਦੀਪ ਸਿੰਘ ਘੋਤਰਾ, ਦਾਖਾ ਲਈ 11 ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਆਲੀ, ਕਾਂਗਰਸ ਦੇ ਸੰਦੀਪ ਸਿੰਘ ਸੰਧੂ, ਆਪ ਦੇ ਅਮਨਦੀਪ ਸਿੰਘ ਮੋਹਲੀ, ਆਪਣਾ ਪੰਜਾਬ ਦੇ ਸਿਮਰਨਦੀਪ ਸਿੰਘ, ਲੋਕ ਇਨਸਾਫ ਪਾਰਟੀ ਦੇ ਸੁਖਦੇਵ ਸਿੰਘ ਚੱਕ, ਨੈਸ਼ਨਲਿਸਟ ਜਸਟਿਸ ਪਾਰਟੀ ਦੇ ਗੁਰਜੀਤ ਸਿੰਘ, ਅਕਾਲੀ ਦਲ (ਅ) ਦੇ ਜੋਗਿੰਦਰ ਸਿੰਘ ਵੇਗਲ, ਹਰਬੰਸ ਸਿੰਘ ਜਲਾਲ, ਗੁਰਦੀਪ ਸਿੰਘ ਕਾਹਲੋਂ, ਜੈ ਪ੍ਰਕਾਸ਼ ਜੈਨ, ਬਲਦੇਵ ਸਿੰਘ (ਸਾਰੇ ਆਜ਼ਾਦ), ਜਲਾਲਾਬਾਦ ਲਈ 7 ਉਮੀਦਵਾਰ- ਸ਼੍ਰੋਮਣੀ ਅਕਾਲੀ ਦਲ ਦੇ ਡਾ. ਰਾਜ ਸਿੰਘ ਡਿੱਬੀਪੁਰਾ, ਆਪ ਦੇ ਮਹਿੰਦਰ ਸਿੰਘ ਕਚੂਰਾ, ਕਾਂਗਰਸ ਦੇ ਰਮਿੰਦਰ ਸਿੰਘ ਆਵਲਾ, ਜਗਦੀਪ ਕੰਬੋਜ ਗੋਲਡੀ, ਜੋਗਿੰਦਰ ਸਿੰਘ, ਜੋਗਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ, ਰਾਜ ਸਿੰਘ (ਸਾਰੇ ਆਜ਼ਾਦ) ਸ਼ਾਮਲ ਹਨ।

**Punjab Times**
**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪ੍ਰਕਾਸ਼ ਪੁਰਬ: ਪੰਜਾਬ 'ਚ ਚਾਰ ਮਹੀਨੇ ਚੱਲਣਗੇ ਲਾਈਟ ਐਂਡ ਸਾਊਂਡ ਸ਼ੋਅ

**ਚੰਡੀਗੜ੍ਹ:** ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਿਜੀਟਲ ਮਿਊਜ਼ੀਅਮ ਅਤੇ ਲਾਈਟ ਐਂਡ ਸਾਊਂਡ ਸ਼ੋਅ ਚੰਡੀਗੜ੍ਹ ਸਮੇਤ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿਚ 26 ਥਾਵਾਂ ਉਤੇ ਕਰਵਾਏ ਜਾਣਗੇ। ਲਾਈਟ ਐਂਡ ਸਾਊਂਡ ਸ਼ੋਅ ਅਤੇ ਡਿਜੀਟਲ ਮਿਊਜ਼ੀਅਮ ਦੀ ਸ਼ੁਰੂਆਤ 7 ਅਕਤੂਬਰ ਤੋਂ ਸ਼ੁਰੂ ਹੋ ਗਈ ਹੈ।

ਮੁਹਾਲੀ ਦੇ ਸੈਕਟਰ-78 ਸਥਿਤ ਖੇਡ ਸਟੇਡੀਅਮ 'ਚ 7 ਤੋਂ 9 ਅਕਤੂਬਰ ਤੱਕ ਡਿਜੀਟਲ ਅਜਾਇਬਘਰ ਸਥਾਪਤ ਕੀਤਾ ਗਿਆ। ਚਾਰ ਮਹੀਨੇ ਚੱਲਣ ਵਾਲੇ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਮੁਹਾਲੀ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤੀ। ਪਹਿਲੇ ਤੇ ਆਖਰੀ ਦਿਨ ਗੁਰੂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ 'ਤੇ ਝਾਤ ਪਾਉਂਦਾ ਲਾਈਟ ਐਂਡ ਸਾਊਂਡ ਸ਼ੋਅ ਚੱਲੇਗਾ। 11 ਤੋਂ 13 ਅਕਤੂਬਰ ਨੂੰ ਪੀ.ਏ.ਯੂ. ਗਰਾਊਂਡ ਲੁਧਿਆਣਾ, 15 ਤੋਂ 17 ਅਕਤੂਬਰ ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ, 19 ਤੋਂ 21 ਨੂੰ ਆਈ.ਐਫ.ਐਸ. ਕਾਲਜ ਘੱਲ ਕਲਾਂ ਮੋਗਾ, 23 ਤੋਂ 25 ਨੂੰ ਗੁਰੂ ਨਾਨਕ ਸਟੇਡੀਅਮ ਕਪੂਰਥਲਾ, 1 ਤੋਂ 3 ਨਵੰਬਰ ਨੂੰ ਵੀ. ਵੀ. ਆਈ. ਪੀ. ਪਾਰਕਿੰਗ ਸੁਲਤਾਨਪੁਰ ਲੋਧੀ, 5 ਤੋਂ 7 ਨਵੰਬਰ ਨੂੰ ਬਹੁਤਕਨੀਕੀ ਕਾਲਜ ਬਟਾਲਾ, 9 ਤੋਂ 11 ਨਵੰਬਰ ਨੂੰ ਦਾਣਾ ਮੰਡੀ ਡੇਰਾ ਬਾਬਾ ਨਾਨਕ, 13 ਤੋਂ 15 ਨਵੰਬਰ ਨੂੰ ਪਠਾਨਕੋਟ ਸ਼ਹਿਰ, 17 ਤੋਂ 19 ਪੁੱਡਾ ਮੈਦਾਨ ਗੁਰਦਾਸਪੁਰ, 21 ਤੋਂ 23 ਰੌਸ਼ਨ ਮੈਦਾਨ ਹੁਸ਼ਿਆਰਪੁਰ, 25 ਤੋਂ 27 ਐਸ.ਬੀ.ਐਸ. ਨਗਰ ਸ਼ਹਿਰ, 29 ਨਵੰਬਰ ਤੋਂ 1 ਦਸੰਬਰ ਨੂੰ ਨਹਿਰੂ ਸਟੇਡੀਅਮ ਰੋਪੜ, 3 ਤੋਂ 5 ਦਸੰਬਰ ਨੂੰ ਚੰਡੀਗੜ੍ਹ, 7 ਤੋਂ 9 ਦਸੰਬਰ ਫਤਹਿਗੜ੍ਹ ਸਾਹਿਬ, 11 ਤੋਂ 13 ਪਟਿਆਲਾ, 15 ਤੋਂ 17 ਸੰਗਰੂਰ, 19 ਤੋਂ 21 ਦਸੰਬਰ ਬਰਨਾਲਾ, 23 ਤੋਂ 25 ਦਸੰਬਰ ਮਾਨਸਾ, 15 ਤੋਂ 17 ਜਨਵਰੀ 2020 ਨੂੰ ਬਠਿੰਡਾ, 19 ਤੋਂ 21 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ, 23 ਤੋਂ 25 ਫਾਜ਼ਿਲਕਾ, 27 ਤੋਂ 29 ਫਰੀਦਕੋਟ, 31 ਜਨਵਰੀ ਤੋਂ 2 ਫਰਵਰੀ ਨੂੰ ਫਿਰੋਜ਼ਪੁਰ, 4 ਤੋਂ 6 ਫਰਵਰੀ ਨੂੰ ਤਰਨ ਤਾਰਨ ਅਤੇ 8 ਤੋਂ 10 ਫਰਵਰੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਾਈਟ ਐਂਡ ਸਾਊਂਡ ਸ਼ੋਅ ਅਤੇ ਡਿਜੀਟਲ ਮਿਊਜ਼ੀਅਮ ਲਗਾਏ ਜਾਣਗੇ। ਆਪਣੀ ਕਿਸਮ ਦੇ ਪਹਿਲੇ 'ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ' ਲੋਕਾਂ ਲਈ ਖਿੱਚ ਦਾ ਕੇਂਦਰ ਬਣਨਗੇ, ਜੋ ਚੰਡੀਗੜ੍ਹ ਦੀ ਸੁਖਨਾ ਝੀਲ ਤੇ ਪੰਜਾਬ ਦੇ 10 ਜ਼ਿਲ੍ਹਿਆਂ ਵਿੱਚੋਂ ਲੰਘਦੇ ਬਿਆਸ ਤੇ ਸਤਲੁਜ ਦਰਿਆਵਾਂ 'ਚ ਕਰਵਾਏ ਜਾਣਗੇ।

## ਜਹਾਜ ਹਾਦਸੇ 'ਚ ਟਰੇਨੀ ਪਾਇਲਟ ਸਣੇ ਦੋ ਹਲਾਕ

**ਹੈਦਰਾਬਾਦ:** ਇਥੇ ਵਿਕਾਰਾਬਾਦ ਜ਼ਿਲ੍ਹੇ ਵਿਚ ਵਾਪਰੇ ਜਹਾਜ਼ ਹਾਦਸੇ ਵਿਚ ਚੰਡੀਗੜ੍ਹ ਦੀ ਟਰੇਨੀ ਪਾਇਲਟ ਅਮਨਪ੍ਰੀਤ ਕੌਰ ਸਿੱਧੂ ਅਤੇ ਪਟਨਾ ਦੇ ਇੰਸਟਰਕਟਰ ਪ੍ਰਕਾਸ਼ ਵਿਸ਼ਾਲ ਦੀ ਮੌਤ ਹੋ ਗਈ। ਘਟਨਾ ਜ਼ਿਲ੍ਹੇ ਦੇ ਬੰਟਵਾਰਮ ਮੰਡਲ 'ਚ ਵਾਪਰੀ। ਉਸ ਸਮੇਂ ਭਾਰੀ ਮੀਂਹ ਪੈ ਰਿਹਾ ਸੀ।

# ਐਨ.ਆਰ.ਆਈ. ਵਿਆਹ ਰਜਿਸਟਰੇਸ਼ਨ ਬਿੱਲ ਸੰਸਦੀ ਕਮੇਟੀ ਹਵਾਲੇ

**ਨਵੀਂ ਦਿੱਲੀ:** ਐਨ.ਆਰ.ਆਈ. ਵਿਆਹ ਰਜਿਸਟਰੇਸ਼ਨ ਬਿੱਲ ਨੂੰ ਘੋਖ-ਪੜਤਾਲ ਲਈ ਵਿਦੇਸ਼ ਮਾਮਲਿਆਂ ਬਾਰੇ ਸੰਸਦ ਦੀ ਸਟੈਂਡਿੰਗ ਕਮੇਟੀ ਹਵਾਲੇ ਕਰ ਦਿੱਤਾ ਗਿਆ ਹੈ। ਕਮੇਟੀ ਨੂੰ ਦੋ ਮਹੀਨਿਆਂ ਅੰਦਰ ਰਿਪੋਰਟ ਸੌਂਪਣ ਲਈ ਆਖਿਆ ਗਿਆ ਹੈ। ਬਿੱਲ ਤਹਿਤ ਕਿਸੇ ਵੀ ਪਰਵਾਸੀ ਲਾੜੇ ਨੂੰ ਵਿਆਹ ਕਰਵਾਉਣ ਦੇ ਤੀਹ ਦਿਨਾਂ ਅੰਦਰ ਵਿਆਹ ਦੀ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਹੈ।

'ਰਜਿਸਟਰੇਸ਼ਨ ਆਫ ਮੈਰਿਜ ਆਫ ਨਾਨ-ਰੈਜ਼ੀਡੈਂਟ ਇੰਡੀਅਨ ਬਿੱਲ 2019' ਪਾਸਪੋਰਟ ਅਥਾਰਿਟੀਜ਼ ਨੂੰ ਉਨ੍ਹਾਂ ਪਰਵਾਸੀ ਭਾਰਤੀਆਂ ਦਾ ਪਾਸਪੋਰਟ ਜਾਂ ਹੋਰ ਯਾਤਰਾ ਦਸਤਾਵੇਜ਼ ਜ਼ਬਤ ਕਰਨ ਜਾਂ ਰੱਦ ਕਰਨ ਦਾ ਅਖਤਿਆਰ ਦਿੰਦਾ ਹੈ, ਜੋ ਮਿੱਥੀ ਮਿਆਦ ਅੰਦਰ ਵਿਆਹ ਦਾ ਪੰਜੀਕਰਨ ਕਰਵਾਉਣ ਵਿਚ ਨਾਕਾਮ ਰਹਿੰਦੇ ਹਨ। ਲੋਕ ਸਭਾ ਸਕੱਤਰੇਤ ਨੇ ਇਕ ਬਿਆਨ ਵਿਚ ਕਿਹਾ, 'ਲੋਕ ਸਭਾ ਸਪੀਕਰ ਨੇ ਰਾਜ ਸਭਾ ਚੇਅਰਮੈਨ ਨਾਲ ਸਲਾਹ ਮਸ਼ਵਰੇ ਮਗਰੋਂ ਪਰਵਾਸੀ ਭਾਰਤੀਆਂ ਦੇ ਵਿਆਹ ਰਜਿਸਟਰੇਸ਼ਨ ਨਾਲ ਸਬੰਧਤ ਬਿੱਲ ਵਿਦੇਸ਼ ਮਾਮਲਿਆਂ ਬਾਰੇ ਸਟੈਂਡਿੰਗ ਕਮੇਟੀ ਹਵਾਲੇ ਕਰਦਿਆਂ ਦੋ ਮਹੀਨਿਆਂ ਅੰਦਰ ਰਿਪੋਰਟ ਦੇਣ ਲਈ ਆਖ ਦਿੱਤਾ ਹੈ।'

ਪਰਵਾਸੀ ਭਾਰਤੀਆਂ ਵੱਲੋਂ ਭਾਰਤੀ ਔਰਤਾਂ ਨਾਲ ਵਿਆਹ ਕਰਵਾਉਣ ਮਗਰੋਂ ਧੋਖਾਧੜੀ ਦੇ ਵਧਦੇ ਕੇਸਾਂ ਕਰ ਕੇ ਇਸ ਸਾਲ ਫਰਵਰੀ ਵਿਚ ਰਾਜ ਸਭਾ ਵਿਚ ਬਿੱਲ ਪੇਸ਼ ਕੀਤਾ ਗਿਆ ਸੀ। ਬਿੱਲ ਤਹਿਤ ਪਰਵਾਸੀ ਭਾਰਤੀਆਂ ਲਈ ਵਿਆਹ ਕਰਵਾਉਣ ਦੇ ਇਕ ਮਹੀਨੇ ਅੰਦਰ ਵਿਆਹ ਦੀ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਹੈ। ਇਸ ਦੌਰਾਨ ਦੋ ਹੋਰਨਾਂ ਬਿਲਾਂ ਸਿਨੇਮਾਟੋਗ੍ਰਾਫ (ਸੋਧ) ਬਿੱਲ ਅਤੇ ਨੈਸ਼ਨਲ ਇੰਸਟੀਚਿਊਟ ਆਫ ਫੂਡ ਟੈਕਨਾਲੋਜੀ, ਐਂਟਰਪ੍ਰਿਓਨੋਰਸ਼ਿਪ ਤੇ ਮੈਨੇਜਮੈਂਟ ਬਿੱਲ ਨੂੰ ਕ੍ਰਮਵਾਰ ਸੂਚਨਾ ਤਕਨਾਲੋਜੀ ਤੇ ਖੇਤੀ ਨਾਲ ਸਬੰਧਤ ਕਮੇਟੀਆਂ ਨੂੰ ਸੌਂਪ ਦਿੱਤਾ ਗਿਆ ਹੈ।

# ਕੈਨੇਡਾ 'ਚ ਤਿੰਨ ਵਿਦਿਆਰਥੀ ਸੜਕ ਹਾਦਸੇ ਵਿਚ ਹਲਾਕ

**ਜਲੰਧਰ:** ਕੈਨੇਡਾ ਵਿਚ ਪੜ੍ਹਾਈ ਕਰਨ ਗਏ ਤਿੰਨ ਵਿਦਿਆਰਥੀਆਂ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਜਿਨ੍ਹਾਂ ਵਿਚ ਇਕ ਲੜਕੀ ਵੀ ਸ਼ਾਮਲ ਹੈ। ਤਿੰਨ ਵਿਦਿਆਰਥੀਆਂ ਵਿਚੋਂ ਦੋ ਲੜਕੇ ਜਲੰਧਰ ਤੇ ਇਕ ਲੜਕੀ ਗੁਰਦਾਸਪੁਰ ਜ਼ਿਲ੍ਹੇ ਦੀ ਰਹਿਣ ਵਾਲੀ ਸੀ। ਤਨਵੀਰ ਸਿੰਘ ਜਲੰਧਰ ਸ਼ਹਿਰ ਦੇ ਮਾਡਲ ਹਾਊਸ ਦਾ ਰਹਿਣ ਵਾਲਾ ਸੀ ਜਦ ਕਿ ਗੁਰਵਿੰਦਰ ਸਿੰਘ ਜਲੰਧਰ ਨੇੜਲੇ ਪਿੰਡ ਫੋਲੜੀਵਾਲ ਦਾ ਅਤੇ ਹਰਪ੍ਰੀਤ ਕੌਰ ਗੁਰਦਾਸਪੁਰ ਦੇ ਪਿੰਡ ਧਮਰਾਏ ਦੀ ਸੀ।

ਇਹ ਤਿੰਨੇ ਵਿਦਿਆਰਥੀ ਅਪਰੈਲ ਵਿਚ ਕੈਨੇਡਾ ਸਟੱਡੀ ਵੀਜ਼ੇ 'ਤੇ ਗਏ ਸਨ ਤੇ ਉਥੇ ਸੇਂਟ ਕਲੇਅਰ ਕਾਲਜ ਵਿੰਡਸਰ ਵਿਚ ਇਕੋ ਹੀ ਕਲਾਸ ਵਿਚ ਪੜ੍ਹਦੇ ਸਨ। ਤਿੰਨਾਂ ਵਿਦਿਆਰਥੀਆਂ ਦੇ ਮਾਪਿਆਂ ਨੇ ਦੁਖੀ ਹਿਰਦੇ ਨਾਲ ਦੱਸਿਆ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਕਰਜ਼ੇ ਚੁੱਕ ਕੇ ਅਤੇ ਜ਼ਮੀਨਾਂ ਵੇਚ ਕੇ ਵਿਦੇਸ਼ ਭੇਜਿਆ ਸੀ। ਇਸ ਹਾਦਸੇ ਨਾਲ ਉਨ੍ਹਾਂ ਦੀ ਦੁਨੀਆਂ ਹੀ ਉਜੜ ਗਈ ਹੈ। ਤਨਵੀਰ ਦੇ ਪਿਤਾ ਭੁਪਿੰਦਰ ਸਿੰਘ ਲਾਲੀ ਨੇ ਦੱਸਿਆ ਕਿ ਤਨਵੀਰ ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰ ਰਿਹਾ ਸੀ। ਉਹ 15 ਜੂਨ ਨੂੰ 18 ਸਾਲਾਂ ਦਾ ਹੋਇਆ ਸੀ। ਉਸ ਨੇ ਤਨਵੀਰ ਨੂੰ ਕੈਨੇਡਾ ਭੇਜਣ ਲਈ 15 ਲੱਖ ਦਾ ਕਰਜ਼ਾ ਚੁੱਕਿਆ ਸੀ। ਤਨਵੀਰ ਕੈਨੇਡਾ ਵਿਚ ਪੜ੍ਹਾਈ ਦੇ ਨਾਲ-ਨਾਲ ਪਾਰਟ ਟਾਈਮ ਕੰਮ ਵੀ ਕਰਦਾ ਸੀ।

ਇਹ ਹਾਦਸਾ ਰਾਤ ਨੂੰ ਡੇਢ ਵਜੇ ਦੇ ਕਰੀਬ ਹੋਇਆ ਸੀ ਜਦੋਂ ਉਹ ਕੰਮ ਤੋਂ ਵਾਪਸ ਆ ਰਹੇ ਸਨ ਤੇ ਅਗਲੇ ਦਿਨ ਉਸ ਨੇ ਆਪਣੀ ਕਲਾਸ ਲਗਾਉਣੀ ਸੀ।

ਫੋਲੜੀਵਾਲ ਦੇ ਰਹਿਣ ਵਾਲੇ 19 ਸਾਲਾ ਗੁਰਵਿੰਦਰ ਸਿੰਘ ਦੀ ਮੌਤ ਵੀ ਇਸ ਸੜਕ ਹਾਦਸੇ ਵਿਚ ਹੋ ਗਈ। ਉਸ ਦੇ ਪਿਤਾ ਜੋਗਾ ਸਿੰਘ ਨੇ ਦੱਸਿਆ ਕਿ ਉਹ ਤਾਂ ਬਹੁਤ ਛੋਟੇ ਕਿਸਾਨ ਹਨ। ਉਨ੍ਹਾਂ ਕੋਲ ਦੋ ਏਕੜ ਜ਼ਮੀਨ ਹੀ ਹੈ।

## ਤਿੰਨ ਵਿਗਿਆਨੀਆਂ ਨੂੰ ਮਿਲਿਆ ਮੈਡੀਸਨ ਦਾ ਨੋਬੇਲ

**ਸਟਾਕਹੋਮ:** ਅਮਰੀਕਾ ਦੇ ਵਿਗਿਆਨੀਆਂ ਵਿਲੀਅਮ ਕਾਲਿਨ ਤੇ ਗ੍ਰੇਗ ਸੇਮੇਂਜ਼ਾ ਅਤੇ ਬ੍ਰਿਟੇਨ ਦੇ ਪੀਟਰ ਰੈਟਕਲਿਫ ਨੇ ਸਾਂਝੇ ਤੌਰ ਉਤੇ ਮੈਡੀਸਨ ਦਾ ਨੋਬੇਲ ਪੁਰਸਕਾਰ ਜਿੱਤਿਆ ਹੈ। ਨੋਬੇਲ ਅਸੈਂਬਲੀ ਨੇ ਕਿਹਾ ਕਿ ਇਨ੍ਹਾਂ ਖੋਜਕਾਰਾਂ ਨੂੰ ਮੈਡੀਕਲ ਖੇਤਰ 'ਚ ਅਹਿਮ ਖੋਜਾਂ ਲਈ ਪੁਰਸਕਾਰ ਵਾਸਤੇ ਚੁਣਿਆ ਗਿਆ ਹੈ।

ਜਿਊਰੀ ਨੇ ਕਿਹਾ, "ਖੋਜਕਾਰਾਂ ਨੇ ਦੱਸਿਆ ਕਿ ਕਿਵੇਂ ਆਕਸੀਜਨ ਦਾ ਪੱਧਰ ਵਿਅਕਤੀ ਦੇ ਸੈਲੂਲਰ ਮੈਟਾਬੋਲਿਜ਼ਮ ਅਤੇ ਸਰੀਰਕ ਕਾਰਜ ਪ੍ਰਣਾਲੀ 'ਤੇ ਅਸਰ ਪਾਉਂਦੇ ਹਨ।" ਉਨ੍ਹਾਂ ਕਿਹਾ ਕਿ ਇਸ ਖੋਜ ਨੇ ਅਨੀਮੀਆ, ਕੈਂਸਰ ਅਤੇ ਹੋਰ ਕਈ ਬਿਮਾਰੀਆਂ ਨਾਲ ਲੜਨ ਦੀਆਂ ਨਵੀਆਂ ਰਣਨੀਤੀਆਂ ਦਾ ਰਾਹ ਪੱਧਰਾ ਕੀਤਾ ਹੈ। ਕਾਲਿਨ ਅਮਰੀਕਾ ਦੇ ਹਾਵਰਡ ਹਿਊਜਿਸ ਮੈਡੀਕਲ ਇੰਸਟੀਚਿਊਟ 'ਚ ਕੰਮ ਕਰਦੇ ਹਨ ਜਦਕਿ ਸੇਮੇਂਜ਼ਾ ਜੌਹਨ ਹੌਪਕਿਨਜ਼ ਇੰਸਟੀਚਿਊਟ ਫਾਰ ਸੈੱਲ ਇੰਜੀਨੀਅਰਿੰਗ 'ਚ ਵੈਸਕੂਲਰ ਰਿਸਰਚ ਪ੍ਰੋਗਰਾਮ ਦਾ ਡਾਇਰੈਕਟਰ ਹੈ। ਰੈਟਕਲਿਫ ਲੰਡਨ ਦੇ ਫਰਾਂਸਿਸ ਕ੍ਰਿਕ ਇੰਸਟੀਚਿਊਟ 'ਚ ਕਲੀਨਿਕਲ ਰਿਸਰਚ ਦੇ ਡਾਇਰੈਕਟਰ ਹਨ। ਉਨ੍ਹਾਂ ਨੂੰ 10 ਦਸੰਬਰ ਨੂੰ ਰਸਮੀ ਸਮਾਗਮ ਦੌਰਾਨ ਰਾਜਾ ਕਾਰਲ 16ਵੇਂ ਗੁਸਤਾਫ ਤੋਂ ਇਹ ਪੁਰਸਕਾਰ ਮਿਲੇਗਾ।

# ਬਰਤਾਨਵੀ ਸਿੱਖ ਆਗੂ ਨੇ ਬੀ.ਬੀ.ਸੀ. ਦੇ ਸ਼ੋਅ ਨਾਲੋਂ ਨਾਤਾ ਤੋੜਿਆ

**ਲੰਡਨ:** ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਹਾਊਸ ਆਫ ਲਾਰਡਜ਼ ਵਿਚ ਅਹਿਮ ਸਿੱਖ ਆਗੂ ਲਾਰਡ ਇੰਦਰਜੀਤ ਸਿੰਘ ਨੇ ਬੀ.ਬੀ.ਸੀ. ਰੇਡੀਓ ਦੇ ਪ੍ਰੋਗਰਾਮ ਅੱਜ ਦਾ ਵਿਚਾਰ 'ਥੌਟ ਫਾਰ ਦਾ ਡੇਅ' ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਸਿੱਖ ਧਰਮ ਦੀਆਂ ਸਿੱਖਿਆਵਾਂ ਉਤੇ ਬਰਾਡਕਾਸਟਰ ਵਲੋਂ ਸੈਂਸਰਸ਼ਿਪ ਲਾਉਣ ਤੋਂ ਦੁਖੀ ਹੋ ਕੇ ਅਸਤੀਫਾ ਦਿੱਤਾ ਹੈ।

ਬਰਾਡਕਾਸਟਰ ਨੂੰ ਡਰ ਸੀ ਕਿ ਇਨ੍ਹਾਂ ਸਿੱਖਿਆਵਾਂ ਕਾਰਨ ਮੁਸਲਿਮ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ। ਲਾਰਡ ਇੰਦਰਜੀਤ ਸਿੰਘ ਨੈੱਟਵਰਕ ਆਫ ਸਿੱਖ ਆਰਗੇਨਾਈਜੇਸ਼ਨ (ਐਨ.ਐਸ.ਓ.) ਦੇ ਡਾਇਰੈਕਟਰ ਹਨ ਅਤੇ ਬੀ.ਬੀ.ਸੀ. ਉਤੇ ਨਿਰੰਤਰ ਰੇਡੀਓ ਸ਼ੋਅ ਚਲਾ ਰਹੇ ਹਨ ਅਤੇ ਇਹ ਪ੍ਰੋਗਰਾਮ ਸਿੱਖ ਭਾਈਚਾਰੇ ਦੀਆਂ ਸਰਗਰਮੀਆਂ ਨੂੰ ਸਮਰਪਿਤ ਹੁੰਦਾ ਹੈ। ਲਾਰਡ ਇੰਦਰਜੀਤ ਸਿੰਘ (87) ਨੇ ਬੀ.ਬੀ.ਸੀ. ਉਤੇ ਪੱਖਪਾਤ ਕਰਨ ਤੇ ਅਸਹਿਣਸ਼ੀਲਤਾ ਦਾ ਦੋਸ਼ ਲਾਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਰਾਡਕਾਸਟਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਬੰਧੀ ਸਕਰਿਪਟ ਨਾਲ 'ਇਸਲਾਮੋਫੋਬੀਆ' ਕਾਰਨ ਇਨਸਾਫ ਨਹੀਂ ਕਰ ਸਕਿਆ ਜਦੋਂ ਕਿ ਸਕਰਿਪਟ ਵਿਚ ਇਸਲਾਮ ਖਿਲਾਫ ਕੁਝ ਵੀ ਨਹੀਂ ਹੈ।



ਉਨ੍ਹਾਂ ਕਿਹਾ ਕਿ ਬੀ.ਬੀ.ਸੀ. ਵਲੋਂ ਸਿੱਖ ਧਰਮ ਦੀਆਂ ਸਹਿਣਸ਼ੀਲਤਾ, ਧਾਰਮਿਕ ਆਜ਼ਾਦੀ ਆਦਿ ਸਿਖਿਆਵਾਂ ਉਤੇ ਧਾਰੀ ਚੁੱਪ ਨੂੰ ਉਹ ਹੋਰ ਸਹਿਣ ਨਹੀਂ ਕਰ ਸਕਦੇ, ਜਿਸ ਦੀ ਕਿ ਸਾਡੇ ਸਮਾਜ ਨੂੰ ਲੋੜ ਹੈ। ਜ਼ਿਕਰਯੋਗ ਹੈ ਕਿ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਸਕਰਿਪਟ ਨੂੰ ਪਹਿਲਾਂ ਪ੍ਰੋਡਿਊਸਰ ਨੇ ਸਵੀਕਾਰ ਕਰ ਲਿਆ ਸੀ ਪਰ ਸੀਨੀਅਰ ਪ੍ਰੋਡਿਊਸਰ ਨੇ ਇਸ ਕਾਰਨ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਣ ਦੇ ਖਦਸ਼ੇ ਕਾਰਨ ਬਿਨਾ ਸਲਾਹ ਮਸ਼ਵਰਾ ਕਰੇ ਪ੍ਰਸਾਰਨ ਕਰਨ ਤੋਂ ਰੋਕ ਦਿੱਤਾ ਸੀ। ਦੂਜੇ ਪਾਸੇ ਬੀ.ਬੀ.ਸੀ. ਦੇ ਤਰਜਮਾਨ ਨੇ ਲਾਰਡ ਸਿੰਘ ਦੀ ਦੇਣ ਨੂੰ ਅਹਿਮ ਕਰਾਰ ਦਿੱਤਾ ਹੈ ਪਰ ਉਨ੍ਹਾਂ ਵੱਲੋਂ ਲਾਏ ਦੋਸ਼ਾਂ ਨਾਲ ਅਸਹਿਮਤੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਉਦੇਸ਼ ਸਾਰੇ ਧਾਰਮਾਂ ਦਾ ਸਤਿਕਾਰ ਕਰਨਾ ਹੈ। ਉਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਪੱਤਰਕਾਰ ਲਾਰਡ ਇੰਦਰਜੀਤ ਸਿੰਘ ਦਾ ਨਿਰਾਦਰ ਕਰਨ ਲਈ ਬੀ.ਬੀ.ਸੀ. ਚੈਨਲ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਪੱਤਰਕਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਉਤੇ ਇਕ ਪ੍ਰੋਗਰਾਮ ਪੇਸ਼ ਕਰਨ ਤੋਂ ਰੋਕ ਕੇ ਚੈਨਲ ਨੇ ਪੂਰੀ ਦੁਨੀਆਂ 'ਚ ਰਹਿੰਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ। ਸਿਰਸਾ ਨੇ ਕਿਹਾ ਕਿ ਇੰਦਰਜੀਤ ਸਿੰਘ ਨੂੰ ਪ੍ਰੋਗਰਾਮ ਪੇਸ਼ ਕਰਨ ਤੋਂ ਰੋਕ ਕੇ ਬੀ.ਬੀ.ਸੀ. ਨਾ ਇਤਿਹਾਸ ਬਦਲ ਸਕਦਾ ਹੈ ਤੇ ਨਾ ਹੀ ਸੱਚਾਈ।

## ਹੁਣ ਸਿਹਤ ਬੀਮੇ ਤੋਂ ਬਿਨਾ ਨਹੀਂ ਮਿਲੇਗਾ ਅਮਰੀਕਾ ਦਾ ਵੀਜ਼ਾ

**ਵਾਸ਼ਿੰਗਟਨ:** ਅਮਰੀਕਾ ਨੇ ਪਰਵਾਸੀਆਂ ਦੇ ਦਾਖਲੇ ਸਬੰਧੀ ਅਹਿਮ ਫੈਸਲਾ ਕੀਤਾ ਹੈ ਕਿ ਹੁਣ ਸਿਹਤ ਬੀਮੇ ਦੇ ਬਗੈਰ ਵੀਜ਼ਾ ਨਹੀਂ ਮਿਲੇਗਾ। ਅਮਰੀਕਾ ਸਿਹਤ ਬੀਮਾ ਰਹਿਤ ਅਤੇ ਮੈਡੀਕਲ ਬਿੱਲਾਂ ਦੇ ਭੁਗਤਾਨ 'ਚ ਅਸਮਰਥ ਪਰਵਾਸੀਆਂ ਦੇ ਦਾਖਲੇ 'ਤੇ ਰੋਕ ਲਗਾਏਗਾ। ਰਾਸ਼ਟਰਪਤੀ ਟਰੰਪ ਨੇ ਇਸ ਸਬੰਧੀ ਐਲਾਨ ਕੀਤਾ ਹੈ।

ਇਹ ਹੁਕਮ ਤਿੰਨ ਨਵੰਬਰ ਤੋਂ ਲਾਗੂ ਹੋਵੇਗਾ। ਟਰੰਪ ਦੇ ਐਲਾਨ ਅਨੁਸਾਰ ਕੌਂਸਲ ਅਧਿਕਾਰੀਆਂ ਨੂੰ ਸਿਰਫ ਉਨ੍ਹਾਂ ਸੰਭਾਵਿਤ ਪਰਵਾਸੀਆਂ ਨੂੰ ਵੀਜ਼ਾ ਜਾਰੀ ਕਰਨ ਦੀ ਆਗਿਆ ਦਿੱਤੀ ਜਾਵੇਗੀ ਜੋ ਇਹ ਸਾਬਤ ਕਰ ਸਕਦੇ ਹਨ ਕਿ ਉਹ ਅਮਰੀਕੀ ਸਿਹਤ ਦੇਖਭਾਲ ਪ੍ਰਣਾਲੀ 'ਤੇ ਬੋਝ ਨਹੀਂ ਪਾਉਣਗੇ। ਐਲਾਨ ਮੁਤਾਬਕ ਇਸ ਦੇਸ਼ 'ਚ ਦਾਖਲ ਹੋਣ ਵਾਲੇ ਪਰਵਾਸੀਆਂ ਨੂੰ ਸਾਡੀ ਸਿਹਤ ਦੇਖਭਾਲ ਪ੍ਰਣਾਲੀ 'ਤੇ ਹੋਰ ਜ਼ਿਆਦਾ ਬੋਝ ਨਹੀਂ ਪਾਉਣਾ ਚਾਹੀਦਾ ਤੇ ਅਮਰੀਕੀ ਕਰਦਾਤਾਵਾਂ ਨੂੰ ਹੋਰ ਵੱਧ ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਅਗਵਾ ਹੋਏ ਭਾਰਤੀ ਕਰੋੜਪਤੀ ਦੀ ਲਾਸ਼ ਪ੍ਰੇਮਿਕਾ ਦੀ ਗੱਡੀ 'ਚੋਂ ਮਿਲੀ

**ਸੈਂਟਾ ਕਰੂਜ਼, ਕੈਲੀਫੋਰਨੀਆ (ਬਿਊਰੋ):** ਇਥੇ ਭਾਰਤੀ ਮੂਲ ਦੇ ਇਕ ਕਰੋੜਪਤੀ ਦੀ ਰਹੱਸਮਈ ਮੌਤ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਪਿਛਲੇ ਮੰਗਲਵਾਰ ਨੂੰ ਇਥੇ ਉਨ੍ਹਾਂ ਦੇ ਘਰ ਤੋਂ ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ ਸੀ। ਕੁਝ ਘੰਟਿਆਂ ਬਾਅਦ ਉਨ੍ਹਾਂ ਦੀ ਲਾਸ਼ ਇਕ ਬੀ. ਐਮ. ਡਬਲਯੂ. ਕਾਰ 'ਚੋਂ ਮਿਲੀ। ਕਰੀਬ 50 ਸਾਲਾ ਤੁਸ਼ਾਰ ਅਤਰੇ ਸਿਲੀਕਾਨ ਵੈਲੀ 'ਚ ਕਾਰਪੋਰੇਟ ਬਿਜਨੈਸ ਸੰਭਾਲਣ ਵਾਲੀ ਅਤਰੇਨੈਟ ਦੇ ਮਾਲਕ ਸਨ। ਉਨ੍ਹਾਂ ਨੂੰ ਆਖਰੀ ਵਾਰ ਚਿੱਟੀ ਬੀ. ਐਮ. ਡਬਲਯੂ. 'ਚ ਦੇਖਿਆ ਗਿਆ।



ਸੈਂਟਾ ਕਰੂਜ਼ ਕਾਊਂਟੀ ਸ਼ੈਰਿਫ ਮੁਤਾਬਕ ਅਤਰੇ ਦੇ ਘਰ ਤੋਂ ਕਿਸੇ ਦੇ ਫੋਨ ਕਰਨ 'ਤੇ ਉਨ੍ਹਾਂ ਨੂੰ ਘਟਨਾ ਦੀ ਜਾਣਕਾਰੀ ਮਿਲੀ। ਉਸੇ ਨੇ ਉਨ੍ਹਾਂ ਦੇ ਅਗਵਾ ਹੋਣ ਦੀ ਖਬਰ ਦਿੱਤੀ। ਇਸ ਪਿਛੋਂ ਦੁਪਹਿਰ ਨੂੰ ਤੁਸ਼ਾਰ ਦੀ ਲਾਸ਼ ਬੀ. ਐਮ. ਡਬਲਯੂ. ਕਾਰ 'ਚ ਪਾਈ ਗਈ। ਫੇਸਬੁੱਕ 'ਤੇ ਪੁਲਿਸ ਨੇ ਬਿਆਨ ਜਾਰੀ ਕਰਦਿਆਂ ਆਖਿਆ ਕਿ ਸਾਡੇ ਕੋਲ ਇਕ ਮੰਦਭਾਗੀ ਖਬਰ ਹੈ। ਸਾਨੂੰ ਕਾਰ 'ਚ ਇਕ ਲਾਸ਼ ਮਿਲੀ ਹੈ। ਬਾਅਦ 'ਚ ਇਸ ਦੀ ਪਛਾਣ ਤੁਸ਼ਾਰ ਅਤਰੇ ਵਜੋਂ ਹੋਈ। ਪੁਲਿਸ ਮੁਤਾਬਕ ਇਹ ਮਾਮਲਾ ਡਕੈਤੀ ਨਾਲ ਜੁੜਿਆ ਲੱਗਦਾ ਹੈ। ਪੁਲਿਸ ਨੇ ਆਖਿਆ ਕਿ ਅਸੀਂ ਸਾਰੇ ਪਹਿਲੂਆਂ 'ਤੇ ਗੌਰ ਕਰ ਰਹੇ ਹਾਂ। ਇਸ ਕੇਸ 'ਚ ਸਾਨੂੰ 2 ਸ਼ੱਕੀ ਲੋਕਾਂ ਦੀ ਭਾਲ ਹੈ।

ਪੁਲਿਸ ਨੂੰ ਮਿਲੀ ਜਾਣਕਾਰੀ ਮੁਤਾਬਕ ਜਦ ਕਈ ਸ਼ੱਕੀ ਲੋਕ ਉਨ੍ਹਾਂ ਦੇ ਘਰ ਦਾਖਲ ਹੋਏ, ਤਦ ਤੁਸ਼ਾਰ ਅਤਰੇ ਕਈ ਲੋਕਾਂ ਦੇ ਨਾਲ ਸਨ। ਇਸ ਪਿਛੋਂ ਉਹ ਲੋਕ ਉਨ੍ਹਾਂ ਨੂੰ ਫੜ ਕੇ ਉਨ੍ਹਾਂ ਦੀ ਪ੍ਰੇਮਿਕਾ ਦੀ ਬੀ. ਐਮ. ਡਬਲਯੂ. ਕਾਰ 'ਚ ਕਿਤੇ ਲੈ ਗਏ। ਇਹ ਜਾਣਕਾਰੀ ਉਨ੍ਹਾਂ ਦੇ ਘਰ 'ਚ ਮੌਜੂਦ ਲੋਕਾਂ ਨੇ ਦਿੱਤੀ। ਅਤਰੇ ਮਾਰਕੇਟਿੰਗ ਕੰਪਨੀ ਤੋਂ ਇਲਾਵਾ ਮੈਰੀਜੁਆਨਾ ਦਾ ਕਾਰੋਬਾਰ ਵੀ ਕਰਦੇ ਸਨ। ਇਸ ਸਾਲ ਪਹਿਲਾਂ ਹੀ ਉਨ੍ਹਾਂ ਨੇ ਗਾਂਜੇ ਅਤੇ ਮੈਰੀਜੁਆਨਾ ਦਾ ਕਾਰੋਬਾਰ ਸ਼ੁਰੂ ਕੀਤਾ ਸੀ। ਇਸ ਦੀ ਬਾਕਾਇਦਾ ਮੈਨਿਊਫੈਕਚਰਿੰਗ ਕੰਪਨੀ ਬਣਾਈ ਸੀ। ਇਸ ਇੰਡਸਟਰੀ ਨਾਲ ਜੁੜੇ ਲੋਕਾਂ ਮੁਤਾਬਕ ਤੁਸ਼ਾਰ ਅਤਰੇ ਇਸ ਕਾਰੋਬਾਰ 'ਚ ਨਵੇਂ ਸਨ। ਉਨ੍ਹਾਂ ਨੂੰ ਇਸ ਦੇ ਕਾਇਦੇ ਕਾਨੂੰਨ ਚੰਗੇ ਤਰੀਕੇ ਨਾਲ ਪਤਾ ਨਹੀਂ ਸਨ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਸ 'ਚ ਲੋਕਾਂ ਨੂੰ ਕਿਵੇਂ ਹੈਂਡਲ ਕੀਤਾ ਜਾਂਦਾ ਹੈ। ਚਰਸ ਅਤੇ ਗਾਂਜੇ ਨਾਲ ਜੁੜੇ ਲੋਕਾਂ ਨੂੰ ਜੇ ਆਪਣੇ ਸਹੀ ਸਮੇਂ 'ਤੇ ਪੈਸਾ ਨਹੀਂ ਦਿੱਤਾ ਤਾਂ ਇਸ ਦੇ ਬੁਰੇ ਨਤੀਜੇ ਥੋੜ੍ਹੇ ਦਿਨਾਂ ਬਾਅਦ ਹੀ ਸਾਹਮਣੇ ਆਉਣ ਲੱਗਦੇ ਹਨ।

## ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

**ਸ਼ਿਕਾਗੋ (ਬਿਊਰੋ):** ਦੋਰਾਹਾ ਇਲਾਕੇ ਦੇ ਪਿੰਡ ਰਾਮਪੁਰ ਦੇ ਜੰਮਪਲ ਨੌਜਵਾਨ ਹਰਮਨ ਸਿੰਘ ਮਾਂਗਟ ਦੀ ਇਥੇ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ। ਉਹ ਕਰੀਬ 26 ਸਾਲਾਂ ਦਾ ਸੀ



ਅਤੇ ਟਰੱਕ ਚਲਾਉਂਦਾ ਸੀ।

ਪਿੰਡ ਦੇ ਸਰਪੰਚ ਕੁਲਦੀਪ ਸਿੰਘ ਮਾਂਗਟ ਅਨੁਸਾਰ ਹਰਮਨ ਸਿੰਘ ਮਾਂਗਟ ਸਪੁੱਤਰ ਜਗਤਾਰ ਸਿੰਘ ਮਾਂਗਟ ਕੋਈ 7 ਸਾਲ ਪਹਿਲਾਂ ਅਮਰੀਕਾ ਗਿਆ ਸੀ ਤੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

## ਗਾਂਧੀ ਜੈਅੰਤੀ ਮੌਕੇ 611 ਕੈਦੀ ਰਿਹਾ

**ਨਵੀਂ ਦਿੱਲੀ:** ਮਹਾਤਮਾ ਗਾਂਧੀ ਦੀ 150ਵੀਂ ਜੈਅੰਤੀ ਮੌਕੇ 'ਵਿਸ਼ੇਸ਼ ਮੁਆਫੀ' ਯੋਜਨਾ ਤਹਿਤ ਇਸ ਹਫਤੇ ਦੇਸ਼ ਭਰ ਦੀਆਂ ਜੇਲ੍ਹਾਂ ਵਿਚੋਂ 600 ਕੈਦੀਆਂ ਨੂੰ ਰਿਹਾ ਕੀਤਾ ਗਿਆ ਹੈ। 2 ਅਕਤੂਬਰ ਨੂੰ 611 ਕੈਦੀਆਂ ਦੀ ਰਿਹਾਈ ਦੇ ਨਾਲ ਪਿਛਲੇ ਇਕ ਸਾਲ ਵਿਚ ਰਿਹਾ ਹੋਣ ਵਾਲੇ ਕੈਦੀਆਂ ਦੀ ਕੁੱਲ ਗਿਣਤੀ ਵਧ ਕੇ 2035 ਹੋ ਗਈ ਹੈ। ਉਨ੍ਹਾਂ ਕੈਦੀਆਂ ਨੂੰ ਵਿਸ਼ੇਸ਼ ਮੁਆਫੀ ਯੋਜਨਾ ਤਹਿਤ ਰਿਹਾਅ ਨਹੀਂ ਕੀਤਾ ਗਿਆ, ਜਿਨ੍ਹਾਂ ਨੂੰ ਕਤਲ, ਬਲਾਤਕਾਰ ਜਾਂ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਹੈ।


**SUPER TRAVEL**
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

**ਬਜੁਰਗ ਮਾਤਾ ਦੀ ਸਾਂਭ-ਸੰਭਾਲ ਲਈ ਸੇਵਾਦਾਰ ਦੀ ਫੌਰੀ ਲੋੜ ਹੈ**
ਅਰੋੜਾ, ਇਲੀਨਾਏ ਵਿਚ ਰਹਿੰਦੇ ਪੰਜਾਬੀ ਪਰਿਵਾਰ ਦੀ ਬਜੁਰਗ ਮਾਤਾ ਦੀ ਸਾਂਭ-ਸੰਭਾਲ ਅਤੇ ਘਰ ਦੇ ਕੰਮ-ਕਾਜ ਲਈ ਸੇਵਾਦਾਰ, ਜੋ ਨਾਲ ਰਹਿ ਸਕਦੀ ਹੋਵੇ, ਦੀ ਫੌਰੀ ਲੋੜ ਹੈ। ਵੀਜ਼ੇ ਦੀ ਲੋੜ ਨਹੀਂ।
ਸੰਪਰਕ ਕਰੋ, ਸੁਨੀਤਾ ਚੋਪੜਾ
ਫੋਨ: 773-370-7106

**ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ**
ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਲਖਵੀਰ ਸਿੰਘ ਜੌਹਲ
ਫੋਨ: 317-709-7800
34-

**Matrimonials**

ਲੜਕੀ ਦੀ ਲੋੜ ਹੈ

Wanted suitable girl for US born Jatt Sikh very handsome teetotaler boy, 28 yrs, 6 feet, civil engineer, doing Job. The girl should be of medical line, US citizen. Contact, Ph: 559-517-7044 41-44

Wanted suitable match for Well Established hardworking Ramgarhia Sikh turbaned boy, Delhi born, 31/5'-9". Currently working in a reputed company as a Project Architect. Caste no bar. Ready to settle in US/Canada. Respond with bio-data. Email: jaspreetmaann01@gmail.com 39-42

ਲੜਕੇ ਦੀ ਲੋੜ ਹੈ

Suitable match for a beautiful US born, Hindu Nai, divorced girl, 30 years, 5'-2". Have Masters in English, worked as an English professor, currently doing final year of law. All family well settled in New York. Please contact: 516-590-9117 38-41

ਜੀਵਨ ਸਾਥੀ ਦੀ ਲੋੜ ਹੈ

Seeking bride for 41 yrs, 5'-4", never married, male handsome reddish white Malayalee. Christian with MD degree. Working in hospital administration. The girl should be professional with license in their profession & bachelors, masters or up in nursing, Dr. of pharmacy. MD or other professional. age 23-35. Contact with picture. E-mail: kaithjustin@yahoo.com or Text, What`s app or Phone: 516-376-0631 and 516-209-7186 39-42

ਪੰਜਾਬ ਟਾਈਮਜ਼
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746
punjabtimes1@gmail.com

To Advertise with Punjab Times Call: 847-359-0746

**ਰੈਸਟੋਰੈਂਟ ਸਟਾਫ ਦੀ ਲੋੜ ਹੈ**
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

**Desi Bazar**
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਭਾਸ਼ਾ ਦੀ ਜਿਉਣ ਸ਼ਕਤੀ ਹੀ ਕੌਮ ਅਤੇ ਧਰਮ ਦੀ ਹੋਂਦ

ਦੁਨੀਆਂ ਦੀਆਂ ਭਾਸ਼ਾਵਾਂ ਮਨੁੱਖੀ ਜਨਮ ਕਾਲ ਤੋਂ ਵੱਖ ਵੱਖ ਖਿੱਤਿਆਂ ਵਿਚ ਭੁਗੋਲਿਕ ਹਾਲਤਾਂ ਅਨੁਸਾਰ ਬੋਲੀਆਂ ਜਾਂਦੀਆਂ ਰਹੀਆਂ ਹਨ। ਜਿਉਂ ਇਨਸਾਨ ਨੇ ਜੀਵਨ ਪ੍ਰਵਾਸ, ਵਪਾਰ ਅਤੇ ਸਾਧਨਾਂ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਤਬਦੀਲ ਕੀਤਾ ਤਾਂ ਭਾਸ਼ਾ ਦਾ ਪਸਾਰਾ ਵਧਿਆ। ਇਕ ਭਾਸ਼ਾਈ ਸਾਂਝ ਪੈਦਾ ਹੋਣ ਲੱਗੀ। ਜਦੋਂ ਵੀ ਕਿਸੇ ਨਾਲ ਸਬੰਧ ਜਾਂ ਨੇੜਤਾ ਹੁੰਦੀ ਹੈ ਤਾਂ ਭਾਸ਼ਾ ਹੀ ਗੱਲਬਾਤ ਦਾ ਆਧਾਰ ਬਣਦੀ ਹੈ। ਹੌਲੀ ਹੌਲੀ ਕਬੀਲਿਆਂ ਵਿਚ ਵੰਡਿਆ ਮਨੁੱਖ ਆਪਣੀਆਂ ਸਰਹੱਦਾਂ



**ਦਲਵਿੰਦਰ ਸਿੰਘ ਘੁੰਮਣ**
ਫੋਨ: +33630073111

ਬੰਨਣ ਲੱਗਾ, ਜਿਸ ਵਿਚ ਧਰਮਾਂ, ਨਸਲਾਂ, ਬੋਲੀਆਂ, ਜਾਤਾਂ ਦੀ ਪੈਦਾਇਸ਼ ਹੋਈ। ਮਨੁੱਖ ਜਿਥੇ ਵੀ ਗਿਆ, ਉਥੇ ਹੀ ਇਸ ਸਭ ਦੇ ਪਸਾਰ ਲਈ ਯਤਨਸ਼ੀਲ ਰਿਹਾ। ਭਾਵੇਂ ਉਸ ਨੂੰ ਲੜਾਈਆਂ ਵੀ ਲੜਨੀਆਂ ਪਈਆਂ। ਭਾਵ ਭਾਸ਼ਾ ਦਾ ਮਰਨਾ, ਕੌਮ, ਧਰਮ ਦੇ ਮਰਨ ਤੁੱਲ ਹੈ।

ਅੱਜ ਦਾ ਭਾਰਤ ਬਹੁਭਾਂਤੀ, ਬਹੁਭਾਸ਼ੀ, ਬਹੁਧਰਮੀ, ਬਹੁਕੌਮੀ, ਬਹੁਨਸਲੀ, ਬਹੁਖੇਤਰੀ ਹੈ, ਜਿਸ ਵਿਚ ਸੰਵਿਧਾਨਕ ਹੱਕਾਂ ਨਾਲ ਬਰਾਬਰੀ ਦੀ ਗੱਲ ਕਹੀ ਗਈ ਹੈ। ਬਹੁਤੀਆਂ ਕੌਮਾਂ ਦੇ ਧਰਮ ਅਤੇ ਬੋਲੀ ਦੇ ਆਧਾਰ ਹੀ ਵੰਡ ਦੇ ਕਾਰਨ ਹਨ। ਭਾਰਤੀ ਸੰਵਿਧਾਨ ਵਿਚ 22 ਭਾਸ਼ਾਵਾਂ ਨੂੰ ਲਿਆ ਗਿਆ ਹੈ ਜਾਂ ਕਿਹਾ ਜਾਵੇ ਕਿ 22 ਰਾਸ਼ਟਰਾਂ ਨੂੰ ਬੋਲੀ ਦਾ ਆਧਾਰ ਮੰਨਿਆ ਗਿਆ ਹੈ, ਜਿਸ ਕਰਕੇ ਪਾਰਲੀਮੈਂਟ (ਲੋਕ ਸਭਾ ਅਤੇ ਰਾਜ ਸਭਾ) ਵੀ ਬਹੁਭਾਸ਼ਾਈ ਹੈ। ਪੰਜਾਬੀ ਭਾਸ਼ਾ ਦੀ ਜਿਉਣ ਸ਼ਕਤੀ ਗੁਰੂਆਂ, ਪੀਰਾਂ, ਸੰਤਾਂ, ਮਸੀਹਾਂ, ਪੈਗੰਬਰਾਂ, ਰਹਿਬਰਾਂ ਦੀ ਭਗਤੀ ਦੀ ਸ਼ਕਤੀ ਨਾਲ ਹੀ ਟਿਕਾਉ ਵਿਚ ਹੈ, ਨਹੀਂ ਤਾਂ ਜਦੋਂ ਜਦੋਂ ਵੀ ਸ਼ਾਸਕ ਬਦਲੇ, ਸਹਿਜੇ ਹੀ ਭਾਸ਼ਾ ਦਾ ਆਧਾਰ ਖਤਮ ਹੋ ਸਕਦਾ ਸੀ।

ਪੰਜਾਬੀ, ਗੁਰਮੁਖੀ ਭਾਸ਼ਾ ਸਿੱਖ ਧਰਮ ਦੇ ਜਨਮ ਨਾਲ ਮੰਨੀ ਗਈ ਹੈ। ਭਾਵੇਂ ਇਸ ਦੇ ਹੋਰ ਪਹਿਲਾਂ ਨੌਵੀਂ ਅਤੇ ਬਾਰਵੀਂ ਸਦੀ ਤੋਂ ਸ਼ੁਰੂ ਹੋਣ ਦੇ ਸਬੂਤ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸ਼ੁਰੂਆਤੀ ਸਫਰ ਨਾਲ ਹੀ ਗੁਰਮੁਖੀ ਭਾਸ਼ਾ ਪ੍ਰਫੁਲਿਤ ਹੋਣੀ ਸ਼ੁਰੂ ਹੋਈ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਨੂੰ ਸੋਧ ਕੇ ਪੈਂਤੀ ਅੱਖਰੀ ਬਣਾਇਆ। ਪੰਜਾਬੀ ਭਾਸ਼ਾ ਨੂੰ ਬੋਲਣ ਵਾਲੇ ਦੁਨੀਆਂ ਵਿਚ ਕਰੀਬ ਪੰਦਰਾਂ ਕਰੋੜ ਲੋਕ ਹਨ। ਜੋ ਵੱਖ ਵੱਖ ਖਿੱਤਿਆਂ ਅਤੇ ਦੇਸ਼ਾਂ ਵਿਚ ਬੋਲੀ ਜਾਂਦੀ ਹੈ, ਪਰ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਇਸ ਦੇ ਕੇਂਦਰ ਬਿੰਦੂ ਹਨ। ਕੈਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ, ਨਿਊਜੀਲੈਂਡ, ਇਟਲੀ ਵਿਚ ਬਹੁਤਾਤ ਵਿਚ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ। ਕਈ ਬਾਹਰਲੇ ਦੇਸ਼ਾਂ ਵਿਚ ਇਹ ਤੀਜੇ, ਚੌਥੇ ਦਰਜੇ ਦੀ ਮਾਨਤਾ ਪ੍ਰਾਪਤ ਬੋਲੀ ਹੈ। ਵਿਦੇਸ਼ੀ ਸਰਕਾਰਾਂ ਵਲੋਂ ਪੰਜਾਬੀਅਤ ਨੂੰ ਵੱਡਾ ਮਾਣ, ਸਤਿਕਾਰ ਦਿੱਤਾ ਜਾ ਰਿਹਾ ਹੈ।

ਭਾਰਤ ਵਿਚ ਇਸ ਵੇਲੇ ਧਰਮੀ, ਨਸਲੀ, ਭਾਸ਼ਾਈ ਨਫਰਤ ਸਿਖਰਲੇ ਡੰਡੇ 'ਤੇ ਹੈ। ਸਰਕਾਰਾਂ ਨਫਰਤ ਨੂੰ ਰੋਕਣ ਦੀ ਥਾਂ ਇਸ ਦਾ ਹਿੱਸਾ ਬਣੀਆਂ ਨਜ਼ਰ ਆਉਂਦੀਆਂ ਹਨ ਜਾਂ ਕਹਿ ਲਿਆ ਜਾਵੇ ਕਿ ਸਰਕਾਰੀ ਤੰਤਰ ਰਾਹੀਂ ਹੀ ਨਫਰਤ ਫੈਲਾਈ ਜਾ ਰਹੀ ਹੈ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੀ ਭਾਸ਼ਾ ਦੀ ਵਕਾਲਤ ਕਰਦਿਆਂ 'ਇਕ ਰਾਸ਼ਟਰ, ਇਕ ਭਾਸ਼ਾ' ਦਾ ਫਾਰਮੂਲਾ ਵਰਤਣ ਦੀ ਕੋਸ਼ਿਸ਼ ਕੀਤੀ। ਉਸੇ ਪਹਿਰ ਦੱਖਣੀ ਰਾਜਾਂ, ਖਾਸ ਕਰ ਤਾਮਿਲਨਾਡੂ ਵਿਚ ਲੋਕਾਂ, ਐਕਟਰਾਂ, ਕਲਾਕਾਰਾਂ ਨੇ ਭਾਰੀ ਵਿਰੋਧ ਕੀਤਾ। ਹੁਣ ਹਰ ਥਾਂ ਵਿਰੋਧ ਹੋ ਰਿਹਾ ਹੈ। ਗ੍ਰਹਿ ਮੰਤਰੀ ਵੀ ਆਪਣੇ ਬਿਆਨ 'ਤੇ ਸਪੱਸ਼ਟੀਕਰਨ ਦੇ ਰਿਹਾ ਹੈ।

1937 ਵਿਚ ਵੀ ਕਾਂਗਰਸ ਵਲੋਂ ਸਾਰੇ ਭਾਰਤ ਵਿਚ ਜਬਰੀ ਹਿੰਦੀ ਲਾਗੂ ਕਰਨ 'ਤੇ ਤਾਮਿਲਾਂ ਦੇ ਭਾਰੀ ਵਿਰੋਧ ਸਾਹਮਣੇ ਸਰਕਾਰ ਗੋਡੇ ਭਾਰ ਆ ਗਈ ਅਤੇ ਬਿਲ ਵਾਪਸ ਲੈਣਾ ਪਿਆ ਸੀ। ਕੁਝ ਕੁ ਚੋਣਵੇਂ ਕਲਾਕਾਰਾਂ ਤੋਂ ਇਲਾਵਾ ਪੰਜਾਬ ਵਿਚ ਕਿਸੇ ਵੀ ਪਾਰਟੀ ਜਾਂ ਲੀਡਰ, ਲਿਖਾਰੀ ਵਲੋਂ ਇਸ ਦਾ ਵਿਰੋਧ ਨਜ਼ਰ ਨਹੀਂ ਆਇਆ। ਸੋਸ਼ਲ ਮੀਡੀਆ ਪੰਜਾਬੀ ਭਾਸ਼ਾ ਦਾ ਸਹਾਰਾ ਬਣਿਆ ਨਜ਼ਰ ਆਉਂਦਾ ਹੈ। ਭਾਸ਼ਾ ਵਿਭਾਗ, ਪੰਜਾਬ ਵਿਚ ਚਲ ਰਹੇ ਪੰਜਾਬੀ ਸਬੰਧੀ ਸੈਮੀਨਾਰ ਵਿਚ ਪੰਜਾਬੀ ਵਿਰੋਧੀ ਸੋਚ ਨੰਗੀ ਹੋਈ ਹੈ ਕਿ ਕਿਵੇਂ ਪੰਜਾਬੀ ਵਿਰੋਧੀਆਂ ਰਾਹੀਂ ਪੰਜਾਬੀ ਭਾਸ਼ਾ ਨੂੰ ਅਗਲੇ ਦੋ ਸਾਲਾਂ ਵਿਚ ਖਤਮ ਕਰਨ ਦੀ




ਧਮਕੀ ਦਿੱਤੀ ਗਈ। ਇਸ ਦਾ ਲੇਖਕ ਤੇਜਵੰਤ ਸਿੰਘ ਮਾਨ ਨੇ ਭਾਰੀ ਵਿਰੋਧ ਕੀਤਾ।

ਇਸ ਦੇ ਉਲਟ ਲੋਕ ਗਾਇਕ ਗੁਰਦਾਸ ਮਾਨ ਨੇ ਪੰਜਾਬੀ ਵਿਰੋਧੀ ਅਤੇ ਹਿੰਦੀ ਪੱਖੀ ਬਿਆਨ ਨਾਲ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ ਸਾਰੀਆਂ ਭਾਸ਼ਾਵਾਂ ਵਿਚੋਂ ਸ਼ਬਦਾਂ ਦੇ ਸੁਮੇਲ ਦੀ ਇਕ ਭਾਸ਼ਾ ਹੋ ਜਾਵੇ ਤਾਂ ਕੋਈ ਹਰਜ ਨਹੀਂ। ਜਿਵੇਂ ਜਰਮਨੀ ਵਿਚ ਜਰਮਨ, ਫਰਾਂਸ ਵਿਚ ਫਰਾਂਸੀਸੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਗੁਰਦਾਸ ਮਾਨ ਦਾ ਵਿਰੋਧ ਯਕੀਨਨ ਹੋਣਾ ਸੀ। ਇਹ ਇਕ ਤਰ੍ਹਾਂ ਨਾਲ ਇਹ ਕਹਿਣਾ ਸੀ ਕਿ ਬਾਗ ਵਿਚੋਂ ਸਾਰੇ ਫੁੱਲ ਪੁੱਟ ਦਿੱਤੇ ਜਾਣ, ਸਿਰਫ ਇਕ ਤਰ੍ਹਾਂ ਦੇ ਫੁੱਲ ਨੂੰ ਹੀ ਰਖਿਆ ਜਾਵੇ, ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਖੇਤਰੀ ਭਾਸ਼ਾਵਾਂ ਦੇ ਹਿੰਦੀ ਭਾਸ਼ਾ ਤੋਂ ਵੀ ਪੁਰਾਣੇ ਇਤਿਹਾਸ ਹਨ।

ਹਰ ਭਾਸ਼ਾ ਦਾ ਆਪਣਾ ਆਧਾਰ ਹੈ। ਹਿੰਦੀ ਭਾਸ਼ਾ ਨੂੰ ਦੇਵਨਾਗਰੀ ਭਾਵ ਦੇਵਤਿਆਂ ਦੀ ਬੋਲੀ ਕਿਹਾ ਜਾਂਦਾ ਹੈ, ਜੋ ਭਾਰਤ ਦੇ ਕੇਂਦਰੀ ਰਾਜਾਂ ਵਿਚ ਹੀ ਬੋਲੀ ਜਾਂਦੀ ਹੈ, ਭਾਵ ਅੱਧੇ ਭਾਰਤ ਵਿਚ ਕੇਵਲ ਖੇਤਰੀ ਭਾਸ਼ਾਵਾਂ ਦਾ ਹੀ ਬੋਲਬਾਲਾ ਹੈ। ਹਿੰਦੀ ਨਾਲੋਂ ਹੋਰ ਭਾਸ਼ਾਈ ਖੇਤਰ ਵੱਧ ਹਨ। ਪੰਜਾਬੀ ਦੇ ਭੁਗੋਲਿਕ ਆਧਾਰ ਹਨ ਅਤੇ ਬਹੁਧਰਮੀ ਲੋਕਾਂ ਦੀ ਸਾਂਝੀ ਬੋਲੀ ਹੈ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਗੁਰਮੁਖੀ ਵਿਚ ਦਰਜ ਹੈ। ਟੈਗੋਰ ਦੇ ਭਾਰਤੀ ਰਾਸ਼ਟਰੀ ਗੀਤ ਵਿਚ ਵੀ ਭਾਰਤੀ ਬੋਲੀਆਂ ਵਿਚੋਂ ਪੰਜਾਬੀ ਨੂੰ ਪਹਿਲੀ ਥਾਂ 'ਪੰਜਾਬ ਸਿੰਧ ਗੁਜਰਾਤ ਮਰਾਠਾ' 'ਤੇ ਰੱਖਿਆ ਗਿਆ ਹੈ।

ਕਿਸੇ ਵੀ ਬੋਲੀ ਦਾ ਮਰਨਾ ਕੌਮ, ਰਾਸ਼ਟਰ, ਦੁਨੀਆਂ ਦੇ ਹਿੱਤ ਨਹੀਂ ਸਗੋਂ ਉਸ ਦੇ ਪਸਾਰ ਲਈ ਜਰੂਰੀ ਉਚਿੱਤ ਕਦਮ ਚੁੱਕਣੇ ਚਾਹੀਦੇ ਹਨ। ਅੰਗਰੇਜ਼ਾਂ ਨੇਂ ਵੀ ਭਾਰਤੀ ਖੇਤਰੀ ਭਾਸ਼ਾਵਾਂ ਨੂੰ ਧਾਰਮਿਕ ਰੰਗਤ ਦਿੰਦਿਆਂ ਪੰਜਾਬੀ ਨੂੰ ਸਿੱਖਾਂ ਦੀ, ਉਰਦੂ ਨੂੰ ਮੁਸਲਮਾਨਾਂ ਦੀ ਅਤੇ ਹਿੰਦੀ ਨੂੰ ਹਿੰਦੂਆਂ ਦੀ ਭਾਸ਼ਾ ਕਹਿ ਕੇ ਵੰਡੀਆਂ ਪਾਈਆਂ ਅਤੇ ਪਾੜੋ ਤੇ ਰਾਜ ਕਰੋ ਦੀ ਨੀਤੀ ਲਾਗੂ ਕੀਤੀ। ਅੱਜ ਵੀ ਇਹੋ ਜਿਹਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਗਾਇਕ, ਕਲਾਕਾਰ ਪੰਜਾਬੀ ਦੀ ਸੇਵਾ ਦੇ ਨਾਂ ਹੇਠ ਅਨੇਕਾਂ ਤਰ੍ਹਾਂ ਨਾਲ ਪੰਜਾਬ, ਪੰਜਾਬੀ, ਪੰਜਾਬੀਅਤ ਤੋਂ ਲੱਖਾਂ ਰੁਪਏ ਕਮਾ ਕੇ ਘਾਣ ਵੀ ਕਰਦੇ ਨਜ਼ਰ ਆਉਂਦੇ ਹਨ। ਬਹੁਤ ਘੱਟ ਕਲਾਕਾਰ, ਲਿਖਾਰੀ ਹਨ, ਜੋ ਅਸਲ ਵਿਚ ਪੰਜਾਬੀ ਹਿਤੈਸ਼ੀ ਹਨ, ਜੋ ਚੰਗਾ ਗਾਉਂਦੇ ਅਤੇ ਲਿਖਦਿਆਂ ਨਰੋਏ ਸਮਾਜ ਦੀ ਸਿਰਜਣਾ ਕਰਦੇ ਹਨ। ਗੁਰਦਾਸ ਮਾਨ ਅਤੇ ਹੰਸ ਰਾਜ ਹੰਸ ਜਿਹੇ ਗਾਇਕ ਨੌਜਵਾਨੀ ਵਿਚ ਸੁਲਫੇ, ਸਿਗਰਟਾਂ, ਭੰਗੀ, ਅਫੀਮਚੀ, ਮਸਤੀ, ਫਕੀਰੀ ਮਗਰ ਲਾ ਕੇ ਆਪ ਪੈਸਿਆਂ ਦੇ ਬੋਰੇ ਭਰਦੇ ਰਹੇ ਹਨ, ਪਰ ਨੌਜਵਾਨੀ ਨਸ਼ਿਆਂ ਨਾਲ ਸੜਕਾਂ 'ਤੇ ਲਿਟਦੀ ਨਜ਼ਰ ਆ ਰਹੀ ਹੈ। ਗੈਂਗਸਟਰ ਕਲਚਰ ਉਭਾਰ ਵਿਚ ਆਇਆ।

ਕੁਝ ਦਿਨ ਪਹਿਲਾਂ ਹੀ ਗਾਇਕ ਮੂਸੇ ਵਾਲਾ ਨੇ ਇਕ ਗੀਤ ਵਿਚ ਸਿੱਖ ਕੌਮ ਦੀ ਮਹਾਨ ਸ਼ਖਸੀਅਤ ਮਾਈ ਭਾਗੋ ਪ੍ਰਤੀ ਮੰਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਜਿਸ ਨੂੰ ਮੁਆਫੀ ਯੋਗ ਨਹੀਂ ਕਿਹਾ ਜਾ ਸਕਦਾ, ਕਿਉਂਕਿ ਮਾਰਕੀਟਿੰਗ ਲਈ ਧਾਰਮਿਕ ਜ਼ਜਬਾਤ ਨਾਲ ਖੇਡਿਆ ਜਾਂਦਾ ਹੈ। ਸਿੱਖ ਸੰਘਰਸ਼ ਦੌਰਾਨ ਗਾਇਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਸਾਥਣ ਨੇ ਪੰਜਾਬ ਦੇ ਪਰਿਵਾਰਕ ਰਿਸ਼ਤਿਆਂ ਨੂੰ ਗਲਤ ਰੰਗਤ ਦੇ ਕੇ ਮਾੜੇ ਕਲਚਰ ਨੂੰ ਉਤਸ਼ਾਹਿਤ ਕੀਤਾ, ਜਿਸ ਕਰਕੇ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ।

ਗਾਇਕ ਨਛੱਤਰ ਗਿੱਲ 'ਤੇ ਇਕ ਲੜਕੀ ਨੂੰ ਮਾਡਲ ਬਣਾ ਦੇਣ ਦੇ ਲਾਰੇ ਲਾ ਕੇ ਉਸ ਨਾਲ ਸਰੀਰਕ ਸਬੰਧ ਬਣਾਉਣ ਦੇ ਦੋਸ਼ ਲਗਦੇ ਰਹੇ ਹਨ। ਐਲੀ ਮਾਂਗਟ, ਰੰਧਾਵਾ ਭਰਾ ਆਦਿ ਗਾਇਕਾਂ ਨੇ ਨੌਜਵਾਨਾਂ ਨੂੰ ਆਪਣੀ ਲੜਾਈ, ਹਮਾਇਤ ਲਈ ਇਕ ਦੂਜੇ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ, ਬਦਮਾਸ਼ੀ ਕਲਚਰ ਗਾਉਂਦੇ ਗਾਉਂਦੇ ਖੁਦ ਇਹੀ ਕੁਝ ਕਰਨ ਲੱਗੇ ਹਨ। ਮੈਰਿਜ ਪੈਲੇਸਾਂ ਵਿਚ ਮਾੜਾ, ਹਿੰਸਕ ਕਲਚਰ ਪੇਸ਼ ਕੀਤੇ ਜਾਣ ਕਰਕੇ ਆਏ ਦਿਨ ਬੰਦੂਕਾਂ ਨਾਲ ਬੇਕਸੂਰ ਲੋਕ ਮਾਰੇ ਜਾ ਰਹੇ ਹਨ। ਜਿਥੇ ਪੰਜਾਬੀ ਗਾਇਕੀ ਆਪਣੇ ਫਰਜ਼ਾਂ ਤੋਂ ਅਸਵੇਲੀ ਹੋਈ ਹੈ, ਉਥੇ ਪੰਜਾਬੀ ਵਿਦਵਾਨਾਂ, ਲਿਖਾਰੀਆਂ, ਫਿਲਮੀ ਲੋਕਾਂ ਨੇ ਪੰਜਾਬੀ ਦੇ ਹੱਕ ਵਿਚ ਬਣਦਾ, ਹਾਅ ਦਾ ਨਾਹਰਾ ਨਹੀਂ ਮਾਰਿਆ। ਪੈਸੇ ਦੀ ਦੌੜ ਵਿਚ ਆਪਣੇ ਭਵਿੱਖ ਨੂੰ ਮੁੱਖ ਰੱਖਿਆ ਜਾ ਰਿਹਾ ਹੈ। ਸਰਕਾਰਾਂ ਦੀ ਬੇਰੁਖੀ ਨੇ ਜੁਬਾਨ ਦੇ ਲਾਜ਼ਮੀ ਹੋਣ ਦੇ ਬਾਵਜੂਦ ਇਸ ਨੂੰ ਲਾਗੂ ਨਾ ਕਰਨ ਦੀ ਕੋਈ ਸ਼ਜਾ ਮੁਕੱਰਰ ਨਹੀਂ ਕੀਤੀ। ਪੰਜਾਬੀ ਲੋਕ ਪਿਆਰ ਦੀ ਕਦਰ ਕਰਦੇ ਹਨ। ਅਣਖ, ਗੈਰਤ ਨਾਲ ਜਿਉਣਾ ਇਨ੍ਹਾਂ ਦਾ ਇਤਿਹਾਸ ਹੈ। ਪੰਜਾਬੀ ਭਾਸ਼ਾ ਨੇ ਪੰਜਾਬੀਆਂ ਵਿਚ ਆਪਣੀ ਹੋਂਦ ਨੂੰ ਕਦੇ ਮਰਨ ਨਹੀ ਦਿੱਤਾ। ਪੰਜਾਬੀ ਨੂੰ ਜਿਉਂਦੇ ਰੱਖਣ ਲਈ ਚੇਤੰਨ ਹੋਣਾ ਜਰੂਰੀ। ਅਵੇਸਲੇ ਹੋਏ ਤਾਂ ਇਸ ਤੋਂ ਬਿਨਾ ਅਸੀਂ ਆਪਣੇ ਇਤਿਹਾਸ ਤੋਂ ਕੱਟੇ ਜਾਵਾਂਗੇ।

# ਦਰਦ ਦੇ ਗੀਤ

ਹਰਭਜਨ ਮਾਨ ਗਾਉਂਦਾ ਹੋਵੇ ਤੇ ਉਸ ਨੂੰ ਸੁਣਦਿਆਂ ਕੋਈ ਅਧਵਾਟੇ ਛੱਡ ਤੁਰ ਜਾਵੇ, ਇਹ ਤਾਂ ਕਦੇ ਹੋ ਨਹੀਂ ਸਕਦਾ! ਪਰ ਇੰਨੇ ਸਾਲਾਂ ਵਿਚ ਮੈਨੂੰ ਅਜਿਹਾ ਪਹਿਲੀ ਵਾਰ ਮਹਿਸੂਸ ਹੋਇਆ, ਜਦੋਂ ਬਠਿੰਡੇ ਦੇ ਇੱਕ ਪ੍ਰੋਗਰਾਮ ਵਿਚ ਹਰਭਜਨ ਮਾਨ ਨੂੰ ਖਿੜ-ਖਿੜ ਹੱਸ ਕੇ, ਨੱਚ ਕੇ ਗਾਉਂਦਾ ਦੇਖ ਮੇਰਾ ਦਿਲ ਕਰ ਰਿਹਾ ਸੀ ਕਿ ਆਪਣੇ ਦੋਹਾਂ ਕੰਨਾਂ ਵਿਚ ਉਂਗਲਾਂ ਦੇ ਕੇ, ਛੇਤੀ ਤੋਂ ਛੇਤੀ ਉਠ ਕੇ ਬਾਹਰ ਵੱਲ ਕਿਧਰੇ ਦੂਰ ਅਜਿਹੀ ਥਾਂ ਵੱਲ ਦੌੜ ਜਾਵਾਂ, ਜਿੱਥੇ ਨਾ ਤਾਂ ਇਹ ਆਵਾਜ਼ ਕੰਨਾਂ ਵਿਚ ਪਵੇ ਅਤੇ ਨਾ ਹੀ ਇਹ ਖਿੜ-ਖਿੜ ਹੱਸ ਕੇ, ਨੱਚ ਕੇ ਗਾਉਂਦਾ ਚਿਹਰਾ ਅੱਖੀਆਂ ਨੂੰ ਦਿਸੇ। ਪ੍ਰੋਗਰਾਮ



**ਡਾ. ਵਿਕਰਮ ਸੰਗਰੂਰ**
ਫੋਨ: 91-98884-13836

ਵਿਚ ਬੈਠਿਆਂ ਮੇਰੀਆਂ ਅੱਖਾਂ ਜਦੋਂ ਵੀ ਹਰਭਜਨ ਮਾਨ ਦੇ ਚਿਹਰੇ ਵੱਲ ਦੇਖਦੀਆਂ ਤਾਂ ਮੈਨੂੰ ਉਹ ਨਹੀਂ, ਸਗੋਂ ਕਦੀ ਪਿੰਡ ਰਾਮੂੰਵਾਲਾ ਵਿਚ ਬਾਪੂ ਪਾਰਸ ਦੇ ਘਰ ਨੂੰ ਲੱਗਾ ਜੰਦਰਾ, ਕਦੀ ਪਿੰਡ ਖੇਮੂਆਣੇ ਦਾ ਸਕੂਲ ਅਤੇ ਕਦੀ ਸੁੰਨੇ ਪਏ ਹਰਭਜਨ ਮਾਨ ਦੇ ਜੱਦੀ ਘਰ ਦਾ ਵਿਹੜਾ ਨਜ਼ਰ ਆਉਂਦਾ ਸੀ। ਜੇ ਮੇਰੇ ਕੰਨਾਂ ਨੂੰ ਕੁਝ ਸੁਣਾਈ ਦੇ ਰਿਹਾ ਸੀ ਤਾਂ ਉਹ ਮੇਰੇ ਵਾਸਤੇ ਹਰਭਜਨ ਮਾਨ ਦੀ ਆਵਾਜ਼ ਵਿਚਲੇ ਗੀਤ ਨਹੀਂ, ਸਗੋਂ ਉਸ ਦੇ ਅੰਦਰ ਵਿਲਕਦੇ ਦਰਦ ਦੀਆਂ ਸਿਸਕੀਆਂ ਸਨ।


ਮੋਗੇ ਵਿਚ ਹੋਏ ਇੱਕ ਸਮਾਗਮ ਤੋਂ ਬਾਅਦ ਹਰਭਜਨ ਮਾਨ ਨੇ ਆਪਣੇ ਮਾਸੀ ਦੇ ਮੁੰਡੇ ਬਿੰਦਰ ਨੂੰ ਕਿਹਾ, "ਯਾਰ, ਅੱਜ ਦਿਲ ਕਰ ਰਿਹੈ ਪਿੰਡ ਰਾਮੂੰਵਾਲੇ ਜਾ ਕੇ ਬਾਪੂ ਪਾਰਸ ਦਾ ਉਹ ਘਰ ਮੁੜ ਵੇਖਣ ਨੂੰ, ਜਿੱਥੇ ਕਵੀਸ਼ਰਾਂ ਦੇ ਛੰਦ ਗੂੰਜਦੇ ਸਨ ਅਤੇ ਮਹਿਫਿਲਾਂ ਲੱਗਦੀਆਂ ਸਨ।" ਇਹ ਗੱਲ ਸੁਣ ਕੇ ਪਤਾ ਨਹੀਂ ਕਿਉਂ ਬਿੰਦਰ ਕੁਝ ਨਾ ਬੋਲਿਆ, ਬੱਸ ਸੁੰਨ ਜਿਹਾ ਹੋ ਗਿਆ, ਜਿਵੇਂ ਉਸ ਕੋਲ ਆਪਣੇ ਬਾਈ ਜੀ ਦੀ ਇਸ ਗੱਲ ਦਾ ਕੋਈ ਜਵਾਬ ਹੀ ਨਾ ਹੋਵੇ।

ਜਦੋਂ ਪਿੰਡ ਰਾਮੂੰਵਾਲੇ ਪਹੁੰਚ ਕੇ ਹਰਭਜਨ ਮਾਨ ਦੀ ਗੱਡੀ ਬਾਪੂ ਪਾਰਸ ਦੇ ਘਰ ਅੱਗੇ ਰੁਕੀ ਤਾਂ ਘਰ ਨੂੰ ਲੱਗਾ ਜੰਦਰਾ ਅਤੇ ਚਾਰ-ਚੁਫੇਰੇ ਪਸਰਿਆ ਸੰਨਾਟਾ ਦੇਖ ਹਰਭਜਨ ਮਾਨ ਦੇ ਚਿਹਰੇ ਦੀ ਮੁਸਕਾਨ ਜਿਵੇਂ ਕਿਧਰੇ ਗੁਆਚ ਗਈ। ਹਰਭਜਨ ਨੇ ਗੱਡੀ ਦੇ ਸ਼ੀਸ਼ੇ ਵਿਚੋਂ ਸੜਕ ਉਤੇ ਜਦੋਂ ਬੱਸ ਰੁਕਦਿਆਂ ਦੇਖੀ ਤਾਂ ਉਹ ਗੱਡੀ ਵਿਚੋਂ ਬਾਹਰ ਆਉਣ ਲੱਗੇ ਤਾਂ ਬਿੰਦਰ ਨੇ ਪੁੱਛਿਆ, "ਕਿੱਥੇ ਚੱਲੇ ਬਾਈ ਜੀ?" ਹਰਭਜਨ ਨੇ ਕਿਹਾ, "ਘਰ ਨੂੰ ਪਹਿਲਾਂ ਹੀ ਜੰਦਰਾ ਲਾ ਦਿੱਤਾ ਯਾਰ! ਮੈਂ ਜ਼ਰਾ ਇਹ ਤਾਂ ਦੇਖ ਆਵਾਂ ਕਿ ਬੱਸ ਵਿਚ ਕੋਈ ਬਾਪੂ ਜੀ ਦੇ ਚਾਹੁਣ ਵਾਲੇ ਹੀ ਨਾ ਆ ਰਹੇ ਹੋਣ!"

ਜਦੋਂ ਬਿੰਦਰ ਇਹ ਸੁਣ ਕੇ ਚੁੱਪ ਹੋ ਗਿਆ ਤਾਂ ਹਰਭਜਨ ਕਹਿਣ ਲੱਗਾ, "ਇਹ ਬਾਪੂ ਪਾਰਸ ਦਾ ਘਰ ਹੈ, ਇਸ ਘਰ ਦੇ ਬੂਹੇ ਨੂੰ ਕਦੀ ਜੰਦਰਾ ਨਹੀਂ ਸੀ ਲੱਗਦਾ ਅਤੇ ਬੁੱਢੀਆਂ ਨੇ ਜਦੋਂ ਰਾਤ ਦੀ ਰੋਟੀ ਲਈ ਆਟਾ ਗੁੰਨ੍ਹਣਾ ਹੁੰਦਾ ਤਾਂ ਉਹ ਪਿੰਡ ਵਿਚ ਸ਼ਾਮ ਨੂੰ ਆਉਣ ਵਾਲੀ ਅਖੀਰਲੀ ਬੱਸ ਦੇ ਸਮੇਂ ਹਰ ਰੋਜ਼ ਕਿਸੇ ਨੂੰ ਬੱਸ ਅੱਡੇ ਇਹ ਦੇਖਣ ਲਈ ਭੇਜਦੀਆਂ ਕਿ ਬਾਪੂ ਜੀ ਨੂੰ ਮਿਲਣ ਵਾਸਤੇ ਹੋਰ ਪੰਜ-ਦਸ ਬੰਦੇ ਤਾਂ ਇਸ ਬੱਸ ਵਿਚ ਨਹੀਂ ਆਏ, ਜਿਨ੍ਹਾਂ ਦੇ ਰਾਤ ਦੇ ਰਹਿਣ ਅਤੇ ਰੋਟੀ ਦਾ ਬੰਦੋਬਸਤ ਕੀਤਾ ਜਾਵੇ। ਇੰਨਾ ਚਾਅ ਹੁੰਦਾ ਸੀ, ਇਸ ਘਰ ਦੇ ਜੀਆਂ ਨੂੰ ਕਿਸੇ ਦੇ ਆਉਣ ਦਾ!"

ਹਰਭਜਨ ਮਾਨ ਨੇ ਬਾਪੂ ਪਾਰਸ ਦੇ ਘਰ ਦੇ ਬੂਹੇ ਨੂੰ ਲੱਗੇ ਜੰਦਰੇ ਨੂੰ ਆਪਣੀਆਂ ਭਿੱਜੀਆਂ ਅੱਖਾਂ ਨਾਲ ਦੇਖਦਿਆਂ ਕਿਹਾ, "ਬਿੰਦਰ, ਅੱਜ ਪਤਾ ਨਹੀਂ ਮਨ ਕਿਉਂ ਉਦਾਸ ਹੈ, ਬਹੁਤ ਚੰਗਾ ਹੋਵੇ ਜੇ ਆਪਾਂ ਬਠਿੰਡੇ ਜਾਣ ਤੋਂ ਪਹਿਲਾਂ ਇੱਕ ਵਾਰ ਕੁਝ ਪਲਾਂ ਲਈ ਪਿੰਡ ਖੇਮੂਆਣੇ ਆਪਣੇ ਘਰ ਵੀ ਹੋ ਆਈਏ।"

ਜਦੋਂ ਗੱਡੀ ਪਿੰਡ ਖੇਮੂਆਣੇ ਪਹੁੰਚੀ ਤਾਂ ਘਰ ਪਹੁੰਚਣ ਤੋਂ ਪਹਿਲਾਂ ਹੀ ਹਰਭਜਨ ਨੇ ਇਕਦਮ



*ਬਾਪੂ ਕਰਨੈਲ ਸਿੰਘ ਪਾਰਸ ਤੇ ਹਰਭਜਨ ਮਾਨ*

ਕਿਹਾ, "ਗੱਡੀ ਰੋਕੋ!" ਗੱਡੀ ਜਿੱਥੇ ਰੁਕੀ ਉਥੇ ਉਹ ਸਕੂਲ ਸੀ, ਜਿੱਥੇ ਹਰਭਜਨ ਮਾਨ ਨਿੱਕੇ ਹੁੰਦਿਆਂ ਪੜ੍ਹਿਆ ਸੀ। ਜਦੋਂ ਸਕੂਲ ਦੇ ਕਮਰਿਆਂ ਵੱਲ ਹਰਭਜਨ ਭਰੀਆਂ ਅੱਖਾਂ ਨਾਲ ਦੇਖ ਰਿਹਾ ਸੀ ਤਾਂ ਬਿੰਦਰ ਨੇ ਹਸਾਉਣ ਲਈ ਕਿਹਾ, "ਬਾਈ ਜੀ, ਦੇਖਿਓ ਕਿਧਰੇ ਮਾਸਟਰ ਬਿਹਾਰੀ ਲਾਲ ਨਾ ਆ ਜਾਵੇ ਸਾਹਮਣਿਓਂ! ਯਾਦ ਹੈ ਤੁਹਾਨੂੰ, ਉਨ੍ਹਾਂ ਦਾ ਡੰਡਾ! ਜਦੋਂ ਬਿਨਾ ਸਵਾਲ ਸੁਣੇ ਹੀ ਤੁਸੀਂ ਜਵਾਬ ਦੇਣ ਲਈ ਫਸਟ ਆਉਣ ਵਾਸਤੇ ਆਪਣਾ ਹੱਥ ਸਭ ਤੋਂ ਪਹਿਲਾਂ ਖੜ੍ਹਾ ਕਰ ਦਿੱਤਾ ਸੀ ਅਤੇ ਜਦੋਂ ਸਵਾਲ ਦਾ ਜਵਾਬ ਤੁਹਾਨੂੰ ਨਾ ਆਇਆ! ਉਹ ਤਾਂ ਸ਼ੁਕਰ ਕਰੋ ਭੈਣ ਜਸਵਿੰਦਰ ਦਾ, ਜਿਨ੍ਹਾਂ ਤੁਹਾਨੂੰ ਮੌਕੇ 'ਤੇ ਆ ਕੇ ਬਚਾ ਲਿਆ, ਨਹੀਂ ਤਾਂ ਮਾਸਟਰ ਜੀ ਦੇ ਡੰਡਿਆਂ ਤੋਂ ਕੌਣ ਬਚਿਆ?"

'ਜਸਵਿੰਦਰ' ਨਾਂ ਸੁਣ ਕੇ ਕੁਝ ਪਲ ਮੁਸਕਰਾਉਂਦਿਆਂ ਹਰਭਜਨ ਨੇ ਕਿਹਾ, "ਘਰ ਦਿਆਂ ਨੇ ਮੇਰਾ ਅਤੇ ਵੱਡੀ ਭੈਣ, ਸਾਡਾ ਦੋਹਾਂ ਦਾ ਨਾਂ 'ਜਸਵਿੰਦਰ' ਰੱਖਿਆ ਸੀ। ਨਾਂ ਪਿੱਛੇ ਅਕਸਰ ਵੱਡੀ ਭੈਣ ਨਾਲ ਮੇਰੀ ਲੜਾਈ ਹੋ ਜਾਣੀ ਕਿ ਮੇਰਾ ਨਾਂ ਜਸਵਿੰਦਰ ਹੈ, ਤੂੰ ਆਪਣਾ ਨਾਂ ਹੋਰ ਰੱਖ ਲੈ। ਇਸ ਸਕੂਲ ਵਿਚ ਜਦੋਂ ਮੇਰਾ ਦਾਖਲਾ ਹੋਣ ਲੱਗਾ ਤਾਂ ਵੱਡੀ ਭੈਣ ਨੇ ਮੇਰਾ ਨਾਂ ਬਦਲ ਕੇ 'ਹਰਭਜਨ' ਲਿਖਵਾ ਦਿੱਤਾ। ਉਦੋਂ ਮੈਂ ਬਹੁਤ ਲੜਿਆ ਕਿ ਭੈਣ ਤੂੰ ਮੇਰਾ ਨਾਂ ਕਿਉਂ ਬਦਲਿਆ, ਤੂੰ ਆਪਣਾ ਨਾਂ ਬਦਲਣਾ ਸੀ। ਹੁਣ ਭੈਣ ਅਕਸਰ ਆਖਦੀ ਹੈ, ਦੇਖਿਆ ਮੇਰਾ ਦਿੱਤਾ 'ਹਰਭਜਨ' ਨਾਂ ਪੂਰੀ ਦੁਨੀਆਂ ਵਿਚ ਮਸ਼ਹੂਰ ਹੋ ਗਿਆ! ਕਿੰਨਾ ਹੀ ਸਮਾਂ ਹੋ ਗਿਆ ਸਾਰੇ ਭੈਣ-ਭਰਾਵਾਂ ਨੂੰ ਇਕੱਠੇ ਹੋਇਆਂ। ਦਿਲ ਕਰਦੈ ਅਸੀਂ ਕਦੀ ਫਿਰ ਇਕੱਠੇ ਹੋ ਜਾਈਏ। ਜੇ ਕਦੀ ਸਾਰੇ ਇਕੱਠੇ ਹੋਏ ਤਾਂ ਹੋਏ ਵੀ ਕਿੱਥੇ, ਜਦੋਂ ਵੱਡਾ ਵੀਰ ਭੋਲਾ ਪੂਰਾ ਹੋਇਆ ਜਾਂ ਮੇਰੇ ਬਾਈ ਜੀ! ਸਭ ਗੁਆਚ ਗਿਆ ਯਾਰ, ਬੱਸ ਯਾਦਾਂ ਰਹਿ ਗਈਆਂ।" ਇੰਨਾ ਆਖ ਹਰਭਜਨ ਮਾਨ ਆਪਣੇ ਚਿਹਰੇ ਉਤੇ ਕੁਝ ਪਲਾਂ ਲਈ ਆਈ ਮੁਸਕਾਨ ਨੂੰ ਉਥੇ ਹੀ ਛੱਡ ਆਪਣੇ ਜੱਦੀ ਘਰ ਵੱਲ ਤੁਰ ਪਿਆ।

ਘਰ ਦੇ ਸੁੰਨੇ ਕਮਰਿਆਂ ਵਿਚ ਹਰਭਜਨ ਮਾਨ ਇਸ ਤਰ੍ਹਾਂ ਅੰਦਰ-ਬਾਹਰ ਜਾ ਰਿਹਾ ਸੀ, ਜਿਵੇਂ ਉਸ ਦੀਆਂ ਅੱਖਾਂ ਕੁਝ ਗੁਆਚਿਆ ਭਾਲ ਰਹੀਆਂ ਹੋਣ। ਜਦੋਂ ਘਰ ਅੰਦਰੋਂ ਹਰਭਜਨ ਬਾਹਰ ਆਇਆ ਤਾਂ ਉਸ ਨਾਲ ਸਿਵਾਏ ਭਰੀਆਂ ਅੱਖਾਂ ਦੇ ਹੋਰ ਕੁਝ ਵੀ ਨਹੀਂ ਸੀ। ਅੱਖਾਂ ਪੂੰਝਦਿਆਂ ਕਹਿੰਦਾ, "ਚਲੋ ਯਾਰ ਸ਼ੋਅ ਵਾਲੇ ਉਡੀਕ ਰਹੇ ਹੋਣੇ। ਸੱਚ ਦੱਸਾਂ, ਅੱਜ ਬਹੁਤ ਕੁਝ ਪਾ ਲਿਆ ਇਸ ਹਰਭਜਨ ਨੇ, ਪਰ ਗਵਾਇਆ ਵੀ ਬਹੁਤ ਕੁਝ ਹੈ, ਇਹ ਤਾਂ ਮੈਂ ਹੀ ਜਾਣਦਾ ਕਿ ਮੇਰੇ ਪੈਰ ਕਿਸ ਤਰ੍ਹਾਂ ਚੱਲ ਸਕੇ ਮੇਰੇ ਘਰ ਦੇ ਸੁੰਨੇ ਵਿਹੜੇ ਵਿਚ!"

ਸੁੰਨੇ ਵਿਹੜਿਆਂ ਵਿਚੋਂ ਲੰਘ ਕੇ ਹਰਭਜਨ ਮਾਨ ਦੇ ਪੈਰ ਖੇਮੂਆਣੇ ਤੋਂ ਕੁਝ ਮਿੰਟਾਂ ਬਾਅਦ ਹੀ ਉਸ ਥਾਂ ਸਨ, ਜਿੱਥੇ ਉਨ੍ਹਾਂ ਨੇ ਗਾਉਣਾ ਸੀ।

ਮੇਰੀਆਂ ਅੱਖਾਂ ਅੱਗੋਂ ਜਦੋਂ ਪਿੰਡ ਰਾਮੂੰਵਾਲਾ ਵਿਚ ਬਾਪੂ ਪਾਰਸ ਦੇ ਘਰ ਨੂੰ ਲੱਗਾ ਜੰਦਰਾ,




*ਹਰਭਜਨ ਮਾਨ*

ਪਿੰਡ ਖੇਮੂਆਣੇ ਦਾ ਸਕੂਲ ਅਤੇ ਸੁੰਨੇ ਪਏ ਹਰਭਜਨ ਮਾਨ ਦੇ ਜੱਦੀ ਘਰ ਦੇ ਵਿਹੜੇ ਦਾ ਪਰਦਾ ਚੁੱਕਿਆ ਗਿਆ ਤਾਂ ਖਿੜ-ਖਿੜ ਕਰਕੇ ਗਾਉਂਦਾ, ਨੱਚਦਾ ਅਤੇ ਨਚਾਉਂਦਾ ਹਰਭਜਨ ਮਾਨ ਫਿਰ ਦਿਸਣ ਲੱਗਾ। ਮੈਂ ਜਾਣਦਾ ਸਾਂ, ਇਸ ਵਕਤ ਹਰਭਜਨ ਮਾਨ ਗਾਇਕ ਨਹੀਂ, ਸਗੋਂ ਇੱਕ 'ਅਦਾਕਾਰ' ਦਾ ਕਿਰਦਾਰ ਨਿਭਾ ਰਿਹਾ ਹੈ। ਕਿਰਦਾਰ ਵੀ ਉਸ ਅਦਾਕਾਰ ਦਾ, ਜਿਸ ਨੇ ਸਿਰਫ ਲੋਕਾਂ ਨੂੰ ਨਚਾਉਣਾ ਹੈ, ਹਸਾਉਣਾ ਹੈ ਅਤੇ ਆਪਣੇ ਫਨ ਨਾਲ ਉਨ੍ਹਾਂ ਦੇ ਟੁੱਟੇ ਦਿਲਾਂ ਉਤੇ ਮਰਹਮ ਲਾਉਣਾ ਹੈ।

ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਹਰਭਜਨ ਮਾਨ ਦੇ ਗਲ ਅੰਦਰੋਂ ਖੁਸ਼ੀਆਂ ਦੇ ਗੀਤ ਨਹੀਂ, ਸਗੋਂ 'ਦਰਦ ਦੇ ਗੀਤ' ਨਿਕਲ ਰਹੇ ਹੋਣ, ਜਿਨ੍ਹਾਂ ਨੂੰ ਸੁਣ ਕੇ ਸਭ ਦੇ ਪੈਰ ਨੱਚ ਰਹੇ ਸਨ, ਪਰ ਗੀਤ ਗਾਉਣ ਵਾਲੇ ਦੇ ਆਪਣੇ ਪੈਰ ਜ਼ਖਮੀ ਸਨ!

# ਹੁਣ ਅਕਲ ਦੀ ਗੱਲ ਵੀ ਦੇਸ਼ ਧਰੋਹ ਜਾਪਣ ਲੱਗ ਪਈ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਉਹ ਦਿਨ ਵੇਖੇ ਹਨ, ਜਦੋਂ ਪੰਜਾਬ ਦੇ ਗੱਭਰੂ ਕਮਾਈਆਂ ਕਰਨ ਲਈ ਟਰੈਵਲ ਏਜੰਟਾਂ ਰਾਹੀਂ ਕਦੀ ਇਰਾਕ, ਇਰਾਨ ਅਤੇ ਲੀਬੀਆ ਵੱਲ ਜਾਂਦੇ ਹੁੰਦੇ ਸਨ। ਸਾਨੂੰ ਉਦੋਂ ਅਜੇ ਇਨ੍ਹਾਂ ਗੱਲਾਂ ਦੀ ਬਹੁਤੀ ਸਮਝ ਨਹੀਂ ਸੀ, ਪਰ ਏਨਾ ਕੁ ਪਤਾ ਸੀ ਕਿ ਉਥੋਂ ਦੇ ਨੋਟਾਂ ਦੀ ਕੀਮਤ ਬੜੀ ਵੱਧ ਹੈ, ਜਿਸ ਕਾਰਨ ਉਥੋਂ ਕੀਤੀ ਕਮਾਈ ਜਦੋਂ ਭਾਰਤ ਦੇ ਦਰਾਂ ਤੱਕ ਪਹੁੰਚਦੀ ਹੈ ਤਾਂ ਕਈ ਗੁਣਾ ਵਧ ਜਾਂਦੀ ਹੈ। ਅੱਜ ਸਾਨੂੰ ਇਸ ਬਾਰੇ ਕੁਝ ਵੱਧ ਪਤਾ ਹੋ ਸਕਦਾ ਹੈ, ਪਰ ਜੋ ਗੱਲ ਨੋਟ ਕਰਨ ਵਾਲੀ ਹੈ, ਉਹ ਇਹ ਕਿ ਇਨ੍ਹਾਂ ਦੇਸ਼ਾਂ ਵਿਚ ਉਸ ਤੋਂ ਬਾਅਦ ਹਾਲਾਤ ਵਿਗੜਦੇ ਗਏ ਤੇ ਅੱਜ ਉਥੇ ਭੁੱਖ ਨਾਲ ਮਰਨ ਵਾਲੀ ਹਾਲਤ ਬਣੀ ਪਈ ਹੈ। ਭਾਰਤ ਦੇ ਲੋਕਾਂ ਨੂੰ ਇਸ ਵਿਗਾੜ ਦੀ ਜੜ੍ਹ ਸਮਝਣ ਦੀ ਲੋੜ ਹੈ।

ਅਸੀਂ ਚਾਰਟ ਕੱਢ ਕੇ ਵੇਖਿਆ ਤਾਂ ਪਤਾ ਲੱਗਾ ਕਿ ਸਾਲ 2000 ਵਿਚ ਲਿਬੀਆ ਦੇ ਇੱਕ ਦੀਨਾਰ ਦੇ ਬਦਲੇ ਅਮਰੀਕਾ ਦੇ ਢਾਈ ਡਾਲਰ ਮਿਲ ਜਾਂਦੇ ਹੋਣਗੇ ਤੇ ਅੱਜ ਇਸ ਤੋਂ ਉਲਟ ਇੱਕ ਅਮਰੀਕੀ ਡਾਲਰ ਦੇ ਬਦਲੇ ਲਿਬੀਆ ਦਾ ਸਵਾ ਦੀਨਾਰ ਦੇਣਾ ਪੈਂਦਾ ਹੈ। ਇਹ ਬਦ-ਅਮਨੀ ਕਾਰਨ ਹੋਇਆ ਹੈ। ਕੋਈ ਵੀ ਦੇਸ਼ ਬਦ-ਅਮਨੀ ਦੌਰਾਨ ਤਰੱਕੀ ਨਹੀਂ ਕਰ ਸਕਦਾ, ਸਗੋਂ ਇਹ ਮੰਨਣਾ ਵੱਧ ਠੀਕ ਹੈ ਕਿ ਕੋਈ ਤਰੱਕੀ ਵਾਲਾ ਦੇਸ਼ ਵੀ ਬਦ-ਅਮਨੀ ਦੇ ਦੌਰ ਵਿਚ ਦਾਖਲ ਹੋ ਜਾਵੇ ਤਾਂ ਆਪਣੀ ਕੀਤੀ ਤਰੱਕੀ ਨਹੀਂ ਸੰਭਾਲ ਸਕਦਾ ਤੇ ਡਿੱਗਣ ਲੱਗਦਾ ਹੈ। ਖੁਦ ਸੱਟ ਖਾ ਕੇ ਅਕਲ ਵੱਲ ਮੁੜਨ ਦੀ ਥਾਂ ਕਿਸੇ ਦੂਜੇ ਨੂੰ ਪਈ ਸੱਟ ਦੇ ਹਸ਼ਰ ਤੋਂ ਸਿੱਖਿਆ ਜਾ ਸਕਦਾ ਹੈ, ਪਰ ਇਸ ਸੋਚ ਲਈ ਜਿਨ੍ਹਾਂ ਸਿਰਾਂ ਦੀ ਲੋੜ ਹੁੰਦੀ ਹੈ, ਉਹ ਭੀੜਾਂ ਦੀ ਅਗਵਾਈ ਕਰਨ ਵਾਲੇ ਲੀਡਰਾਂ ਦੇ ਪੱਲੇ ਬਹੁਤੀ ਵਾਰ ਹੁੰਦੇ ਹੀ ਨਹੀਂ। ਜੋ ਦੇਸ਼ ਫੌਜੀ ਜਰਨੈਲ ਜਾਂ ਜਰਨੈਲੀ ਸੁਭਾਅ ਵਾਲੇ ਵਿਅਕਤੀ ਨੂੰ ਆਪਣਾ ਲੀਡਰ ਮੰਨ ਲਵੇ ਤੇ ਉਸ ਖਿਲਾਫ ਕਹੀ ਗਈ ਹਰ ਗੱਲ ਨੂੰ ਦੇਸ਼ ਦੇ ਖਿਲਾਫ ਕਹੀ ਮੰਨਣ ਲੱਗ ਪਵੇ, ਉਹ ਦੇਸ਼ ਫਿਰ ਅੱਗੇ ਨਹੀਂ ਜਾਂਦਾ ਹੁੰਦਾ, ਉਸੇ ਤਰ੍ਹਾਂ ਪਿੱਛੇ ਜਾਣ ਦਾ ਖਤਰਾ ਸਹੇੜ ਲੈਂਦਾ ਹੈ, ਜਿਵੇਂ ਲਿਬੀਆ ਜਿਹੇ ਦੇਸ਼ਾਂ ਵਿਚ ਵਾਪਰ ਚੁਕਾ ਹੈ ਤੇ ਕਈ ਹੋਰਨਾਂ ਵਿਚ ਵਾਪਰਦਾ ਪਿਆ ਹੈ।

ਭਾਰਤ ਵੀ ਇਸ ਵਕਤ ਇਸੇ ਭਵਿੱਖੀ ਖਤਰੇ ਦੀ ਦੰਦੀ 'ਤੇ ਖੜੋਤਾ ਦਿੱਸਦਾ ਹੈ। ਇਸ ਦੀ ਅਗਵਾਈ ਇਸ ਤਰ੍ਹਾਂ ਦੇ ਆਗੂ ਦੇ ਹੱਥ ਵਿਚ ਹੈ, ਜੋ ਖੁਦ ਭ੍ਰਿਸ਼ਟ ਨਹੀਂ ਮੰਨਿਆ ਜਾਂਦਾ, ਪਰ ਆਪਣੇ ਨਾਲ ਜੁੜੇ ਸਭ ਹੱਦਾਂ ਟੱਪਣ ਵਾਲੇ ਭ੍ਰਿਸ਼ਟਾਚਾਰੀਏ ਲੋਕਾਂ ਨੂੰ ਇਸ ਕਰ ਕੇ ਨਹੀਂ ਰੋਕਦਾ ਕਿ ਉਸ ਨੂੰ ਦੇਸ਼ ਦੀ ਅਗਵਾਈ ਕਰਨ ਨਾਲੋਂ ਵੱਧ ਇਸ ਗੱਲ ਦੀ ਲੋੜ ਹੈ ਕਿ ਦੁਨੀਆਂ ਭਰ ਵਿਚ ਮੇਰਾ ਡੰਕਾ ਵੱਜਦਾ ਰਹੇ। ਭਾਰਤ ਵਿਚ ਕਾਨੂੰਨ ਮੁਤਾਬਕ ਰਾਜ ਪ੍ਰਬੰਧ ਦੀ ਥਾਂ ਭੀੜਾਂ ਦੀ ਮਰਜ਼ੀ ਚੱਲਣ ਲੱਗੀ ਹੈ, ਉਹ ਲੀਡਰ ਬਾਅਦ ਵਿਚ ਸੱਚਾ ਹੋਣ ਲਈ ਕਦੇ-ਕਦਾਈਂ ਇਸ ਵਿਹਾਰ ਦੇ ਵਿਰੋਧ ਲਈ ਏਨੇ ਕੁ ਸ਼ਬਦ ਕਹਿ ਛੱਡਦਾ ਹੈ ਕਿ ਮੈਂ ਇਸ ਦਾ ਵਿਰੋਧ ਕੀਤਾ ਸੀ, ਅਸਲ ਵਿਚ ਵਿਰੋਧ ਨਹੀਂ ਕਰਦਾ। ਉਹ ਜਾਣਦਾ ਹੈ ਕਿ ਇਹ ਭੀੜਾਂ ਉਸ ਦੀ ਗੱਦੀ ਦੀ ਸੁੱਖ ਮੰਗਦੀਆਂ ਹਨ, ਵਰਨਾ ਲੋਕਾਂ ਦੇ ਭਲੇ ਦੇ ਕੰਮਾਂ ਵਾਲੇ ਪੱਖੋਂ ਇਸ ਦੇਸ਼ ਦੀ ਅਗੇਤ ਦੀ ਕੋਈ ਗੱਲ ਦੇਸ਼ ਅਤੇ ਦੁਨੀਆਂ ਦੇ ਲੋਕਾਂ ਨੂੰ ਖਿੱਚ ਪਾਉਣ ਵਾਲੀ ਨਹੀਂ ਲੱਭਦੀ।

ਚੰਦ ਵੱਲ ਉਪ-ਗ੍ਰਹਿ ਭੇਜਣਾ ਜਾਂ ਕਦੇ ਕੋਈ ਤੇਜਸ ਜਹਾਜ਼ ਉਡਾ ਲੈਣਾ ਤੇ ਉਸੇ ਨਾਂ ਦੀ ਤੇਜ਼ ਰਫਤਾਰ ਗੱਡੀ ਸ਼ੁਰੂ ਕਰ ਦੇਣਾ, ਕਿਸੇ ਵੀ ਸਰਕਾਰ ਵੇਲੇ ਹੋ ਜਾਣਾ ਸੀ। ਛੁਕ-ਛੁਕ ਕਰਦੇ ਕੋਲੇ ਵਾਲੇ ਇੰਜਣਾਂ ਪਿੱਛੋਂ ਡੀਜ਼ਲ ਤੇ ਫਿਰ ਬਿਜਲੀ ਵਾਲੇ ਰੇਲ ਇੰਜਣ ਵੀ ਕਿਸੇ ਆਗੂ ਦੇ ਹੁੰਦਿਆਂ ਆਏ ਸਨ ਤੇ ਜਦੋਂ ਕੰਪਿਊਟਰ ਆਉਣ ਲੱਗੇ ਤਾਂ ਉਸ ਵੇਲੇ ਦਾ ਆਗੂ ਵੀ ਰਾਤ-ਦਿਨ ਕਹਿੰਦਾ ਸੀ ਕਿ ਮੇਰੀ ਸਰਕਾਰ ਨੇ ਆਹ ਕਰ ਵਿਖਾਇਆ ਹੈ, ਅੱਜ ਉਸ ਲੀਡਰ ਦੀ ਕੋਈ ਗੱਲ ਤੱਕ ਨਹੀਂ ਕਰਦਾ। ਚਰਚਾ ਉਸ ਕੰਮ ਦੀ ਹੁੰਦੀ ਹੈ, ਜੋ ਸਥਾਈ ਹੋਵੇ ਤੇ ਜਿਸ ਨੂੰ ਕਰਨ ਜੋਗਾ ਦੂਜਾ ਕੋਈ ਨਾ ਹੋਵੇ। ਇਸ ਦਾ ਧਿਆਨ ਰੱਖਣ ਕਰ ਕੇ ਅੱਜ ਦੇ ਭਾਰਤ ਦਾ ਆਗੂ ਕਦੀ ਸਰਜੀਕਲ ਸਟਰਾਈਕ ਤੇ ਕਦੀ ਏਅਰ ਸਟਰਾਈਕ ਵੱਲ ਲੋਕਾਂ ਦਾ ਧਿਆਨ ਖਿੱਚਣ ਲੱਗਾ ਰਹਿੰਦਾ ਹੈ, ਪਰ ਲੋਕਾਂ ਦੇ ਘਰਾਂ ਵਿਚ ਦਾਲ-ਰੋਟੀ ਦਾ ਕੀ ਹਾਲ ਹੈ, ਇਸ ਦੀ ਚਰਚਾ ਨਹੀਂ ਕਰਦਾ। ਜਦੋਂ ਕਰਨ ਲੱਗੇਗਾ ਤਾਂ ਅੰਕੜਿਆਂ ਤੋਂ ਖਾਲੀ ਕਹਾਣੀਆਂ ਸੁਣਾ ਕੇ ਵੀ ਭੀੜਾਂ ਤੋਂ ਤਾੜੀਆਂ ਉਸ ਨੇ ਮਰਵਾ ਲੈਣੀਆਂ ਹਨ।

ਇਸ ਹਫਤੇ ਭਾਰਤੀ ਰਿਜ਼ਰਵ ਬੈਂਕ ਨੇ ਕੁਝ ਅੰਕੜੇ ਰਿਲੀਜ਼ ਕੀਤੇ ਹਨ ਤੇ ਇਨ੍ਹਾਂ ਵਿਚ ਕਨਜ਼ਿਊਮਰ ਕੌਨਫੀਡੈਂਸ ਇੰਡੈਕਸ (ਖਪਤਕਾਰ ਭਰੋਸੇਯੋਗਤਾ ਸੂਚਕ ਅੰਕ) ਵੀ ਸ਼ਾਮਲ ਹੈ, ਜੋ ਇਹ ਦੱਸਣ ਨੂੰ ਕਾਫੀ ਹੈ ਕਿ ਸਰਕਾਰ ਬਾਰੇ ਦੇਸ਼ ਦੇ ਲੋਕਾਂ ਦਾ ਭਰੋਸਾ ਖੁਰ ਰਿਹਾ ਹੈ। ਇਸ ਸੂਚਕ ਅੰਕ ਮੁਤਾਬਕ ਪ੍ਰਧਾਨ ਮੰਤਰੀ ਵੀ. ਪੀ. ਸਿੰਘ ਦੇ ਰਾਜ ਵੇਲੇ ਭਾਰਤ ਦੀ ਆਰਥਕਤਾ ਏਨੀ ਨੀਵੀਂ ਚਲੀ ਗਈ ਕਿ ਰਿਜ਼ਰਵ ਬੈਂਕ ਨੂੰ ਸੋਨਾ ਵਿਦੇਸ਼ ਵਿਚ ਗਹਿਣੇ ਰੱਖਣਾ ਪਿਆ ਸੀ, ਤੇ ਫਿਰ ਏਨੀ ਸੁਧਰ ਗਈ ਕਿ ਵਿਦੇਸ਼ੀ ਕਰੰਸੀ ਦੇ ਭੰਡਾਰ ਭਰਨ ਲੱਗੇ ਸਨ, ਉਹ ਫਿਰ ਡਿੱਗਣ ਲੱਗੀ ਹੈ।

ਕਿਸੇ ਹੋਰ ਦੇ ਦੱਸੇ ਦੀ ਗੱਲ ਅਸੀਂ ਨਾ ਕਰੀਏ, ਭਾਰਤ ਦੇ ਪੁਰਾਣੇ ਯੋਜਨਾ ਕਮਿਸ਼ਨ ਦਾ ਨਾਂ ਬਦਲ ਕੇ ਬਣਾਏ ਨੀਤੀ ਆਯੋਗ ਦੇ ਮੀਤ ਪ੍ਰਧਾਨ ਨੇ ਪਿਛਲੇ ਮਹੀਨੇ ਇਹ ਸੱਚ ਮੰਨ ਲਿਆ ਕਿ ਜਿੰਨੀ ਮੰਦੀ ਹਾਲਤ ਅੱਜ ਹੈ, ਏਨੀ ਬੀਤੇ ਦਸ ਸਾਲ ਵਿਚ ਕਦੇ ਵੀ ਨਹੀਂ ਹੋਈ। ਅਗਲਾ ਹਫਤਾ ਸਾਰੀ ਕੇਂਦਰ ਸਰਕਾਰ ਇਸ ਬਿਆਨ ਦਾ ਅਸਰ ਪੂੰਝਣ ਲੱਗੀ ਰਹੀ। ਪਿਛਲੇ ਹਫਤੇ ਦੇਸ਼ ਦੇ ਰਿਜ਼ਰਵ ਬੈਂਕ ਨੇ ਉਹ ਸੱਚ ਪੇਸ਼ ਕਰ ਦਿੱਤਾ ਹੈ ਕਿ ਇਸ ਦਾ ਦਾਗ ਪੂੰਝਣ ਲਈ ਸਰਕਾਰ ਨੂੰ ਅਗਲਾ ਹਫਤਾ ਫੇਰ ਪੋਚਾ ਮਾਰਨ ਦਾ ਕੰਮ ਕਰਨਾ ਪੈਣਾ ਹੈ।

ਦੇਸ਼ ਦੀ ਆਰਥਕਤਾ ਦੀ ਮਜ਼ਬੂਤੀ ਏਥੋਂ ਲੱਭਦੀ ਹੈ ਕਿ ਲੋਕਾਂ ਦਾ ਆਪਣੀ ਸਰਕਾਰ ਤੇ ਸਿਸਟਮ ਵਿਚ ਭਰੋਸਾ ਕਿੰਨਾ ਹੈ ਤੇ ਇਸ ਸੂਚਕ ਅੰਕ ਦੇ ਅੰਕੜੇ ਸੌ ਤੋਂ ਉਪਰ ਚਲੇ ਜਾਣ ਤਾਂ ਸਰਕਾਰ ਦਾ ਪੱਖ ਮਜ਼ਬੂਤ ਅਤੇ ਸੌ ਤੋਂ ਹੇਠਾਂ ਡਿੱਗਣ ਤਾਂ ਸਰਕਾਰ ਵੱਲ ਬੇਭਰੋਸਗੀ ਪਤਾ ਲੱਗਦੀ ਹੈ। ਇਸ ਹਫਤੇ ਰਿਜ਼ਰਵ ਬੈਂਕ ਨੇ ਜੋ ਚਾਰਟ ਪੇਸ਼ ਕੀਤਾ, ਉਹ ਦੱਸਦਾ ਹੈ ਕਿ ਬੇਭਰੋਸਗੀ ਪਹਿਲਾਂ ਬੜੀ ਘੱਟ ਸੀ ਅਤੇ ਨਰਿੰਦਰ ਮੋਦੀ ਦਾ ਰਾਜ ਆਏ ਤੋਂ ਇਸ ਦਾ ਅਕਸ ਵਧਿਆ ਸੀ, ਫਿਰ ਏਨਾ ਡਿੱਗ ਪਿਆ ਹੈ ਕਿ ਅੱਜ ਉਸ ਦਾ ਜ਼ਿਕਰ ਵੀ ਕੰਬਣੀ ਛੇੜ ਦਿੰਦਾ ਹੈ।

ਆਹ ਅਕਤੂਬਰ ਸ਼ੁਰੂ ਹੋਣ ਲੱਗਿਆਂ ਰਿਜ਼ਰਵ ਬੈਂਕ ਨੇ ਜੋ ਲੇਖਾ ਰੱਖਿਆ ਹੈ, ਉਸ ਮੁਤਾਬਕ ਮਾਰਚ 2014 ਵਿਚ ਡਾ. ਮਨਮੋਹਨ ਸਿੰਘ ਦੇ ਸਮੇਂ ਦੇਸ਼ ਦੀ ਸਰਕਾਰ 'ਤੇ ਲੋਕਾਂ ਦਾ ਭਰੋਸਾ ਸੌ ਦੇ ਅੰਕੜੇ ਤੋਂ ਹੇਠਾਂ ਮਸਾਂ ਅਠਾਨਵੇਂ ਤੋਂ ਕੁਝ ਕੁ ਉਪਰ ਸੀ। ਦੋ ਮਹੀਨੇ ਬਾਅਦ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਭਰੋਸਾ ਵਧ ਕੇ ਇੱਕ ਸਾਲ ਦੇ ਅੰਦਰ ਇੱਕ ਸੌ ਪੰਜ ਦੇ ਅੰਕੜੇ ਤੱਕ ਪਹੁੰਚ ਗਿਆ ਤੇ ਬੇਭਰੋਸਗੀ ਦੀ ਕੋਈ ਗੱਲ ਤੱਕ ਨਹੀਂ ਸੀ ਕਰ ਸਕਦਾ। ਫਿਰ ਇਹ ਭਰੋਸਾ ਡਿੱਗਣ ਲੱਗ ਪਿਆ ਤੇ ਡਿੱਗਦਾ-ਡਿੱਗਦਾ ਡਾ. ਮਨਮੋਹਨ ਸਿੰਘ ਦੇ ਅਠਾਨਵੇਂ ਵਾਲੇ ਅੰਕ ਤੋਂ ਵੀ ਹੇਠਾਂ ਪਚਾਨਵੇਂ 'ਤੇ ਆ ਗਿਆ, ਪਰ ਅਗਲੀਆਂ ਪਾਰਲੀਮੈਂਟ ਚੋਣਾਂ ਨੇੜੇ ਜਾ ਕੇ ਸਰਕਾਰ ਨੇ ਕੁਝ ਏਦਾਂ ਦੇ ਕਦਮ ਚੁੱਕੇ ਕਿ ਉਸ ਵਿਚ ਫਿਰ ਵਧ ਕੇ ਬਰਾਬਰੀ ਦੇ ਸੌ ਨੰਬਰ ਦਾ ਅੰਕੜਾ ਟੱਪਿਆ ਅਤੇ ਇੱਕ ਸੌ ਪੰਜ ਤੱਕ ਚਲਾ ਗਿਆ। ਫਿਰ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਸਰਕਾਰ ਦੋਹਰੀ ਵਾਰ ਬਣੀ ਤੇ ਇਸ ਦੇ ਪਿੱਛੋਂ ਲੁਕਵੀਂ ਹਾਲਤ ਬਾਹਰ ਆਉਣ ਲੱਗ ਪਈ ਅਤੇ ਇਸ ਦੇ ਨਾਲ ਹੀ ਸਰਕਾਰ ਵਿਚ ਬੇਭਰੋਸਗੀ ਮੁੜ ਵਧਣ ਲੱਗ ਪਈ।

ਪਾਰਲੀਮੈਂਟ ਦੇ ਚੋਣ ਨਤੀਜੇ ਤੋਂ ਇੱਕਦਮ ਪਿੱਛੋਂ ਇਹ ਭਰੋਸਾ ਡਿੱਗ ਕੇ 97ਵੇਂ 'ਤੇ ਆ ਗਿਆ ਤੇ ਜੁਲਾਈ ਵਿਚ 96ਵੇਂ ਤੋਂ ਡਿੱਗਦਾ ਸਤੰਬਰ ਦੇ ਅੰਤ ਤੱਕ ਨੱਬੇ ਤੋਂ ਵੀ ਹੇਠਾਂ ਆ ਗਿਆ। ਇਸ ਦੌਰਾਨ ਬੈਂਕਾਂ ਵਿਚ ਆਮ ਲੋਕਾਂ ਦੀ ਬੇਭਰੋਸਗੀ ਕਾਰਨ ਰੋਜ਼ ਅਫਵਾਹਾਂ ਦੇ ਦੌਰ ਚੱਲੇ ਤੇ ਇਸੇ ਕਾਰਨ ਸ਼ੇਅਰ ਮਾਰਕਿਟ ਦੀ ਉਠਕ-ਬੈਠਕ ਦਿਸੀ, ਪਰ ਸਰਕਾਰ ਇਸ ਨੂੰ ਨੁਕਸ ਹੀ ਨਹੀਂ ਮੰਨਦੀ।

ਜਦੋਂ ਦੇਸ਼ ਦੀ ਸਰਕਾਰ ਨੂੰ ਡਿੱਗ ਰਹੀ ਆਰਥਕਤਾ ਸੰਭਾਲਣ ਵੱਲ ਧਿਆਨ ਦੇਣਾ ਚਾਹੀਦਾ ਹੈ, ਪ੍ਰਧਾਨ ਮੰਤਰੀ ਦਾ ਧਿਆਨ ਇਸ ਗੱਲ ਵਿਚ ਲੱਗਾ ਰਿਹਾ ਕਿ ਫਲਾਣਾ ਦੇਸ਼ ਮੈਂ ਗਾਹ ਲਿਆ ਹੈ ਅਤੇ ਫਲਾਣਾ ਰਹਿ ਗਿਆ ਹੈ। ਇਹ ਗੱਲ ਵੀ ਚਰਚਾ ਵਿਚ ਰਹਿੰਦੀ ਹੈ ਕਿ ਭਾਰਤ ਦੀ ਰਾਜਨੀਤੀ ਦਾ ਢੰਡੋਰਾ ਪ੍ਰਧਾਨ ਮੰਤਰੀ ਵਿਦੇਸ਼ ਜਾ ਕੇ ਪਿੱਟਦਾ ਹੈ ਤੇ ਉਥੇ ਜੋ ਵੱਡੇ ਇਕੱਠ ਮੋਟਾ ਪੈਸਾ ਖਰਚ ਕੇ ਕਰਾਏ ਜਾਂਦੇ ਹਨ, ਉਨ੍ਹਾਂ ਨਾਲ ਭਾਰਤ ਦੇ ਲੋਕਾਂ ਨੂੰ ਇਹ ਯਕੀਨ ਦੇਣ ਵਾਸਤੇ ਯਤਨ ਕੀਤਾ ਜਾਂਦਾ ਹੈ ਕਿ ਤੁਹਾਡੀ ਕਿਸਮਤ ਸੰਸਾਰ ਪੱਧਰ ਦੀ ਹਸਤੀ ਦੇ ਹੱਥਾਂ ਵਿਚ ਹੈ। ਹਰ ਵਾਰੀ ਕਿਹਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੇ ਦੌਰੇ ਪਿੱਛੋਂ ਵਿਦੇਸ਼ੀ ਪੂੰਜੀ ਦਾ ਹੜ੍ਹ ਆ ਜਾਵੇਗਾ, ਪਰ ਪੂੰਜੀ ਨਿਵੇਸ਼ ਦਾ ਹੜ੍ਹ ਨਹੀਂ ਆਉਂਦਾ।

ਕਦੀ ਨਾ ਕਦੀ ਆਮ ਲੋਕਾਂ ਦਾ ਧਿਆਨ ਇਸ ਪਾਸੇ ਹੋ ਸਕਦਾ ਹੈ, ਉਦੋਂ ਇਸ ਤਰ੍ਹਾਂ ਦੀਆਂ ਭੀੜਾਂ ਦੀ ਲੋੜ ਹੈ, ਜੋ ਲੋਕਾਂ ਦੇ ਮਨਾਂ ਵਿਚ ਇਹ ਗੱਲ ਪਾ ਸਕਣ ਕਿ ਚਾਰ ਦਿਨ ਰੋਟੀ-ਦਾਲ ਨਹੀਂ ਮਿਲੀ ਤਾਂ ਸਾਨੂੰ ਕੋਈ ਫਰਕ ਨਹੀਂ ਪੈਂਦਾ, ਧਰਮ ਦੀ ਜੈ ਜੈਕਾਰ ਦਾ ਮੌਕਾ ਹੱਥੋਂ ਨਹੀਂ ਜਾਣ ਦੇਣਾ। ਕਿਸੇ ਨੂੰ ਸਾਈਕਲ ਚੋਰ ਕਹਿ ਕੇ ਕੁੱਟਣਾ ਹੈ ਤਾਂ ਨਾਅਰਾ ਉਸ ਕੋਲੋਂ 'ਜੈ ਸ੍ਰੀ ਰਾਮ' ਦਾ ਇਸ ਲਈ ਲਵਾਉਣਾ ਹੈ ਕਿ ਇਸ ਕੁਟਾਪੇ ਨੂੰ ਧਰਮ ਦੀ ਸੇਵਾ ਕਹਿ ਕੇ ਲੋਕਾਂ ਦਾ ਧਿਆਨ ਉਨ੍ਹਾਂ ਦੀ ਜ਼ਿੰਦਗੀ ਦੇ ਮੁੱਦਿਆਂ ਵਲੋਂ ਹਟਾਇਆ ਜਾ ਸਕੇ। ਇਹ ਖੇਡ ਪੰਜ ਸਾਲ ਪਹਿਲਾਂ ਪਿੰਡ ਬਿਸਾਹੜਾ ਵਿਚ ਅਖਲਾਕ ਖਾਨ ਦੇ ਕਤਲ ਤੋਂ ਸ਼ੁਰੂ ਹੋਈ ਤੇ ਕਿਹਾ ਗਿਆ ਸੀ ਕਿ ਉਸ ਦੇ ਘਰੋਂ ਗਾਂ ਦਾ ਮਾਸ ਮਿਲਿਆ ਹੈ। ਫਿਰ ਉਸ ਪਿੱਛੋਂ ਕਈ ਰਾਜਾਂ ਤੋਂ ਹੁੰਦੀ ਪਤਾ ਨਹੀਂ ਕਿੱਥੋਂ ਤੱਕ ਗਈ, ਪਰ ਨਾ ਇਹ ਖੇਡ ਕਦੀ ਆਪ ਹੀ ਰੁਕੀ ਤੇ ਨਾ ਸਰਕਾਰ ਨੇ ਰੋਕਣ ਦੀ ਕੋਸ਼ਿਸ਼ ਕੀਤੀ।

ਉਲਟਾ ਹੋਇਆ ਇਹ ਕਿ ਇੱਕ ਵਾਰੀ ਦੇਸ਼ ਦੀਆਂ 49 ਪ੍ਰਮੁੱਖ ਹਸਤੀਆਂ ਨੇ ਇਸ ਦੇ ਵਿਰੋਧ ਦਾ ਮਨ ਬਣਾਇਆ ਤੇ ਪ੍ਰਧਾਨ ਮੰਤਰੀ ਨੂੰ ਇੱਕ ਖੁੱਲ੍ਹੀ ਚਿੱਠੀ ਲਿਖੀ ਅਤੇ ਭੀੜਾਂ ਵੱਲੋਂ ਜਣੇ-ਖਣੇ ਨੂੰ ਕੁੱਟ-ਕੁੱਟ ਮਾਰ ਦੇਣ ਦੇ ਕਾਂਡ ਰੋਕਣ ਦੀ ਬੇਨਤੀ ਕੀਤੀ। ਉਨ੍ਹਾਂ ਦੇ ਵਿਰੋਧ ਵਿਚ ਇੱਕ ਕੁਝਿੱਤਣਾਂ ਭਰਪੂਰ ਚਿੱਠੀ 61 ਹਸਤੀਆਂ ਨੇ ਲਿਖ ਦਿੱਤੀ ਕਿ ਤੁਸੀਂ ਇਹ ਚਿੱਠੀ ਲਿਖ ਕੇ ਦੇਸ਼ ਦੀ ਬਦਨਾਮੀ ਹੀ ਨਹੀਂ ਕੀਤੀ, ਤੁਸੀਂ ਦੇਸ਼ ਧਰੋਹ ਕੀਤਾ ਹੈ। ਇੱਕ ਜਣੇ ਨੇ ਉਨ੍ਹਾਂ ਨੂੰ ਨੇਕ ਸਲਾਹ ਦੇਣ ਵਾਲਿਆਂ ਵਿਰੁਧ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ। ਅਗਲੀ ਗੱਲ ਇਹ ਵਾਪਰੀ ਕਿ ਭੀੜਾਂ ਭੜਕਾਉਣ ਤੇ ਉਨ੍ਹਾਂ ਦੇ ਸਰਪ੍ਰਸਤਾਂ ਦਾ ਵਾਲ ਵੀ ਵਿੰਗਾ ਨਾ ਹੋਇਆ ਤੇ ਨੇਕੀ ਦੀ ਸਲਾਹ ਦੇਣ ਵਾਲੇ 49 ਲੋਕਾਂ 'ਤੇ ਬੀਤੇ ਹਫਤੇ ਦੇਸ਼-ਧਰੋਹ ਦਾ ਕੇਸ ਬਣ ਗਿਆ।

ਜਿਨ੍ਹਾਂ ਦੇਸ਼ਾਂ ਵਿਚ ਲੋਕਾਂ ਦਾ ਧਿਆਨ ਉਥੋਂ ਦੀ ਵਿਗੜੀ ਆਰਥਕਤਾ ਅਤੇ ਹੋਰ ਮਸਲਿਆਂ ਤੋਂ ਹਟਾਉਣ ਦੀ ਖੇਡ ਖੇਡੀ ਗਈ ਅਤੇ ਜਿਹੜੇ ਦੇਸ਼ਾਂ ਨੂੰ ਉਹ ਲੀਡਰ ਮਿਲ ਗਏ, ਜਿਨ੍ਹਾਂ ਦੇ ਪਿੱਛੇ ਖੜੀ ਭੀੜ ਕੁਝ ਵੀ ਕਰਨ ਨੂੰ ਤਿਆਰ ਹੋਵੇ, ਉਥੇ ਅਕਲਾਂ ਨੂੰ ਜਿੰਦਰੇ ਲੱਗਣ ਵਾਲਾ ਦੌਰ ਸ਼ੁਰੂ ਹੁੰਦਾ ਹੈ ਅਤੇ ਫਿਰ ਪਿਛਲੀ ਸਭ ਕੀਤੀ-ਕੱਤਰੀ ਖੂਹ ਵਿਚ ਪੈਣ ਵਾਲੀ ਗੱਲ ਵਾਪਰਦੀ ਹੈ। ਭਾਰਤ ਸਦੀਆਂ ਦੇ ਸਫਰ ਵਿਚ, ਯੁੱਗਾਂ ਦੇ ਪੈਂਡੇ ਵਿਚ ਜਿਸ ਲੀਹ ਤੋਂ ਕਦੇ ਨਹੀਂ ਸੀ ਲੱਥਾ, ਇਸ ਵੇਲੇ ਲੱਥ ਰਿਹਾ ਜਾਪਦਾ ਹੈ ਅਤੇ ਇਸ ਦੌਰਾਨ ਇਸ ਦੇਸ਼ ਦੀ ਅਗਵਾਈ ਏਨੇ ਸੁਲੱਖਣੇ ਹੱਥਾਂ ਵਿਚ ਹੈ ਕਿ ਅਕਲ ਦੀ ਗੱਲ ਕਰਨਾ ਵੀ 'ਦੇਸ਼ ਧਰੋਹ' ਮੰਨਿਆ ਜਾਣ ਲੱਗਾ ਹੈ।

# ਡਿਗਦੀ ਜੀ.ਡੀ.ਪੀ. ਗੰਭੀਰ ਚਿੰਤਾ ਦਾ ਵਿਸ਼ਾ

ਹਾਲ ਹੀ ਵਿਚ ਜੀ. ਡੀ. ਪੀ. ਦੇ ਸੰਦਰਭ 'ਚ ਵਿਸ਼ਵ ਬੈਂਕ ਵਲੋਂ ਜੋ ਤਸਵੀਰ ਪੇਸ਼ ਕੀਤੀ ਗਈ ਹੈ, ਉਸ 'ਚ ਭਾਰਤ ਦੀ ਰੈਂਕਿੰਗ 5ਵੇਂ ਸਥਾਨ ਤੋਂ ਖਿਸਕ ਕੇ 7ਵੇਂ ਸਥਾਨ 'ਤੇ ਆ ਜਾਣਾ ਜਿਥੇ ਸਮੁੱਚੇ ਦੇਸ਼ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ, ਉਥੇ ਮੌਜੂਦਾ ਸਰਕਾਰ ਦੀ ਕਿਤੇ ਨਾ ਕਿਤੇ ਨਾਕਾਮੀ ਦਾ ਪ੍ਰਤੱਖ ਪ੍ਰਮਾਣ ਵੀ ਹੈ। ਜੀ. ਡੀ. ਪੀ. ਦਾ ਜੋ ਹਾਲ ਚੱਲ ਰਿਹਾ ਹੈ, ਅਜਿਹੇ ਵਿਚ ਗ੍ਰੋਥ ਰੇਟ 'ਚ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650
abbasdhaliwal72@gmail.com

ਸੁਧਾਰ ਦੀ ਫਿਲਹਾਲ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ ਅਤੇ ਇਸ ਗੱਲ ਦਾ ਵੀ ਡਰ ਹੈ ਕਿ ਕਿਤੇ ਇਹ ਹੋਰ ਹੇਠਾਂ ਨਾ ਖਿਸਕ ਜਾਵੇ।

ਇਕ ਹੋਰ ਰਿਪੋਰਟ ਮੁਤਾਬਕ ਇਸ ਸਮੇਂ ਏਸ਼ੀਅਨ ਦੇਸ਼ਾਂ ਦੀ ਜੀ. ਡੀ. ਪੀ. ਦੀ ਜੇ ਗੱਲ ਕਰੀਏ ਤਾਂ ਬੰਗਲਾਦੇਸ਼ ਦੀ ਜੀ. ਡੀ. ਪੀ. 8.12%, ਨੇਪਾਲ ਦੀ 7.9%, ਭੂਟਾਨ ਦੀ 7.4%, ਚੀਨ ਦੀ 6.9%, ਮਿਆਂਮਾਰ ਦੀ 6.8%, ਫਿਲੀਪੀਨ ਦੀ 6.7%, ਮਲੇਸ਼ੀਆ ਦੀ 5.9% ਹੈ, ਜਦੋਂ ਕਿ ਪਾਕਿਸਤਾਨ ਦੀ 5.4%, ਇੰਡੋਨੇਸ਼ੀਆ 5.1% ਅਤੇ ਭਾਰਤ ਦੀ ਜੀ. ਡੀ. ਪੀ. 5% 'ਤੇ ਖੜੀ ਹੈ।

ਇਸ ਦੇ ਨਾਲ ਨਾਲ ਫਾਰਨ ਐਕਸਚੇਂਜ ਰੇਟ 'ਚ ਉਲਟ-ਫੇਰ ਤੋਂ ਇਲਾਵਾ ਭਾਰਤ ਦੀ ਆਰਥਕ ਹਾਲਤ ਨੇ ਵੀ ਚਿੰਤਾ ਵਧਾਈ ਹੈ। ਕੁਝ ਤਾਂ ਅਜਿਹੀ ਹੈ, ਜੋ ਖੁਦ ਸਰਕਾਰ ਦੇ ਫੈਸਲਿਆਂ ਨਾਲ ਪੈਦਾ ਹੋਈ ਹੈ, ਜਿਵੇਂ ਕਿ ਨੋਟਬੰਦੀ ਤੇ ਜੀ. ਐਸ. ਟੀ. ਲਾਗੂ ਹੋਣ ਨਾਲ ਛੋਟੇ ਕਾਰੋਬਾਰੀਆਂ ਦੀਆਂ ਦਿੱਕਤਾਂ ਅਜੇ ਵੀ ਕਾਫੀ ਹੱਦ ਤੱਕ ਜਿਉਂ ਦੀਆਂ ਤਿਉਂ ਹਨ।

ਭਾਰਤ ਦੀ ਅਰਥ ਵਿਵਸਥਾ ਰੈਂਕਿੰਗ ਪੱਛੜਨ ਦੇ ਸੰਦਰਭ ਵਿਚ ਇੰਡੀਆ ਰੇਟਿੰਗਜ਼ ਐਂਡ ਰਿਸਰਚ ਦੇ ਚੀਫ ਇਕਨਾਮਿਸਟ ਦੇਵੇਂਦਰ ਪੰਤ ਅਨੁਸਾਰ ਇਹ ਉਲਟ-ਫੇਰ ਡਾਲਰ ਦੇ ਐਕਸਚੇਂਜ ਕਾਰਨ ਵਿਖਾਈ ਦਿੱਤਾ ਹੈ। ਸਾਲ 2017 'ਚ ਡਾਲਰ ਦੇ ਮੁਕਾਬਲੇ ਰੁਪਏ 'ਚ ਮਜ਼ਬੂਤੀ ਰਹੀ ਸੀ। ਇਸ ਦਾ ਫਾਇਦਾ ਭਾਰਤ ਨੂੰ ਮਿਲਿਆ ਅਤੇ ਉਹ ਅੱਗੇ ਨਿਕਲ ਗਿਆ। ਇਸ ਦੇ ਉਲਟ 2018 'ਚ ਰੁਪਏ 'ਚ ਕਮਜ਼ੋਰੀ ਦਿਸੀ ਤੇ ਉਹ ਫਿਰ ਤੋਂ 2 ਸਥਾਨ ਹੇਠਾਂ ਆ ਗਿਆ।

ਆਰਥਕ ਮੋਰਚੇ 'ਤੇ ਦੇਸ਼ ਦੀਆਂ ਦਿੱਕਤਾਂ ਵਿਚ ਇਸ ਸਾਲ ਕੋਈ ਸੁਧਾਰ ਹੁੰਦਾ ਨਹੀਂ ਦਿਸ ਰਿਹਾ। ਹਾਲ ਹੀ ਵਿਚ ਕੋਰ ਸੈਕਟਰ ਦੀ ਵਿਕਾਸ ਦਰ ਜੂਨ 'ਚ 0.4% ਰਹਿ ਗਈ। ਅਰਥ ਵਿਵਸਥਾ ਨੂੰ ਰਫਤਾਰ ਦੇਣ ਵਾਲੇ ਰੀਅਲਟੀ ਅਤੇ ਆਟੋ ਸੈਕਟਰ ਦੀਆਂ ਸਮੱਸਿਆਵਾਂ ਖਤਮ ਹੋਣ ਦਾ ਨਾਂ ਨਹੀਂ ਲੈ ਰਹੀਆਂ। ਇਹੋ ਕਾਰਨ ਹੈ ਕਿ ਵਿਕਾਸ ਦਰ ਅਨੁਮਾਨ 'ਚ ਤਮਾਮ ਏਜੰਸੀਆਂ ਲਗਾਤਾਰ ਕਟੌਤੀ ਕਰ ਰਹੀਆਂ ਹਨ। ਰੇਟਿੰਗ ਏਜੰਸੀ ਕ੍ਰਿਸਿਲ ਨੇ ਚਾਲੂ ਵਿੱਤੀ ਸਾਲ ਲਈ ਗ੍ਰੋਥ ਰੇਟ ਦਾ ਅਨੁਮਾਨ 7.1% ਤੋਂ ਘਟਾ ਕੇ 6.9% ਕਰ ਦਿੱਤਾ ਹੈ। ਕ੍ਰਿਸਿਲ ਦੇ ਚੀਫ ਇਕਨਾਮਿਸਟ ਡੀ. ਕੇ. ਜੋਸ਼ੀ ਅਨੁਸਾਰ ਫਿਲਹਾਲ ਦੇਸ਼ ਨੂੰ ਦਰਪੇਸ਼ ਮੁਸ਼ਕਿਲਾਂ ਵਿਚ ਰਾਹਤ ਮਿਲਦੀ ਨਜ਼ਰ ਨਹੀਂ ਆਉਂਦੀ।

ਜੇ ਪਿਛਲੇ ਸਾਲਾਂ ਦਾ ਲੇਖਾ-ਜੋਖਾ ਕਰੀਏ ਤਾਂ ਨੋਟਬੰਦੀ ਕਾਰਨ ਦੇਸ਼ ਦੀ ਆਰਥਕ ਵਿਕਾਸ ਦਰ ਮਾਰਚ ਤਿਮਾਹੀ 'ਚ 6.1% ਰਹੀ। ਇਸ ਨਾਲ ਪੂਰੇ ਵਿੱਤੀ ਸਾਲ 'ਚ ਵਿਕਾਸ ਦਰ ਤਿੰਨ ਦੇ ਹੇਠਲੇ ਪੱਧਰ 7.1% 'ਤੇ ਆ ਗਈ। ਵਿਕਾਸ 'ਚ ਗਿਰਾਵਟ ਨਾਲ ਭਾਰਤ ਨੇ ਵਿਕਾਸ ਵਾਲੇ ਦੇਸ਼ ਦਾ ਤਮਗਾ ਗਵਾ ਦਿੱਤਾ ਹੈ। ਮੁੱਖ ਰੂਪ ਵਿਚ ਵਿਨਿਰਮਾਣ ਖੇਤਰ ਤੇ ਸੇਵਾ ਖੇਤਰ ਦੇ ਖਰਾਬ ਪ੍ਰਦਰਸ਼ਨ ਕਾਰਨ ਆਰਥਕ ਵਿਕਾਸ ਦੀ ਦਰ ਘਟੀ ਹੈ।

ਸਾਲ 2015-16 'ਚ ਜੀ. ਡੀ. ਪੀ. ਵਿਕਾਸ ਦਰ 8% ਅਤੇ ਇਸ ਤੋਂ ਪਹਿਲੇ ਵਿੱਤੀ ਸਾਲ 'ਚ 7.5% ਸੀ। ਖੇਤੀਬਾੜੀ ਖੇਤਰ ਦੇ ਵਧੀਆ ਪ੍ਰਦਰਸ਼ਨ ਦੇ ਬਾਵਜੂਦ 2016-17 'ਚ ਵਿਕਾਸ ਦਰ ਘਟੀ ਹੈ। ਚੀਨ ਦੀ ਆਰਥਕ ਵਿਕਾਸ ਦਰ 2017 ਦੀ ਜਨਵਰੀ-ਮਾਰਚ ਤਿਮਾਹੀ 'ਚ 6.9% ਰਹੀ। ਭਾਰਤ ਨੇ ਪਹਿਲੀ ਵਾਰ 2015 'ਚ ਜੀ. ਡੀ. ਪੀ. ਵਿਕਾਸ ਦੇ ਮਾਮਲੇ 'ਚ ਚੀਨ ਨੂੰ ਪਿੱਛੇ ਛੱਡਿਆ ਸੀ।

ਪਿਛਲੇ ਸਮੇਂ ਕੇਂਦਰੀ ਅੰਕੜਾ ਦਫਤਰ (ਸੀ. ਐਸ. ਓ.) ਵੱਲੋਂ ਜਾਰੀ ਇਕ ਰਿਪੋਰਟ ਮੁਤਾਬਕ 2018-19 ਦੀ ਚੌਥੀ ਤਿਮਾਹੀ ਵਿਚ ਦੇਸ਼ ਦੀ ਵਿਕਾਸ ਦਰ 5.8% ਰਹੀ, ਜੋ ਪਿਛਲੇ ਪੰਜ ਸਾਲਾਂ ਦਾ ਹੇਠਲਾ ਪੱਧਰ ਹੈ। ਇਨ੍ਹਾਂ ਅੰਕੜਿਆਂ ਅਨੁਸਾਰ ਵਿਕਾਸ ਦੀ ਦੌੜ ਵਿਚ ਭਾਰਤ ਚੀਨ ਤੋਂ ਪੱਛੜ ਗਿਆ ਹੈ। ਸੀ. ਐਸ. ਓ. ਅਨੁਸਾਰ ਖੇਤੀ ਅਤੇ ਮੈਨੂਫੈਕਚਰਿੰਗ ਸੈਕਟਰ ਵਿਚ ਵਿਕਾਸ ਦਰ ਘਟਣ ਨਾਲ ਦੇਸ਼ ਦੀ ਸਮੁੱਚੀ ਵਿਕਾਸ ਦਰ 'ਤੇ ਨਾਂਹਪੱਖੀ ਅਸਰ ਪਿਆ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਲੋਕ ਸਭਾ ਦੇ ਇਕ ਪ੍ਰਸ਼ਨ-ਉਤਰ ਕਾਲ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਮੌਜੂਦਾ ਸਰਕਾਰ ਨੇ ਦੇਸ਼ ਦੀਆਂ ਕਰੀਬ 6.8 ਲੱਖ ਕੰਪਨੀਆਂ ਨੂੰ ਤਾਲਾ ਲਾ ਦਿੱਤਾ ਹੈ। ਇਨ੍ਹਾਂ ਬੰਦ ਕੰਪਨੀਆਂ 'ਚੋਂ 1.42 ਲੱਖ ਤੋਂ ਵਧੇਰੇ ਮਹਾਰਾਸ਼ਟਰ ਦੀਆਂ ਸਨ, ਜਦੋਂ ਕਿ 1.25 ਲੱਖ ਤੋਂ ਵੀ ਵੱਧ ਕੰਪਨੀਆਂ ਦਿੱਲੀ ਅਤੇ ਕਰੀਬ 67,000 ਪੱਛਮੀ ਬੰਗਾਲ ਦੀਆਂ ਹਨ। ਇਸ ਸੰਦਰਭ ਵਿਚ ਵਿੱਤ ਮੰਤਰੀ ਸੀਤਾਰਮਨ ਦੀ ਇਹ ਦਲੀਲ ਸੀ ਕਿ ਸਰਕਾਰ ਨੇ ਉਨ੍ਹਾਂ ਕੰਪਨੀਆਂ ਨੂੰ ਵਿਸ਼ੇਸ਼ ਮੁਹਿੰਮ ਤਹਿਤ ਬੰਦ ਕੀਤਾ ਹੈ, ਜਿਨ੍ਹਾਂ ਨੇ ਪਿਛਲੇ ਦੋ ਸਾਲਾਂ ਤੋਂ ਆਪਣੀਆਂ ਵਿੱਤੀ ਸਟੇਟਮੈਂਟਾਂ ਜਾਂ ਸਾਲਾਨਾ ਰਿਟਰਨਾਂ ਫਾਈਲ ਨਹੀਂ ਕੀਤੀਆਂ।

ਇਕ ਹੋਰ ਰਿਪੋਰਟ ਅਨੁਸਾਰ ਮਹਿੰਗਾਈ ਦਰ ਭਾਰਤੀ ਰਿਜ਼ਰਵ ਬੈਂਕ ਦੇ ਟੀਚੇ ਤੋਂ ਹੇਠਾਂ ਆ ਗਈ। ਵਿਸ਼ਵ ਬੈਂਕ ਨੇ ਕਿਹਾ ਕਿ ਸ਼ਹਿਰਾਂ ਵਿਚ ਕਰਜ਼ਾ ਵਧਣ ਨਾਲ ਖਪਤ ਵਧੀ ਹੈ ਅਤੇ ਪਿੰਡਾਂ ਵਿਚ ਖੇਤੀਬਾੜੀ ਉਪਜ ਦੀ ਕੀਮਤ ਡਿੱਗਣ ਨਾਲ ਖਪਤ ਘਟੀ ਹੈ।

2018 ਦੇ ਆਖਰੀ ਮਹੀਨਿਆਂ ਵਿਚ ਆਰਥਕ ਗਤੀਵਿਧੀਆਂ ਵਿਚ ਆਈ ਗਿਰਾਵਟ ਦਾ ਅਸਰ 2019 ਦੀ ਪਹਿਲੀ ਤਿਮਾਹੀ ਵਿਚ ਵੀ ਵੇਖਣ ਨੂੰ ਮਿਲਿਆ, ਜਿਵੇਂ ਕਿ ਸੇਵਾ ਅਤੇ ਨਿਰਮਾਣ ਸੈਕਟਰ ਦੇ ਖਰੀਦਦਾਰੀ ਮੈਨੇਜਰਜ਼ ਇੰਡੈਕਸ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ।

ਵਿਸ਼ਵ ਬੈਂਕ ਦੀ ਰਿਪੋਰਟ ਦੇ ਇਕ ਹੋਰ ਖੁਲਾਸੇ ਮੁਤਾਬਕ ਘੱਟ ਆਮਦਨ ਵਾਲੇ ਦੇਸ਼ਾਂ ਦੀ ਵਿਕਾਸ ਦਰ ਇਸ ਸਾਲ ਦੇ 5.4% ਤੋਂ ਵਧ ਕੇ ਅਗਲੇ ਸਾਲ 6% 'ਤੇ ਪਹੁੰਚਣ ਦਾ ਅੰਦਾਜ਼ਾ ਹੈ, ਪਰ ਵਿਕਾਸ ਵਿਚ ਇਹ ਵਾਧਾ ਗਰੀਬੀ ਵਿਚ ਸਮੁੱਚੀ ਕਮੀ ਲਿਆਉਣ ਲਈ ਕਾਫੀ ਨਹੀਂ ਹੈ। ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਡੇਵਿਡ ਮਲਪਾਸ ਨੇ ਕਿਹਾ ਕਿ ਗਰੀਬੀ ਹਟਾਉਣ ਅਤੇ ਜੀਵਨ ਪੱਧਰ ਉਚਾ ਚੁੱਕਣ ਲਈ ਆਰਥਕ ਵਿਕਾਸ ਦਰ ਵਿਚ ਵਾਧਾ ਕੀਤਾ ਜਾਣਾ ਜ਼ਰੂਰੀ ਹੈ।

ਮੌਜੂਦਾ ਆਰਥਕ ਸਥਿਤੀ ਅਤੇ ਸੁਸਤ ਵਿਕਾਸ ਦਰ ਨੂੰ ਵੇਖਦਿਆਂ ਦੇਸ਼ ਦੀ ਸਰਕਾਰ ਦਾ 5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਬਣਾਉਣ ਦਾ ਸੁਪਨਾ ਫਿਲਹਾਲ ਸਾਕਾਰ ਹੁੰਦਾ ਨਹੀਂ ਦਿਸ ਰਿਹਾ। ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਿਛਲਾ ਆਮ ਬਜਟ ਪੇਸ਼ ਕਰਦਿਆਂ ਕਿਹਾ ਸੀ ਕਿ ਵਿੱਤੀ ਸਾਲ 2024-25 ਤੱਕ 5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਬਣਨ ਲਈ ਦੇਸ਼ ਦੀ ਵਿਕਾਸ ਦਰ 8% ਤੋਂ ਵੱਧ ਰੱਖਣੀ ਹੋਵੇਗੀ; ਪਰ ਮੌਜੂਦਾ ਹਾਲਾਤ ਦੇ ਪਰਿਪੇਖ ਵਿਚ 8% ਵਿਕਾਸ ਦਰ ਹਾਸਲ ਕਰਨਾ ਫਿਲਹਾਲ ਬਹੁਤ ਮੁਸ਼ਕਿਲ ਹੈ। ਅਰਥ ਸ਼ਾਸਤਰੀਆਂ ਦਾ ਖਦਸ਼ਾ ਹੈ ਕਿ ਇਸ ਤਰ੍ਹਾਂ ਦੇ ਹਾਲਾਤ ਵਿਚ 8% ਵਿਕਾਸ ਦਰ ਨਾਲ 5 ਟ੍ਰਿਲੀਅਨ ਡਾਲਰ ਦਾ ਅੰਕੜਾ ਹਾਸਲ ਕਰਨਾ ਦੇਸ਼ ਲਈ ਕੋਈ ਸੌਖਾ ਨਹੀਂ ਹੋਵੇਗਾ।

ਪਰ ਹਾਲੇ ਵੀ ਦੇਸ਼ ਦਾ ਮੇਨ ਸਟਰੀਮ ਮੀਡੀਆ ਦੇਸ਼ ਦੀ ਡਗਮਗਾ ਰਹੀ ਅਰਥ ਵਿਵਸਥਾ ਅਤੇ ਡਿਗ ਰਹੀ ਜੀ. ਡੀ. ਪੀ. 'ਤੇ ਉਸਾਰੂ ਬਹਿਸਾਂ ਦੀ ਥਾਂ ਵਧੇਰੇ ਨਿਊਜ਼ ਚੈਨਲਾਂ 'ਤੇ ਪ੍ਰਸਾਰਿਤ ਹੁੰਦੀਆਂ ਬਹਿਸਾਂ ਵਿਚ ਵਿਸ਼ੇ ਅੱਜ ਵੀ ਓਹੀ ਹਨ, ਜਿਨ੍ਹਾਂ ਨੂੰ ਵੇਖ ਕੇ ਦੋ ਮੁੱਖ ਧਰਮਾਂ ਦੇ ਲੋਕਾਂ ਵਿਚ ਨਫਰਤ ਦਾ ਜ਼ਹਿਰ ਪੈਦਾ ਹੁੰਦਾ ਹੈ। ਭਾਵ ਅੱਜ ਵੀ ਉਕਤ ਅਖੌਤੀ ਕਿਸਮ ਦੇ ਵੱਖ ਵੱਖ ਇਲੈਕਟ੍ਰਾਨਿਕ ਮੀਡੀਆ ਵਿਸ਼ੇਸ਼ ਕਰ ਵਧੇਰੇ ਨਿਊਜ਼ ਚੈਨਲਾਂ ਦੇ ਮਾਲਕਾਂ ਜਾਂ ਘਰਾਣਿਆਂ ਦਾ ਮਕਸਦ ਲੋਕਾਂ ਨੂੰ ਧਾਰਮਿਕ ਬਹਿਸਾਂ ਦੇ ਮੱਕੜ ਜਾਲ 'ਚ ਉਲਝਾ ਕੇ ਇਕ ਤਰ੍ਹਾਂ ਨਾਲ ਮੁਲਕ ਨੂੰ ਦਰਪੇਸ਼ ਮੁੱਖ ਮੁੱਦਿਆਂ ਤੋਂ ਜਨਤਾ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰਨਾ ਜਾਪਦਾ ਹੈ, ਆਵਾਮ ਨਾਲ ਇਕ ਤਰ੍ਹਾਂ ਦਾ ਧੋਖਾ ਅਤੇ ਕੋਝਾ ਮਜ਼ਾਕ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 12 ਅਕਤੂਬਰ 2019*

## ਭਾਰਤ ਦੇਸ਼ ਮਹਾਨ...

ਭਾਰਤ 'ਚ ਮੋਦੀ ਸਰਕਾਰ ਦਾ ਦੂਜਾ ਕਾਰਜਕਾਲ ਸ਼ੁਰੂ ਹੋਣ ਪਿਛੋਂ ਸਭ ਦੀਆਂ ਨਜ਼ਰਾਂ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਉਤੇ ਹਨ, ਜੋ ਅਸਲ ਵਿਚ ਸਰਕਾਰ ਚਲਾ ਰਹੀ ਹੈ। ਕਿਸੇ ਨੂੰ ਕਦੀ ਕੋਈ ਭੁਲੇਖਾ ਨਹੀਂ ਰਿਹਾ ਕਿ ਆਰ. ਐਸ. ਐਸ. ਅਤੇ ਇਸ ਦਾ ਸਿਆਸੀ ਵਿੰਗ- ਭਾਰਤੀ ਜਨਤਾ ਪਾਰਟੀ (ਭਾਜਪਾ) ਮੁਲਕ ਨੂੰ ਹਿੰਦੂ ਰਾਸ਼ਟਰ ਮੰਨਦੀ ਆਈ ਹੈ, ਪਰ ਐਤਕੀਂ ਦੁਸਹਿਰੇ ਮੌਕੇ ਨਾਗਪੁਰ ਵਿਚ ਆਪਣੇ ਹੈਡਕੁਆਰਟਰ ਵਿਚ ਸਾਲਾਨਾ ਸਮਾਗਮ ਦੌਰਾਨ ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਨੇ ਸਪਸ਼ਟ ਐਲਾਨ ਕੀਤਾ ਕਿ ਭਾਰਤ ਹਿੰਦੂ ਰਾਸ਼ਟਰ ਹੈ। ਉਸ ਨੇ ਇਹ ਵੀ ਆਖਿਆ ਹੈ ਕਿ ਜੇ ਹਿੰਦੂ ਚਾਹੁੰਦੇ ਹਨ ਕਿ ਸੰਸਾਰ ਭਰ ਵਿਚ ਉਨ੍ਹਾਂ ਦੀ ਗੱਲ ਸੁਣੀ ਜਾਵੇ ਤਾਂ ਉਨ੍ਹਾਂ ਨੂੰ ਇਕਮੁੱਠ ਹੋਣਾ ਚਾਹੀਦਾ ਹੈ। ਇਹ ਅਸਲ ਵਿਚ ਆਰ. ਐਸ. ਐਸ. ਆਗੂਆਂ ਦੀ ਮੁੱਢ ਤੋਂ ਹੀ ਗਿਣਤੀ-ਮਿਣਤੀ ਰਹੀ ਹੈ ਕਿ ਜੇ ਕਿਸੇ ਢੰਗ-ਤਰੀਕੇ ਸਾਰੇ ਹਿੰਦੂਆਂ ਨੂੰ ਇਕੱਠੇ ਕਰ ਲਿਆ ਜਾਵੇ ਤਾਂ ਭਾਰਤ ਉਤੇ ਰਾਜ ਕੀਤਾ ਜਾ ਸਕਦਾ ਹੈ। ਨਰਿਦਰ ਮੋਦੀ ਦੀ ਅਗਵਾਈ ਵਿਚ ਇਸ ਧਿਰ ਨੇ ਪਹਿਲਾਂ 2014 ਅਤੇ ਹੁਣ 2019 ਵਿਚ ਅਜਿਹਾ ਕਰ ਵੀ ਦਿਖਾਇਆ ਹੈ। ਭਾਜਪਾ ਅਤੇ ਆਰ. ਐਸ. ਐਸ. ਦਾ ਹਿੰਦੂ ਰਾਸ਼ਟਰ ਕਿਸ ਤਰ੍ਹਾਂ ਦਾ ਹੋਵੇਗਾ, ਉਸ ਦੀ ਝਾਕੀ ਨਰਿੰਦਰ ਮੋਦੀ ਪਹਿਲਾਂ ਗੁਜਰਾਤ ਵਿਚ ਅਤੇ 2014 ਤੋਂ ਬਾਅਦ ਸਮੁੱਚੇ ਮੁਲਕ ਵਿਚ ਦਿਖਾ ਚੁਕੇ ਹਨ। ਇਸ ਰਾਜ ਵਿਚ ਧਾਰਮਿਕ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨ ਨਿਸ਼ਾਨੇ ਉਤੇ ਹਨ। ਪਿਛਲੇ ਪੰਜ ਸਾਲ ਤੋਂ ਹੋ ਰਹੇ ਹਜੂਮੀ ਕਤਲਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਮੁਸਲਮਾਨਾਂ ਲਈ ਬੇਖੌਫ ਜੀਅ ਸਕਣਾ ਵੀ ਮੁਸ਼ਕਿਲ ਹੋ ਰਿਹਾ ਹੈ।

ਦੂਜੇ ਪਾਸੇ, ਅਜਿਹੇ ਮਸਲਿਆਂ ਉਤੇ ਇਸ ਧਿਰ ਦੇ ਬਿਆਨਾਂ 'ਤੇ ਜ਼ਰਾ ਗੌਰ ਫਰਮਾਓ। ਮੋਹਨ ਭਾਗਵਤ ਦਾ ਹੀ ਕਹਿਣਾ ਹੈ ਕਿ ਹਜੂਮ ਕਤਲਾਂ ਦਾ ਰੌਲਾ ਪਾ ਕੇ ਸੰਸਾਰ ਵਿਚ ਭਾਰਤ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਹਜੂਮੀ ਕਤਲ ਤਾਂ ਭਾਰਤ ਦਾ ਸੰਕਲਪ ਹੀ ਨਹੀਂ ਹੈ, ਇਹ ਤਾਂ ਪੱਛਮ ਵਿਚੋਂ ਆਇਆ ਹੈ। ਇਹੀ ਨਹੀਂ, ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਬਾਰੇ ਵੀ ਉਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵਧਾਈ ਦਿੱਤੀ ਹੈ, ਹਾਲਾਂਕਿ ਪਿਛਲੇ ਦੋ ਮਹੀਨਿਆਂ ਤੋਂ ਹਰ ਸੰਜੀਦਾ ਸ਼ਖਸ ਸਰਕਾਰ ਦੇ ਇਸ ਫੈਸਲੇ ਦੀ ਤਿੱਖੀ ਆਲੋਚਨਾ ਕਰ ਰਿਹਾ ਹੈ। ਦੋ ਮਹੀਨਿਆਂ ਤੋਂ ਕਸ਼ਮੀਰ ਦਾ ਸਮੁੱਚੇ ਮੁਲਕ ਨਾਲੋਂ ਸੰਪਰਕ ਟੁੱਟਿਆ ਹੋਇਆ ਹੈ। ਉਥੇ ਜਾਣ ਵਾਲਿਆਂ ਨੇ ਜੋ ਰਿਪੋਰਟਾਂ ਨਸ਼ਰ ਕੀਤੀਆਂ ਹਨ, ਉਨ੍ਹਾਂ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਉਥੇ ਕਸ਼ਮੀਰੀਆਂ ਦਾ ਕਿਸ ਤਰ੍ਹਾਂ ਘਾਣ ਕੀਤਾ ਜਾ ਰਿਹਾ ਹੈ। ਹੋਰ ਤਾਂ ਹੋਰ, ਦੇਸ਼ ਦੀ ਆਰਥਕ ਮੰਦੀ ਬਾਰੇ ਵੀ ਇਸ ਧਿਰ ਦਾ ਬਿਆਨ ਬੜਾ ਬੇਹੂਦਾ ਹੈ; ਆਖਿਆ ਗਿਆ ਹੈ ਕਿ ਆਰਥਕ ਮੰਦੀ ਉਦੋਂ ਮੰਨੀ ਜਾਂਦੀ ਹੈ, ਜਦੋਂ ਵਿਕਾਸ ਦਰ ਸਿਫਰ 'ਤੇ ਡਿੱਗ ਜਾਵੇ, ਅਜੇ ਤਾਂ ਦੇਸ਼ ਦੀ ਵਿਕਾਸ ਦਰ ਪੰਜ ਫੀਸਦੀ ਰਿਕਾਰਡ ਹੋਈ ਹੈ; ਹਾਲਾਂਕਿ ਆਰਥਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਸੰਸਾਰ ਅੰਦਰ ਮੁਕਾਬਲੇ 'ਚ ਰਹਿਣ ਲਈ ਸੱਤ-ਅੱਠ ਫੀਸਦੀ ਵਿਕਾਸ ਦਰ ਚਾਹੀਦੀ ਹੈ।

ਅਸਲ ਵਿਚ ਭਾਜਪਾ ਅਤੇ ਆਰ. ਐਸ. ਐਸ. ਹਿੰਦੂ ਰਾਸ਼ਟਰ ਦੇ ਇਕੋ-ਇਕ ਮੁੱਦੇ ਤੋਂ ਬਿਨਾ ਹੋਰ ਕੋਈ ਮਸਲਾ ਵਿਚਾਰ ਹੀ ਨਹੀਂ ਰਹੀ ਹੈ। ਇਨ੍ਹਾਂ ਜਥੇਬੰਦੀਆਂ ਦੇ ਲੀਡਰ ਇਸ ਇਕੋ ਨਿਸ਼ਾਨੇ ਵੱਲ ਵਾਹੋ-ਦਾਹੀ ਦੌੜ ਲਾ ਰਹੇ ਹਨ। ਇਸੇ ਕਰਕੇ ਹੋਰ ਕੋਈ ਮਸਲਾ ਇਨ੍ਹਾਂ ਲਈ ਕੋਈ ਅਹਿਮੀਅਤ ਨਹੀਂ ਰੱਖਦਾ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਇਹੀ ਪ੍ਰਤੱਖ ਸਾਬਤ ਹੋਇਆ। ਉਦੋਂ ਚੋਣਾਂ ਜਿਉਂ-ਜਿਉਂ ਨੇੜੇ ਆ ਰਹੀਆਂ ਸਨ, ਵੱਖ-ਵੱਖ ਮੁੱਦੇ ਲਗਾਤਾਰ ਉਭਰ ਰਹੇ ਸਨ। ਇਨ੍ਹਾਂ ਵਿਚ ਕਿਸਾਨਾਂ ਦੀ ਮਾੜੀ ਹਾਲਤ, ਬੇਰੁਜ਼ਗਾਰੀ, ਆਰਥਕ ਮੰਦੀ ਆਦਿ ਮਸਲੇ ਮੁੱਖ ਸਨ। ਉਂਜ ਵੀ ਮੋਦੀ ਸਰਕਰ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਕੋਈ ਖਾਸ ਮਾਅਰਕਾ ਨਹੀਂ ਸੀ ਮਾਰ ਸਕੀ, ਪਰ ਇਸ ਧਿਰ ਨੇ ਚੋਣ ਪ੍ਰਚਾਰ ਦਾ ਸਮੁੱਚਾ ਵਹਿਣ ਰਾਸ਼ਟਰਵਾਦ ਵੱਲ ਅਜਿਹਾ ਮੋੜਿਆ ਕਿ ਲੋਕਾਂ ਨਾਲ ਜੁੜੇ ਸਭ ਮਸਲੇ ਗੌਣ ਹੋ ਗਏ ਅਤੇ ਹਰ ਪਾਸੇ ਮੁਲਕ ਦੀ ਰੱਖਿਆ ਹੀ ਅਹਿਮ ਹੋ ਗਈ। ਨਤੀਜਾ ਇਹ ਨਿਕਲਿਆ ਕਿ ਭਾਜਪਾ 2014 ਦੇ ਮੁਕਾਬਲੇ ਐਤਕੀਂ ਵਧੇਰੇ ਲੋਕ ਸਭਾ ਸੀਟਾਂ ਜਿੱਤ ਗਈ। ਚੋਣਾਂ ਤੋਂ ਐਨ ਪਹਿਲਾਂ ਖੇਤਰੀ ਪਾਰਟੀਆਂ ਦੇ ਉਭਾਰ ਬਾਰੇ ਵਿਚਾਰ-ਚਰਚਾਵਾਂ ਚੱਲ ਰਹੀਆਂ ਸਨ, ਇਸ ਵਿਚੋਂ ਹੀ ਅਗਾਂਹ ਫੈਡਰਲ ਭਾਰਤ ਬਾਰੇ ਬਹਿਸ-ਮੁਬਾਹਿਸੇ ਹੋ ਰਹੇ ਸਨ, ਪਰ ਨਤੀਜਿਆਂ ਨੇ ਸਭ ਪੱਧਰ ਕਰ ਦਿੱਤਾ।

ਹੁਣ ਹਾਲਤ ਇਹ ਹੈ ਕਿ ਕਈ ਖੇਤਰੀ ਪਾਰਟੀਆਂ ਵੀ ਕਸ਼ਮੀਰ ਦੇ ਮਸਲੇ 'ਤੇ ਭਾਜਪਾ ਦੇ ਹੱਕ ਵਿਚ ਭੁਗਤ ਗਈਆਂ ਹਨ। ਦੂਰ ਕੀ ਜਾਣਾ ਹੈ, ਆਪਣੇ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਨੇ ਇਹੀ ਦਾਗ ਆਪਣੇ ਮੱਥੇ 'ਤੇ ਲੁਆ ਲਿਆ ਹੈ। ਅਕਾਲੀ ਦਲ ਮੁਲਕ ਦੀਆਂ ਉਨ੍ਹਾਂ ਪਾਰਟੀਆਂ ਵਿਚ ਸ਼ੁਮਾਰ ਰਿਹਾ ਹੈ, ਜੋ ਠੋਕ-ਵਜਾ ਕੇ ਫੈਡਰਲ ਢਾਂਚੇ ਦੀ ਪੈਰਵੀ ਕਰਦਾ ਰਿਹਾ ਹੈ, ਪਰ ਇਸ ਪਾਰਟੀ ਦੇ ਆਗੂਆਂ ਨੇ ਆਪਣੇ ਪਰਿਵਾਰ ਦੀ ਸਿਆਸਤ ਕਰਕੇ ਅਕਾਲੀ ਦਲ ਦੀ ਅਸਲ ਸਿਆਸਤ ਹੀ ਤਿਆਗ ਦਿੱਤੀ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਅੱਜ ਆਰ. ਐਸ. ਐਸ. ਦੀ ਇਹ ਹਿੰਮਤ ਹੋਈ ਹੈ ਕਿ ਇਹ ਹੁਣ ਸ਼ੱਰੇਆਮ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਰਹੀ ਹੈ। ਸਿਤਮਜ਼ਰੀਫੀ ਇਹ ਹੈ ਕਿ ਇਸ ਖਿਲਾਫ ਆਵਾਜ਼ ਬੁਲੰਦ ਕਰਨ ਵਾਲਿਆਂ ਉਤੇ ਲਗਾਤਾਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਹਜੂਮੀ ਕਤਲਾਂ ਦੇ ਵਿਰੋਧ ਵਿਚ ਜਿਨ੍ਹਾਂ 49 ਸ਼ਖਸੀਅਤਾਂ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ ਸੀ, ਉਨ੍ਹਾਂ ਖਿਲਾਫ ਹੁਣ ਦੇਸ਼ ਧ੍ਰੋਹ ਦਾ ਕੇਸ ਦਰਜ ਕਰ ਲਿਆ ਹੈ। ਅਜਿਹੀ ਸੂਰਤ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਲੜਨ ਵਾਲੀਆਂ ਧਿਰਾਂ ਦੀ ਜ਼ਿੰਮੇਵਾਰੀ ਬਹੁਤ ਵਧ ਜਾਂਦੀ ਹੈ, ਕਿਉਂਕਿ ਹੁਣ ਹਾਲਾਤ ਆਮ ਨਹੀਂ ਰਹੇ। ਇਸ ਕਰਕੇ ਹੁਣ ਇਨ੍ਹਾਂ ਖਾਸ ਬਣਾ ਦਿੱਤੇ ਗਏ ਹਾਲਾਤ ਵਿਚ ਪਹਿਲਾਂ ਤੋਂ ਵੀ ਵੱਧ ਜ਼ੋਰ ਨਾਲ ਆਵਾਜ਼ ਬੁਲੰਦ ਕਰਨ ਦੀ ਲੋੜ ਹੈ, ਨਹੀਂ ਤਾਂ ਸੱਤਾ ਧਿਰ ਨੇ ਆਪਣਾ ਨਿਸ਼ਾਨਾ ਮਿਥਿਆ ਹੀ ਹੋਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗਲ ਪਿਆ ਢੋਲ-ਜ਼ਿਮਨੀ ਚੋਣ !*

ਮੱਥੇ ਲੱਗਿਆ ਦਾਗ ਬੇਅਦਬੀਆਂ ਦਾ, ਸੋਚੇ 'ਤੱਕੜੀ', ਖੌਰੇ ਹੁਣ ਲਹਿ ਗਿਆ ਐ।
'ਝਾੜੂ' ਵਾਲਿਆਂ ਕਰਿਆ ਜੋ ਹੌਸਲਾ ਸੀ, ਪਾਟੋ-ਧਾੜ ਦੇ ਨਾਲ ਹੀ ਢਹਿ ਗਿਆ ਐ।
ਚੱਲਦਾ ਪਿਆ ਏ 'ਮੈਚ ਫਰੈਂਡਲੀ' ਜੋ, ਜਾਪੇ 'ਪੰਜੇ' ਦੇ ਜੜ੍ਹਾਂ 'ਚ ਬਹਿ ਗਿਆ ਐ।
'ਕੱਲੇ ਕਮਲ ਨੂੰ ਜਿੱਤਣ ਦਾ ਵਹਿਮ ਹੋਇਆ, ਤਾਂਹੀ 'ਪਤਨੀ' ਦੇ ਨਾਲ ਖਹਿ ਗਿਆ ਐ।
ਸਭ ਨੇ ਕਰਿਆ ਨਿਰਾਸ਼ ਪੰਜਾਬੀਆਂ ਨੂੰ, ਇਮਤਿਹਾਨ ਕਿਸ ਦਲ ਦਾ ਰਹਿ ਗਿਆ ਐ।
ਚਹੁੰ ਹਲਕੇ ਵਾਲਿਆਂ ਵੋਟਰਾਂ ਦੇ, ਜ਼ਿਮਨੀ ਚੋਣ ਦਾ ਢੋਲ ਗਲ ਪੈ ਗਿਆ ਐ !

# ਪੰਜਾਬ ਦਾ ਸਭਿਆਚਾਰਕ ਉਦਰੇਵਾਂ ਅਤੇ ਔਰਤ ਦਾ ਹਾਲ

***ਸਭਿਆਚਾਰਕ ਉਦਰੇਵਾਂ ਕਦੀ ਇੱਕ-ਅੱਧੀ ਗੱਲ ਵਿਚ ਨਹੀਂ ਝਲਕਦਾ ਹੁੰਦਾ ਸਗੋਂ ਪੂਰੇ ਪੈਕੇਜ ਵਿਚ ਆਉਂਦਾ ਹੈ। ਪੁਰਾਣੇ ਸਮਿਆਂ ਦਾ ਸਾਫ-ਸੁਥਰਾ ਹਵਾ-ਪਾਣੀ ਅਤੇ ਵਾਤਾਵਰਨ ਅਤੇ ਇਸ ਦੇ ਨਤੀਜੇ ਵਜੋਂ ਵਧੀਆ ਸਿਹਤ ਤੇ ਲੰਮੀਆਂ ਉਮਰਾਂ ਨੂੰ ਯਾਦ ਕਰਨਾ ਤੇ ਉਸ ਦੀ ਪ੍ਰਸ਼ੰਸਾ ਕਰਨਾ ਵੀ ਇਸੇ ਸਭਿਆਚਾਰਕ ਉਦਰੇਵੇਂ ਦਾ ਹਿੱਸਾ ਹੈ ਜੋ ਗੁਰਦਾਸ ਮਾਨ ਦੇ ਇੱਕ ਹੋਰ ਗੀਤ 'ਖੜ੍ਹ ਕੇ ਦੇਖ ਜਵਾਨਾਂ, ਬਾਬੇ ਭੰਗੜਾ ਪਾਉਂਦੇ ਨੇ' ਵਿਚ ਸਾਫ ਦੇਖਣ ਨੂੰ ਮਿਲਦਾ ਹੈ। ਪੁਰਾਣੇ ਵੇਲਿਆਂ ਦੀਆਂ ਕੁੱਝ ਚੰਗੀਆਂ ਗੱਲਾਂ ਤੇ ਕੁੱਝ ਬੁਰੀਆਂ ਗੱਲਾਂ ਨੂੰ ਮਿਲਾ ਕੇ ਇਹ ਪੈਕੇਜ ਬਣਦਾ ਹੈ ਪਰ ਇਹ ਸਭ ਕੁਝ ਤੈਅ ਅੱਜ ਦੇ ਸਮੇਂ ਵਿਚ ਜੀਅ ਰਹੇ ਲੋਕਾਂ ਨੇ ਕਰਨਾ ਹੁੰਦਾ ਹੈ ਕਿ ਉਨ੍ਹਾਂ ਨੇ ਕਿਹੜੀਆਂ ਚੰਗੀਆਂ ਚੀਜ਼ਾਂ ਨੂੰ ਫੜ ਕੇ ਰੱਖਣਾ ਹੈ ਅਤੇ ਕਿਹੜੇ ਬੁਰੇ ਰੀਤੀ-ਰਿਵਾਜਾਂ ਨੂੰ ਜੜ੍ਹੋਂ ਪੁੱਟਣਾ ਹੈ।***

ਪਿਛਲੇ ਮਹੀਨੇ ਹਿੰਦੀ ਦਿਵਸ ਮੌਕੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਆਇਆ ਕਿ ਪੂਰੇ ਮੁਲਕ ਦੀ ਇੱਕ ਭਾਸ਼ਾ ਹੋਣੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਮੁਲਕ ਨੂੰ ਬਾਹਰਲੀਆਂ ਭਾਸ਼ਾਵਾਂ ਤੋਂ ਖਤਰਾ ਹੋ ਸਕਦਾ ਹੈ, ਇਹ ਭਾਸ਼ਾ ਹੈ ਹਿੰਦੀ। ਇਸ ਬਿਆਨ ਤੋਂ ਬਾਅਦ ਮੁਲਕ ਦੇ ਸਾਰੇ ਹਲਕਿਆਂ ਅੰਦਰ ਬਹਿਸ ਸ਼ੁਰੂ ਹੋ ਗਈ। ਕਈਆਂ ਨੇ ਹਿੰਦੀ ਨੂੰ ਪੂਰੇ ਮੁਲਕ ਦੀ ਸਾਂਝੀ ਭਾਸ਼ਾ ਬਣਾਉਣ ਦੇ ਵਿਚਾਰ ਦੀ ਮੁਖਾਲਫਤ ਕੀਤੀ ਅਤੇ ਕਈਆਂ ਨੇ ਇਸ ਦੇ ਹੱਕ ਵਿਚ ਬਿਆਨ ਦਿੱਤੇ।

ਪੰਜਾਬ ਵਿਚ ਜਿਥੇ ਜ਼ਿਆਦਾਤਰ ਹਿੱਸੇ ਵਿਚ ਇਸ ਵਿਚਾਰ ਦਾ ਵਿਰੋਧ ਹੋਇਆ, ਉਥੇ ਗਾਇਕ ਗੁਰਦਾਸ ਮਾਨ ਨੇ ਗ੍ਰਹਿ ਮੰਤਰੀ ਦੇ ਇਸ ਬਿਆਨ

**ਨਵਕਿਰਨ ਨੱਤ**
ਫੋਨ: +91-78376-70991

ਨਾਲ ਸਹਿਮਤੀ ਪ੍ਰਗਟਾਈ। ਫਿਰ ਤਾਂ ਲਾਜ਼ਿਮ ਸੀ ਕਿ ਉਹਨੂੰ ਵੀ ਇਸ ਵਿਰੋਧ ਦਾ ਸੇਕ ਝੱਲਣਾ ਪੈਂਦਾ ਪਰ ਉਹਨੇ ਕੈਨੇਡਾ ਵਿਚ ਆਪਣੇ ਸ਼ੋਅ ਦੌਰਾਨ ਵਿਖਾਵਾਕਾਰੀਆਂ ਨੂੰ ਗਲਤ ਸ਼ਬਦ ਬੋਲੇ ਜਿਸ ਕਾਰਨ ਮਸਲਾ ਹੋਰ ਭੜਕ ਗਿਆ। ਭਾਰਤ ਆਉਣ ਤੋਂ ਬਾਅਦ ਇੱਕ ਵੀਡੀਓ ਵਿਚ ਗੁਰਦਾਸ ਮਾਨ ਨੇ ਬਹੁਤ ਘੁੰਮਾ-ਫਿਰਾ ਕੇ ਮੁਆਫੀ ਤਾਂ ਮੰਗ ਲਈ ਪਰ ਸੋਸ਼ਲ ਮੀਡੀਆ ਉਤੇ ਕਈ ਦਿਨ ਇਹ ਮੁੱਦਾ ਚਰਚਾ ਦਾ ਵਿਸ਼ਾ ਰਿਹਾ। ਕਈ ਲੋਕਾਂ ਦਾ ਆਪਣੇ ਇਸ ਪਸੰਦੀਦਾ ਗਾਇਕ ਪ੍ਰਤੀ ਮੋਹਭੰਗ ਵੀ ਹੋਇਆ। ਉਂਜ, ਸਾਰੇ ਮਸਲੇ ਵਿਚ ਚੰਗੀ ਗੱਲ ਇਹ ਹੋਈ ਕਿ ਲੋਕ ਆਪਣੇ ਪਸੰਦੀਦਾ ਸਟਾਰ ਦੀ ਆਲੋਚਨਾ ਬਾਰੇ ਕਾਫੀ ਗ੍ਰਹਿਣਸ਼ੀਲ ਹੋਏ।

ਕੁੜੀ ਹੋਣ ਦੇ ਨਾਤੇ ਜਦੋਂ ਵੀ ਮੈਂ ਗੁਰਦਾਸ ਮਾਨ ਦੇ ਗਾਣੇ ਸੁਣਦੀ ਹਾਂ ਤਾਂ ਇਹ ਇਤਰਾਜ਼ਯੋਗ ਲੱਗਦੇ ਹਨ। ਇਕ ਗਾਣੇ ਦੇ ਬੋਲ ਹਨ: 'ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ, ਕੰਨਾਂ ਵਿਚ ਕੋਕਰੂ ਤੇ ਵਾਲੀਆਂ ਵੀ ਗਈਆਂ' ਪਰ ਸਚਾਈ ਇਹ ਹੈ ਕਿ ਮੈਂ ਜਾਂ ਕੋਈ ਵੀ ਹੋਰ ਕੁੜੀ ਸੂਫ ਦਾ ਘੱਗਰਾ ਪਾ ਕੇ ਅਤੇ ਫੁਲਕਾਰੀ ਦੀ ਬੁੱਕਲ ਮਾਰ ਕੇ, ਉਤੋਂ ਘੁੰਡ ਕੱਢ ਕੇ ਨਾ ਤਾਂ ਕਾਰ ਚਲਾ ਸਕਦੀ ਹੈ, ਨਾ ਸਕੂਟਰ ਅਤੇ ਨਾ ਹੀ ਰੋਜ਼ਮੱਰਾ ਦਾ ਕੋਈ ਹੋਰ ਕੰਮ ਕਰ ਸਕਦੀ ਹੈ। ਫਿਰ ਇਹ ਹਾਲ ਦੁਹਾਈ ਕਿਉਂ?

ਅੰਗਰੇਜ਼ੀ ਦੇ ਸ਼ਬਦ ਹਨ ਕਲਚਰਲ ਨੋਸਟੈਲਜੀਆ ਜਿਸ ਦਾ ਮਤਲਬ ਹੈ, ਪੁਰਾਣੇ ਸਭਿਆਚਾਰ, ਰੀਤੀ ਰਿਵਾਜਾਂ ਬਾਰੇ ਕਿਸੇ ਇਨਸਾਨ ਦੀ ਭਾਵਨਾਤਮਿਕ ਤਾਂਘ ਜਾਂ ਉਦਰੇਵਾਂ; ਤੇ ਤਾਂਘ ਜਾਂ ਉਦਰੇਵਾਂ ਸਿਰਫ ਉਨ੍ਹਾਂ ਲੰਘ ਚੁੱਕੇ ਮੌਕਿਆਂ ਜਾਂ ਸਮਿਆਂ ਦੀ ਹੁੰਦੀ ਹੈ ਜੋ ਇਨਸਾਨ ਲਈ ਸਕਾਰਾਤਮਕ ਜਾਂ ਸੁਖਾਵੇਂ ਬੀਤੇ ਹੋਣ। ਸਮਾਜ ਦਾ ਇੱਕ ਹਿੱਸਾ ਹਮੇਸ਼ਾਂ ਇਸ ਸਭਿਆਚਾਰਕ ਉਦਰੇਵੇਂ (ਕਲਚਰਲ ਨੋਸਟੈਲਜੀਆ) ਦਾ ਸ਼ਿਕਾਰ ਰਹਿੰਦਾ ਹੈ। ਜ਼ਿਆਦਾਤਰ ਕੇਸਾਂ ਵਿਚ ਇਹ ਹਿੱਸਾ ਸਮਾਜਿਕ ਅਸਰ-ਰਸੂਖ ਤੇ ਖਾਸ ਰੁਤਬਾ ਰੱਖਣ ਵਾਲੇ ਵਰਗ ਦਾ ਹੁੰਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਪ੍ਰਿਵਲਿਜਡ (ਸਾਧਨਾਂ ਵਾਲੇ ਲੋਕ) ਕਿਹਾ ਜਾਂਦਾ ਹੈ। ਪੰਜਾਬੀ ਸਮਾਜ ਵਿਚ ਭਾਰਤ ਦੇ ਬਾਕੀ ਹਿੱਸਿਆਂ ਵਾਂਗ ਔਰਤਾਂ ਨੂੰ ਘੁੰਡ ਵਿਚੋਂ ਨਿਕਲ ਕੇ ਖੁੱਲ੍ਹੇਆਮ ਸੜਕਾਂ 'ਤੇ ਆਉਣ, ਆਪਣੀ ਮਰਜ਼ੀ ਦੇ ਕੱਪੜੇ ਪਾਉਣ, ਨੌਕਰੀ ਕਰਕੇ ਪੈਸੇ ਕਮਾ ਕੇ ਆਪਣੇ ਪੈਰਾਂ ਸਿਰ ਖੜ੍ਹਨ ਅਤੇ ਇਸ ਸਮਾਜ ਦਾ ਅਹਿਮ ਹਿੱਸਾ ਬਣਨ ਵਿਚ ਸਦੀਆਂ ਲੱਗੀਆਂ ਹਨ। ਸਦੀਆਂ ਦੀ ਗੁਲਾਮੀ ਤੋਂ ਬਾਅਦ ਮਿਲੀ ਇਸ ਅਜ਼ਾਦੀ ਨੂੰ ਮਾਨਣ ਵਾਲੀਆਂ ਔਰਤਾਂ ਜਾਂ ਕੁੜੀਆਂ ਲਈ ਘੁੰਡ ਹਰਗਿਜ਼ ਬਾਰੇ ਕੋਈ ਉਦਰੇਵਾਂ ਨਹੀਂ ਹੋ ਸਕਦਾ, ਜਦੋਂ ਤੱਕ ਉਹ ਆਪ ਇਸ ਪਿੱਤਰ ਸੱਤਾ ਵਾਲੀ ਸੋਚ ਦੀਆਂ ਗੁਲਾਮ ਨਾ ਹੋਣ। ਹਾਂ, ਗੁਰਦਾਸ ਮਾਨ ਵਰਗੇ ਉਚੀ ਜਾਤ ਅਤੇ ਜਮਾਤ ਦੇ ਮਰਦਾਂ ਲਈ ਸੱਚਮੁੱਚ ਇਹ ਉਦਰੇਵਾਂ ਹੋ ਸਕਦਾ ਜਿਨ੍ਹਾਂ ਨੂੰ ਔਰਤ ਦੇ ਆਜ਼ਾਦ ਹੋਣ ਨਾਲ ਆਪਣਾ ਵਿਸ਼ੇਸ਼ ਹੱਕ ਖੁੱਸਦਾ ਜਾਪਦਾ ਹੋਵੇ।

ਇੱਕ ਹੋਰ ਖਾਸ ਗੱਲ ਇਹ ਕਿ ਸਭਿਆਚਾਰਕ ਉਦਰੇਵਾਂ ਕਦੀ ਇੱਕ-ਅੱਧੀ ਗੱਲ ਵਿਚ ਨਹੀਂ ਝਲਕਦਾ ਹੁੰਦਾ ਸਗੋਂ ਪੂਰੇ ਪੈਕੇਜ ਵਿਚ ਆਉਂਦਾ ਹੈ। ਪੁਰਾਣੇ ਸਮਿਆਂ ਦਾ ਸਾਫ-ਸੁਥਰਾ ਹਵਾ-ਪਾਣੀ ਅਤੇ ਵਾਤਾਵਰਨ ਅਤੇ ਇਸ ਦੇ ਨਤੀਜੇ ਵਜੋਂ ਵਧੀਆ ਸਿਹਤ ਤੇ ਲੰਮੀਆਂ ਉਮਰਾਂ ਨੂੰ ਯਾਦ ਕਰਨਾ ਤੇ ਉਸ ਦੀ ਪ੍ਰਸ਼ੰਸਾ ਕਰਨਾ ਵੀ ਇਸੇ ਸਭਿਆਚਾਰਕ ਉਦਰੇਵੇਂ ਦਾ ਹਿੱਸਾ ਹੈ ਜੋ ਗੁਰਦਾਸ ਮਾਨ ਦੇ ਇੱਕ ਹੋਰ ਗੀਤ 'ਖੜ੍ਹ ਕੇ ਦੇਖ ਜਵਾਨਾਂ, ਬਾਬੇ ਭੰਗੜਾ ਪਾਉਂਦੇ ਨੇ' ਵਿਚ ਸਾਫ ਦੇਖਣ ਨੂੰ ਮਿਲਦਾ ਹੈ। ਪੁਰਾਣੇ ਵੇਲਿਆਂ ਦੀਆਂ ਕੁੱਝ ਚੰਗੀਆਂ ਗੱਲਾਂ ਤੇ ਕੁੱਝ ਬੁਰੀਆਂ ਗੱਲਾਂ ਨੂੰ ਮਿਲਾ ਕੇ ਇਹ ਪੈਕੇਜ ਬਣਦਾ ਹੈ ਪਰ ਇਹ ਸਭ ਕੁਝ ਤੈਅ ਅੱਜ ਦੇ ਸਮੇਂ ਵਿਚ ਜੀਅ ਰਹੇ ਲੋਕਾਂ ਨੇ ਕਰਨਾ ਹੁੰਦਾ ਹੈ ਕਿ ਉਨ੍ਹਾਂ ਨੇ ਕਿਹੜੀਆਂ ਚੰਗੀਆਂ ਚੀਜ਼ਾਂ ਨੂੰ ਫੜ ਕੇ ਰੱਖਣਾ ਹੈ ਅਤੇ ਕਿਹੜੇ ਬੁਰੇ ਰੀਤੀ-ਰਿਵਾਜਾਂ ਨੂੰ ਜੜ੍ਹੋਂ ਪੁੱਟਣਾ ਹੈ। ਸਭ ਪੁਰਾਣੇ ਰਿਵਾਜਾਂ ਅਤੇ ਗੱਲਾਂ ਨੂੰ ਹਮੇਸ਼ਾਂ ਮਹਾਨ ਬਣਾ ਕੇ ਦੇਖਣਾ ਅਤੇ ਹਰ ਨਵੀਂ



ਚੀਜ਼ ਨੂੰ ਨਿੰਦਣਾ ਗਲਤ ਹੈ, ਜਿਵੇਂ ਮੌਜੂਦਾ ਦੌਰ ਦੇ ਪ੍ਰੇਮੀ ਜੋੜਿਆਂ ਬਾਰੇ 'ਕਿਰਾਏ ਤੇ ਲਈ ਗਈ ਹੀਰ' ਵਰਗੇ ਸ਼ਬਦ ਵਰਤਣਾ ਅਤੇ ਸਿਰਫ ਪੁਰਾਣੇ ਸਮੇਂ ਦੇ ਪਿਆਰ ਨੂੰ ਮਹਾਨ ਕਰਕੇ ਦੇਖਣਾ।

ਜਦੋਂ ਔਰਤਾਂ ਦੇ ਪੱਖ ਤੋਂ ਗੁਰਦਾਸ ਮਾਨ ਦੇ ਗਾਣਿਆਂ ਦੀ ਗੱਲ ਹੋ ਰਹੀ ਹੋਵੇ ਤਾਂ ਕੁੱਝ ਲੋਕਾਂ ਨੂੰ ਉਸ ਦਾ ਗਾਣਾ 'ਕੁੜੀਏ ਕਿਸਮਤ ਪੁੜੀਏ, ਤੈਨੂੰ ਇੰਨਾ ਪਿਆਰ ਦੇਵਾਂ' ਦੀ ਯਾਦ ਆਉਣੀ ਸੁਭਾਵਿਕ ਹੈ ਪਰ ਇਸ ਬਾਰੇ ਮੇਰੇ ਕੁੱਝ ਸਵਾਲ ਹਨ। ਜਦੋਂ ਵੀ ਔਰਤ ਦੇ ਹੱਕ ਦੀ ਗੱਲ ਕਰਨੀ ਹੋਵੇ ਤਾਂ ਕੀ ਉਸ ਨੂੰ ਹਮੇਸ਼ਾਂ ਵਿਚਾਰੀ ਅਤੇ ਤਰਸ ਦੀ ਪਾਤਰ ਬਣਾ ਕੇ ਸੰਬੋਧਤ ਕਰਨਾ ਜ਼ਰੂਰੀ ਹੈ? ਕੀ ਸਮਾਜ ਕੁੜੀ ਨੂੰ ਉਸ ਦੇ ਹਿੱਸੇ ਦੀ ਦੁਨੀਆ ਨਹੀਂ ਦੇ ਸਕਦਾ ਜਿਥੇ ਉਹ ਬਿਨਾ ਰੋਕ-ਟੋਕ ਅਤੇ ਬੰਦਿਸ਼ਾਂ ਦੇ ਆਜ਼ਾਦ ਜ਼ਿੰਦਗੀ ਜੀਅ ਸਕੇ?

***'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ' ਵਰਗੇ ਗੀਤ ਨਾਲ ਪ੍ਰਸਿੱਧੀ ਪਾਉਣ ਵਾਲੇ ਗੁਰਦਾਸ ਮਾਨ ਆਪਣੇ ਗੀਤ 'ਪੰਜਾਬ' ਵਿਚ ਸ਼ਰਾਬ ਪੀ ਰਹੀਆਂ ਔਰਤਾਂ ਨੂੰ ਨਿੰਦ ਰਹੇ ਹਨ ਤੇ ਸਿਗਰਟਾਂ ਨਾਲ ਛਾਤੀਆਂ ਦਾ ਦੁੱਧ ਸੁੱਕਣ ਦੀ ਗੱਲ ਕਰਦੇ ਹਨ। ਅਜਿਹੀ ਕਿਹੜੀ ਸ਼ਰਾਬ ਹੈ ਜੋ ਮਰਦਾਂ ਲਈ ਤਾਂ ਬਹੁਤ ਮਹਾਨ ਹੈ ਪਰ ਔਰਤਾਂ ਲਈ ਮਾੜੀ ਹੈ? ਜੇ ਕੋਈ ਕਹੇ ਕਿ ਸ਼ਰਾਬ ਸਿਗਰਟ ਸਿਹਤ ਲਈ ਮਾੜੀਆਂ ਚੀਜ਼ਾਂ ਹਨ, ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤਾਂ ਤਰਕ ਸਮਝ ਆਉਂਦਾ ਹੈ ਪਰ ਜਦੋਂ ਇਹ ਸਿਰਫ ਔਰਤਾਂ ਲਈ ਮਾੜੀਆਂ ਕਰਾਰ ਦਿੱਤੀਆਂ ਜਾਂਦੀਆਂ ਹਨ ਤਾਂ ਇਸ ਗੱਲ ਪਿਛਲੀ ਪਿੱਤਰ ਸੱਤਾ ਵਾਲੀ/ ਮਰਦ ਪ੍ਰਧਾਨ ਸੋਚ ਸਾਫ ਝਲਕਦੀ ਹੈ। ਇੱਕ ਗੱਲ ਹੋਰ, ਬੇਸ਼ੱਕ ਔਰਤ ਬੱਚੇ ਨੂੰ ਜਨਮ ਦਿੰਦੀ ਹੈ ਪਰ ਉਸ ਨੂੰ ਪਾਲਣਾ ਸਿਰਫ ਔਰਤ ਦਾ ਕੰਮ ਨਹੀਂ ਬਲਕਿ ਸਾਂਝੀ ਜ਼ਿੰਮੇਵਾਰੀ ਹੈ। ਫਿਰ ਗਲਤ ਪਾਲਣ-ਪੋਸ਼ਣ ਦਾ ਭਾਂਡਾ ਸਿਰਫ ਔਰਤ ਦੇ ਸਿਰ 'ਤੇ ਕਿਉਂ ਭੰਨਿਆ ਜਾਂਦਾ ਹੈ?***

ਗੁਰਦਾਸ ਮਾਨ ਦਾ ਸਾਲ 2017 ਵਿਚ ਰਿਲੀਜ਼ ਹੋਇਆ ਗੀਤ 'ਪੰਜਾਬ' ਅਤੇ ਇਸ ਦੀ ਵੀਡੀਓ, ਦੋਨੋਂ ਹੀ ਬਹੁਤ ਇਤਰਾਜ਼ਯੋਗ ਹਨ। ਇਸ ਗੀਤ ਦੀ ਵੀਡੀਓ ਵਿਚ ਗੁਰਦਾਸ ਮਾਨ ਕਥਾਵਾਚਕ ਦੀ ਭੂਮਿਕਾ ਵਿਚ ਹਨ ਅਤੇ ਪੰਜਾਬ ਦੇ ਅੱਜ ਤੋਂ ਬੀਤੇ ਕੱਲ੍ਹ ਵਿਚ, ਤੇ ਉਥੋਂ ਭਗਤ ਸਿੰਘ ਨੂੰ ਨਾਲ ਲੈ ਕੇ ਫਿਰ ਅੱਜ ਦੇ ਵਕਤ ਤੇ ਆਉਂਦਾ ਹੈ। ਨਾਲ ਹੀ ਭਗਤ ਸਿੰਘ ਤੋਂ ਵਾਅਦਾ ਲੈਂਦਾ ਹੈ ਕਿ ਉਹ ਪੰਜਾਬ ਦੇ ਮੌਜੂਦਾ ਹਾਲਾਤ ਦੇਖ ਕੇ ਆਪਣਾ ਫਾਂਸੀ ਚੜ੍ਹਨ ਦਾ ਫੈਸਲਾ ਬਦਲੇਗਾ ਨਹੀਂ। ਹੁਣ ਤੱਕ ਜਿੰਨਾ ਭਗਤ ਸਿੰਘ ਨੂੰ ਜਾਂ ਉਸ ਬਾਰੇ ਪੜ੍ਹਿਆ ਤੇ ਜਾਣਿਆ ਹੈ, ਉਸ ਤੋਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਅੱਜ ਪੂੰਜੀਵਾਦ ਨੇ ਸਾਡੇ ਮੁਲਕ ਅਤੇ ਪੰਜਾਬ ਦੇ ਜੋ ਹਾਲਾਤ ਬਣਾ ਦਿੱਤੇ ਹਨ, ਉਸ ਬਾਰੇ ਖਦਸ਼ਾ ਭਗਤ ਸਿੰਘ ਨੂੰ ਬਾਖੂਬੀ ਸੀ। ਸ਼ਾਇਦ ਇਸੇ ਲਈ ਭਗਤ ਸਿੰਘ ਨੇ ਕਿਹਾ ਸੀ- ਮੇਰੀ ਲੜਾਈ ਸਿਰਫ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਬਾਹਰ ਕੱਢਣ ਤੱਕ ਸੀਮਿਤ ਨਹੀਂ ਬਲਕਿ ਮੇਰੀ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ।

ਦੂਜੀ ਗੱਲ, ਸਕੂਲ ਪੜ੍ਹਦਿਆਂ ਜਦੋਂ ਵੀ ਭਗਤ ਸਿੰਘ ਤੇ ਲੇਖ ਲਿਖਦੇ ਸੀ ਤਾਂ ਸਾਨੂੰ ਹਮੇਸ਼ਾਂ ਇਹ ਗੱਲ ਦੱਸੀ ਜਾਂਦੀ ਸੀ ਕਿ ਇੱਕ ਵਾਰੀ ਭਗਤ ਸਿੰਘ ਛੋਟਾ ਹੁੰਦਾ ਆਪਣੇ ਪਿਤਾ ਨਾਲ ਖੇਤਾਂ 'ਚ ਗਿਆ ਅਤੇ ਖੇਡਦੇ ਖੇਡਦੇ ਛਟੀਆਂ ਮਿੱਟੀ 'ਚ ਗੱਡਣ ਲੱਗਾ। ਜਦੋਂ ਭਗਤ ਸਿੰਘ ਦੇ ਪਿਤਾ ਨੇ ਪੁੱਛਿਆ ਕਿ ਉਹ ਕੀ ਕਰ ਰਿਹਾ ਹੈ ਤਾਂ ਭਗਤ ਸਿੰਘ ਨੇ ਜਵਾਬ ਦਿੱਤਾ ਕਿ ਬੰਦੂਕਾਂ ਬੀਜ ਰਿਹਾ ਹਾਂ, ਵੱਡਾ ਹੋ ਕੇ ਇਨ੍ਹਾਂ ਨਾਲ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਮਾਰ ਭਜਾਊਂਗਾ। ਫਾਂਸੀ 'ਤੇ ਚੜ੍ਹਨਾ ਭਗਤ ਸਿੰਘ ਦਾ ਟੀਚਾ ਨਹੀਂ ਸੀ ਬਲਕਿ ਫਾਂਸੀ ਦੀ ਸਜ਼ਾ ਤਾਂ ਉਸ ਦੀ ਲੜਾਈ ਦੇ ਰਸਤੇ ਦੀ ਰੁਕਾਵਟ ਸੀ ਜਿਸ ਤੋਂ ਭਗਤ ਸਿੰਘ ਡਰ ਕੇ ਭੱਜਿਆ ਨਹੀਂ ਅਤੇ ਕੁਰਬਾਨ ਹੋ ਗਿਆ।

ਹੈਰਾਨੀ ਦੀ ਗੱਲ ਇਹ ਹੈ ਕਿ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ' ਵਰਗੇ ਗੀਤ ਨਾਲ ਪ੍ਰਸਿੱਧੀ ਪਾਉਣ ਵਾਲੇ ਗੁਰਦਾਸ ਮਾਨ ਆਪਣੇ ਗੀਤ 'ਪੰਜਾਬ' ਵਿਚ ਸ਼ਰਾਬ ਪੀ ਰਹੀਆਂ ਔਰਤਾਂ ਨੂੰ ਨਿੰਦ ਰਹੇ ਹਨ ਤੇ ਸਿਗਰਟਾਂ ਨਾਲ ਛਾਤੀਆਂ ਦਾ ਦੁੱਧ ਸੁੱਕਣ ਦੀ ਗੱਲ ਕਰਦੇ ਹਨ। ਅਜਿਹੀ ਕਿਹੜੀ ਸ਼ਰਾਬ ਹੈ ਜੋ ਮਰਦਾਂ ਲਈ ਤਾਂ ਬਹੁਤ ਮਹਾਨ ਹੈ ਪਰ ਔਰਤਾਂ ਲਈ ਮਾੜੀ ਹੈ? ਜੇ ਕੋਈ ਕਹੇ ਕਿ ਸ਼ਰਾਬ ਸਿਗਰਟ ਸਿਹਤ ਲਈ ਮਾੜੀਆਂ ਚੀਜ਼ਾਂ ਹਨ, ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤਾਂ ਤਰਕ ਸਮਝ ਆਉਂਦਾ ਹੈ ਪਰ ਜਦੋਂ ਇਹ ਸਿਰਫ ਔਰਤਾਂ ਲਈ ਮਾੜੀਆਂ ਕਰਾਰ ਦਿੱਤੀਆਂ ਜਾਂਦੀਆਂ ਹਨ ਤਾਂ ਇਸ ਗੱਲ ਪਿਛਲੀ ਪਿੱਤਰ ਸੱਤਾ ਵਾਲੀ/ਮਰਦ ਪ੍ਰਧਾਨ ਸੋਚ ਸਾਫ ਝਲਕਦੀ ਹੈ। ਇੱਕ ਗੱਲ ਹੋਰ, ਬੇਸ਼ੱਕ ਔਰਤ ਬੱਚੇ ਨੂੰ ਜਨਮ ਦਿੰਦੀ ਹੈ ਪਰ ਉਸ ਨੂੰ ਪਾਲਣਾ ਸਿਰਫ ਔਰਤ ਦਾ ਕੰਮ ਨਹੀਂ ਬਲਕਿ ਸਾਂਝੀ ਜ਼ਿੰਮੇਵਾਰੀ ਹੈ। ਫਿਰ ਗਲਤ ਪਾਲਣ-ਪੋਸ਼ਣ ਦਾ ਭਾਂਡਾ ਸਿਰਫ ਔਰਤ ਦੇ ਸਿਰ 'ਤੇ ਕਿਉਂ ਭੰਨਿਆ ਜਾਂਦਾ ਹੈ?

ਗੁਰਦਾਸ ਮਾਨ ਦੀ ਆਵਾਜ਼ ਤੇ ਸੁਰ ਬੇਸ਼ੱਕ ਸੋਹਣੇ ਹਨ ਪਰ ਕੋਈ ਕਲਾਕਾਰ ਲੋਕਾਂ ਲਈ ਨਾਇਕ/ਸਟਾਰ ਉਦੋਂ ਬਣਦਾ ਹੈ ਜਦੋਂ ਉਹ ਲੋਕਾਂ ਦੇ ਹੱਕ ਜਾਂ ਉਨ੍ਹਾਂ ਦੇ ਪੱਖ ਦੀ ਗੱਲ ਕਰੇ। ਕੁੜੀ ਹੋਣ ਦੇ ਨਾਤੇ ਮੇਰੇ ਲਈ ਉਸ ਨੂੰ 'ਪੰਜਾਬ ਦਾ ਮਾਣ' ਮੰਨ ਸਕਣਾ ਸੰਭਵ ਨਹੀਂ ਕਿਉਂਕਿ ਮੈਂ ਅਗਾਂਹਵਧੂ ਅਤੇ ਔਰਤਾਂ ਦੀ ਤਰੱਕੀ ਪਸੰਦ ਕਰਨ ਵਾਲੇ ਪੰਜਾਬ ਵਿਚ ਯਕੀਨ ਰੱਖਦੀ ਹਾਂ।

# ਰਾਜਧ੍ਰੋਹ ਨੂੰ ਜ਼ੁਬਾਨਬੰਦੀ ਦਾ ਹਥਿਆਰ ਬਣਾਇਆ

## ਮੋਦੀ ਨੂੰ ਖਤ ਲਿਖਣ ਵਾਲੀਆਂ ਹਸਤੀਆਂ ਨਿਸ਼ਾਨੇ 'ਤੇ

ਬੂਟਾ ਸਿੰਘ
ਫੋਨ: +91-94634-74342

ਭਾਰਤ ਦੇ ਹਾਲਾਤ ਦਿਨੋ-ਦਿਨ ਹੋਰ ਵੀ ਖਤਰਨਾਕ ਹੋ ਰਹੇ ਹਨ। ਇਸ ਵਕਤ ਮੁਲਕ ਦੀ ਸੱਤਾ ਉਪਰ ਕਾਬਜ਼ ਹਿੰਦੂਤਵ ਬ੍ਰਿਗੇਡ ਜ਼ਿਹਨੀ ਪੱਧਰ 'ਤੇ ਖੁਦ ਤਾਂ ਹਜ਼ਾਰਾਂ ਸਾਲ ਪੁਰਾਣੇ ਜਹਾਲਤ ਦੇ 'ਸੁਨਹਿਰੀ ਯੁਗ' ਵਿਚ ਜੀਅ ਹੀ ਰਿਹਾ ਹੈ ਸਗੋਂ ਪੂਰੇ ਮੁਲਕ ਦੇ ਬਾਸ਼ਿੰਦਿਆਂ ਨੂੰ ਵੀ ਪਸ਼ੂਆਂ ਵਾਂਗ ਹਿੱਕ ਕੇ ਉਸੇ ਦੌਰ ਵਿਚ ਵਾਪਸ ਲਿਜਾਣ ਲਈ ਬਜ਼ਿਦ ਹੈ। ਇਹ ਸਭ ਕੁਝ ਜਮਹੂਰੀ ਮੁੱਲਾਂ ਨੂੰ ਸਰਵਵਿਆਪਕ ਮਾਨਤਾ ਦੇ ਦੌਰ ਅੰਦਰ ਵਿਕਾਸ ਅਤੇ ਲੋਕਤੰਤਰ ਦੇ ਨਾਂ ਹੇਠ ਕੀਤਾ ਜਾ ਰਿਹਾ ਹੈ।

ਸੰਘੀਆਂ ਉਪਰ ਮਨਮਾਨੀਆਂ ਦਾ ਭੂਤ ਇਸ ਕਦਰ ਸਵਾਰ ਹੈ ਕਿ ਇਹ ਆਪਣੀਆਂ ਸਰਕਾਰਾਂ ਦੀ ਮਾਮੂਲੀ ਆਲੋਚਨਾ ਨੂੰ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ, ਜਿਸ ਨੂੰ ਪੂਰੀ ਦੁਨੀਆ ਵਿਚ ਜਮਹੂਰੀਅਤ ਦੀ ਰੂਹ ਮੰਨਿਆ ਜਾਂਦਾ ਹੈ। ਹਾਲ ਹੀ ਵਿਚ ਕੇਂਦਰ ਸਰਕਾਰ ਦੀ ਖਾਮੋਸ਼ ਸਹਿਮਤੀ ਨਾਲ ਬਿਹਾਰ ਦੇ ਮੁਜ਼ੱਫਰਨਗਰ ਦੀ ਪੁਲਿਸ ਵਲੋਂ 49 ਸਿਰਕੱਢ ਹਸਤੀਆਂ ਵਿਰੁਧ ਕੇਸ ਦਰਜ ਕਰ ਲਿਆ ਗਿਆ ਹੈ। ਇਨ੍ਹਾਂ ਹਸਤੀਆਂ ਵਿਚ ਮਸ਼ਹੂਰ ਫਿਲਮਸਾਜ਼/ਐਕਟਰ ਅਨੁਰਾਗ ਕਸ਼ਿਅਪ, ਸ਼ਿਆਮ ਬੈਨੇਗਲ, ਮਣੀ ਰਤਨਮ, ਅਪਰਨਾ ਸੇਨ, ਅਡੂਰ ਗੋਪਾਲਕ੍ਰਿਸ਼ਨਨ, ਐਕਟਰ ਤੇ ਕਵੀ ਸੁਮਿਤਰਾ ਚੈਟਰਜੀ, ਸੰਗੀਤਕਾਰ ਸ਼ੁਭਾ ਮੁਦਗਿਲ, ਇਤਿਹਾਸਕਾਰ ਰਾਮਚੰਦਰ ਗੁਹਾ ਆਦਿ ਮਸ਼ਹੂਰ ਫਿਲਮੀ ਹਸਤੀਆਂ ਅਤੇ ਚਿੰਤਕ ਸ਼ਾਮਲ ਹਨ। ਉਨ੍ਹਾਂ ਨੂੰ ਰਾਜਧ੍ਰੋਹ, ਦੇਸ਼ਧ੍ਰੋਹ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਅਮਨ-ਕਾਨੂੰਨ ਭੰਗ ਕਰਨ ਅਤੇ ਵੱਖਵਾਦ ਨੂੰ ਸ਼ਹਿ ਦੇਣ ਕਰਨ ਦੇ ਸੰਗੀਨ ਜੁਰਮ ਦੇ ਮੁਲਜ਼ਮ ਬਣਾਇਆ ਗਿਆ ਹੈ। ਜਮਹੂਰੀਅਤ ਨਾਲ ਇਸ ਤੋਂ ਕੁਹਜਾ ਮਜ਼ਾਕ ਕੀ ਹੋ ਸਕਦਾ ਹੈ ਕਿ ਮੁਲਕ ਦੇ ਹਾਲਾਤ ਉਪਰ ਫਿਕਰਮੰਦੀ ਜ਼ਾਹਿਰ ਕਰਦਿਆਂ ਪ੍ਰਧਾਨ ਮੰਤਰੀ ਨੂੰ ਲਿਖੀ ਗਈ ਖੁੱਲ੍ਹੀ ਚਿੱਠੀ ਨੂੰ ਰਾਜਧ੍ਰੋਹ ਅਤੇ ਵੱਖਵਾਦ ਨੂੰ ਸ਼ਹਿ ਦੇਣਾ ਮੰਨ ਲਿਆ ਗਿਆ ਅਤੇ ਸਥਾਨਕ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਵਲੋਂ ਵੀ ਬੇਬੁਨਿਆਦ ਪਟੀਸ਼ਨ ਨੂੰ ਮਨਜ਼ੂਰ ਕਰਕੇ ਵਾਹਯਾਤ ਕੇਸ ਦਰਜ ਕਰਨ ਦਾ ਆਦੇਸ਼ ਦੇ ਦਿੱਤਾ ਗਿਆ।

ਭਾਵੇਂ ਇਹ ਕੇਸ ਇਕ ਐਡਵੋਕੇਟ ਵਲੋਂ ਸਥਾਨਕ ਅਦਾਲਤ ਵਿਚ ਦਾਇਰ ਕੀਤੀ ਪਟੀਸ਼ਨ ਦੇ ਅਧਾਰ 'ਤੇ ਦਰਜ ਕੀਤਾ ਗਿਆ ਹੈ, ਦਰਅਸਲ ਇਹ ਵਿਅਕਤੀਗਤ ਕਾਰਵਾਈ ਨਹੀਂ। ਇਹ ਆਰ.ਐਸ.ਐਸ. ਦੇ ਏਜੰਡੇ ਅਤੇ ਭਾਜਪਾ ਰਾਜ ਉਪਰ ਸਵਾਲ ਉਠਾਉਣ ਵਾਲਿਆਂ ਦੀ ਜ਼ੁਬਾਨਬੰਦੀ ਕਰਨ ਦੀ ਬਾਕਾਇਦਾ ਨੀਤੀ ਦਾ ਹਿੱਸਾ ਹੈ। ਜਿਸ ਤਹਿਤ ਵੱਖ-ਵੱਖ ਮੁਹਾਜ਼ਾਂ ਉਪਰ ਤਾਇਨਾਤ ਸੰਘੀ ਤਾਕਤਾਂ ਵਲੋਂ ਆਲੋਚਕਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਨਿਸ਼ਾਨਾ ਬਣਾਇਆ ਜਾਂਦਾ ਹੈ।

ਮੋਦੀ ਸਰਕਾਰ ਦੀ ਐਨੇ ਗੰਭੀਰ ਮਾਮਲੇ ਵਿਚ ਚੁੱਪ ਉਨ੍ਹਾਂ ਦੀ ਸਹਿਮਤੀ ਨੂੰ ਦਰਸਾਉਂਦੀ ਹੈ। ਇਹ ਤੱਥ ਹੁਣ ਸ਼ਾਇਦ ਹੀ ਕਿਸੇ ਨੂੰ ਚੇਤੇ ਹੋਵੇ ਕਿ ਇਸ ਚਿੱਠੀ ਨੂੰ 'ਚੋਣਵਾਂ ਗੁੱਸਾ ਅਤੇ ਗਲਤ ਬਿਰਤਾਂਤ ਸੈੱਟ ਕਰਨ' ਦਾ ਯਤਨ ਕਰਾਰ ਦਿੰਦੇ ਹੋਏ ਐਸੀ ਹੀ ਚਿੱਠੀ ਆਰ.ਐਸ.ਐਸ. ਦੀਆਂ ਹਮਾਇਤੀ 61 ਹਸਤੀਆਂ ਵਲੋਂ ਵੀ ਲਿਖੀ ਗਈ ਸੀ ਜਿਸ ਵਿਚ ਮੋਦੀ ਸਰਕਾਰ ਦੇ ਕਸੀਦੇ ਪੜ੍ਹੇ ਗਏ ਸਨ। ਇਹ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦਾ ਸਵਾਲ ਹੈ ਜਿਸ ਨੂੰ ਸਹੀ ਲੱਗੇ ਉਹ ਸਥਾਪਤੀ ਦੀ ਤਾਰੀਫ ਕਰ ਸਕਦਾ ਹੈ ਲੇਕਿਨ ਜੋ ਸਥਾਪਤੀ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ, ਉਨ੍ਹਾਂ ਨੂੰ ਸੱਤਾਧਾਰੀ ਧਿਰ ਦੇ ਰਾਜਸੀ ਏਜੰਡਿਆਂ ਅਤੇ ਨਿਜ਼ਾਮ ਦੀ ਕਾਰਗੁਜ਼ਾਰੀ ਉਪਰ ਸਵਾਲ ਉਠਾਉਣ ਅਤੇ ਆਪਣੇ ਸਰੋਕਾਰਾਂ ਤੇ ਫਿਕਰਮੰਦੀਆਂ ਤੋਂ ਸਮਾਜ ਨੂੰ ਸੁਚੇਤ ਕਰਨ ਦਾ ਬਰਾਬਰ ਹੱਕ ਹੈ।

ਸੰਵਿਧਾਨ ਦੀ ਧਾਰਾ 19 ਸਾਰੇ ਨਾਗਰਿਕਾਂ ਨੂੰ ਇਹ ਹੱਕ ਦਿੰਦੀ ਹੈ। ਨਾਮਵਰ ਸ਼ਖਸੀਅਤਾਂ ਵਲੋਂ ਆਪਣੇ ਇਸੇ ਸੰਵਿਧਾਨਕ ਹੱਕ ਦਾ ਇਸਤੇਮਾਲ ਕਰਦੇ ਹੋਏ ਦੇਸ਼ ਵਿਚ ਧਰਮ ਦੇ ਨਾਂ 'ਤੇ ਫੈਲਾਈ ਜਾ ਰਹੀ ਨਫਰਤ, ਹਜੂਮੀ ਕਤਲਾਂ ਅਤੇ ਘੱਟਗਿਣਤੀਆਂ, ਦਲਿਤਾਂ ਅਤੇ ਹੋਰ ਮਜ਼ਲੂਮ ਹਿੱਸਿਆਂ ਵਿਰੁੱਧ ਹਿੰਸਾ ਦੇ ਸਿਲਸਿਲੇ ਬਾਰੇ ਆਪਣੀ ਫਿਕਰਮੰਦੀ ਜ਼ਾਹਿਰ ਕੀਤੀ ਗਈ। ਤੱਥਾਂ ਅਤੇ ਅੰਕੜਿਆਂ ਦੇ ਅਧਾਰ 'ਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ ਕਿ ਉਸ ਦੀ ਸਰਕਾਰ ਸੰਸਦ ਵਿਚ ਹਜੂਮੀ ਕਤਲਾਂ ਪ੍ਰਤੀ ਫੋਕੀ ਫਿਕਰਮੰਦੀ ਦਿਖਾਉਣ ਤਕ ਸੀਮਤ ਹੈ। ਜਦਕਿ ਸਰਕਾਰ ਨੂੰ ਪਛਾਣ, ਧਰਮ ਅਤੇ ਜਾਤੀ ਦੇ ਅਧਾਰ 'ਤੇ ਹਿੰਸਕ ਹਮਲਿਆਂ ਨੂੰ ਰੋਕਣ ਲਈ ਠੋਸ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਭਾਜਪਾ ਦੇ ਰਾਜ ਅੰਦਰ ਬਣੇ ਦੇਸ਼ ਦੇ ਖਤਰਨਾਕ ਹਾਲਾਤ ਵੱਲ ਧਿਆਨ ਦਿਵਾਉਂਦੇ ਹੋਏ ਇਹ ਨੁਕਤਾ ਵੀ ਉਠਾਇਆ ਕਿ 'ਜੈ ਸ੍ਰੀਰਾਮ' ਹਿੰਦੂ ਫਿਰਕੇ ਲਈ ਸ਼ਰਧਾ ਦਾ ਪ੍ਰਤੀਕ ਹੈ ਲੇਕਿਨ ਸੰਘ ਪਰਿਵਾਰ ਵਲੋਂ ਇਸ ਨੂੰ ਨਫਰਤ ਭੜਕਾਊ ਜੰਗੀ ਨਾਅਰੇ ਵਿਚ ਬਦਲ ਦਿੱਤਾ ਗਿਆ ਹੈ।




ਉਪਰੋਕਤ ਸ਼ਖਸੀਅਤਾਂ ਨੇ ਐਸਾ ਕੁਝ ਵੀ ਨਹੀਂ ਕੀਤਾ ਜੋ ਦੇਸ਼ ਜਾਂ ਸਮਾਜ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦਾ ਹੋਵੇ। ਇਸ ਦੇ ਉਲਟ ਇਹ ਸੱਤਾਧਾਰੀ ਭਾਜਪਾ ਅਤੇ ਇਸ ਦੇ ਵਿਚਾਰਧਾਰਕ ਮਾਰਗ-ਦਰਸ਼ਕ ਆਰ ਐਸ ਐਸ ਦਾ ਕਾਰਪੋਰੇਟ ਪੱਖੀ ਏਜੰਡਾ ਹੈ ਜੋ ਨਾ ਸਿਰਫ ਦੇਸ਼ ਦੀ ਆਰਥਿਕਤਾ ਨੂੰ ਲਗਾਤਾਰ ਬਰਬਾਦ ਕਰ ਰਿਹਾ ਹੈ ਸਗੋਂ ਆਪਣੇ ਹਿੰਦੂਤਵ ਦੇ ਰਾਜਸੀ ਏਜੰਡੇ ਨਾਲ ਇਹ ਮੁਲਕ ਦੀ ਸਮਾਜੀ-ਸਭਿਆਚਾਰਕ ਵੰਨ-ਸਵੰਨਤਾ ਨੂੰ ਵੀ ਤਹਿਸ-ਨਹਿਸ ਕਰ ਰਹੇ ਹਨ। ਇਹ ਫਾਸ਼ੀਵਾਦ ਦਿਮਾਗ ਹੀ ਸੋਚ ਸਕਦੇ ਹਨ ਕਿ ਸਰਕਾਰ ਦੀ ਆਲੋਚਨਾ ਰਾਜਧ੍ਰੋਹ ਹੈ, ਮੁਲਕ ਦੇ ਹਾਲਾਤ ਵਲ ਸਰਕਾਰ ਦਾ ਧਿਆਨ ਖਿੱਚਣ ਅਮਨ-ਕਾਨੂੰਨ ਨੂੰ ਭੰਗ ਕਰਨਾ ਹੈ ਅਤੇ 'ਜੈ ਸ੍ਰੀਰਾਮ' ਦੇ ਧਾਰਮਿਕ ਬੋਲੇ ਦੇ ਗਲਤ ਇਸਤੇਮਾਲ ਪ੍ਰਤੀ ਫਿਕਰਮੰਦੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੈ। ਦੇਸ਼ ਵਿਰੋਧੀ ਤਾਂ ਸੰਘ ਪਰਿਵਾਰ ਖੁਦ ਹੈ ਜੋ ਸਮਾਜ ਉਪਰ ਹਿੰਦੂ ਰਾਸ਼ਟਰ ਥੋਪ ਕੇ ਸਮਾਜ ਦੀ ਤਰੱਕੀ ਨੂੰ ਪਿਛਾਂਹ ਧੱਕ ਕੇ ਜਹਾਲਤ ਦੇ ਯੁਗ ਵਿਚ ਲਿਜਾਣਾ ਚਾਹੁੰਦਾ ਹੈ।

ਚਿੰਤਨਸ਼ੀਲ ਸ਼ਖਸੀਅਤਾਂ ਨੇ ਇਸ ਖਤਰੇ ਨੂੰ ਪਛਾਣ ਕੇ ਅਤੇ ਇਸ ਬਾਰੇ ਸਰਕਾਰ ਅਤੇ ਮੁਲਕ ਦੇ ਲੋਕਾਂ ਨੂੰ ਚੌਕਸ ਕਰਕੇ ਆਪਣਾ ਫਰਜ਼ ਨਿਭਾਇਆ ਹੈ। ਉਨ੍ਹਾਂ ਨੇ ਆਪਣੀ ਗੱਲ ਤੱਥਾਂ ਅਤੇ ਅੰਕੜਿਆਂ ਸਹਿਤ ਕਹੀ। ਸੱਤਾਧਾਰੀ ਧਿਰ ਤੱਥਾਂ ਅਤੇ ਦਲੀਲਾਂ ਨਾਲ ਉਨ੍ਹਾਂ ਨੂੰ ਗ਼ਲਤ ਸਾਬਤ ਕਰ ਸਕਦੀ ਸੀ। ਇਸ ਵੱਲੋਂ ਸੰਵਾਦ ਤੋਰਨ ਦੀ ਬਜਾਏ ਧੌਂਸਬਾਜ਼ੀ ਅਤੇ ਦਹਿਸ਼ਤ ਦਾ ਸਹਾਰਾ ਲੈ ਕੇ ਜ਼ੁਬਾਨਬੰਦੀ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਖੁੱਲ੍ਹੀ ਚਿੱਠੀ ਲਿਖਣ ਨੂੰ 'ਮੁਲਕ ਦਾ ਅਕਸ ਵਿਗਾੜਨ ਵਾਲੀ ਅਤੇ ਪ੍ਰਧਾਨ ਮੰਤਰੀ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨੂੰ ਨੁਕਸਾਨ ਪਹੁੰਚਾਉਣ' ਅਤੇ 'ਵੱਖਵਾਦੀ ਰੁਚੀਆਂ ਦੀ ਹਮਾਇਤ ਕਰਨ' ਵਾਲੀ ਬਣਾ ਕੇ ਪੇਸ਼ ਕਰਨ ਅਤੇ ਅਦਾਲਤ ਵਿਚ ਕੇਸ ਕਰਨ ਦੀ ਕੋਈ ਵਾਜਬੀਅਤ ਨਹੀਂ ਹੈ। ਇਹ ਇਕ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਹੈ ਜਿਸ ਦਾ ਮਨੋਰਥ ਸੱਤਾਧਾਰੀ ਧਿਰ ਅਤੇ ਸਟੇਟ ਦੀਆਂ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ਹੋ ਸਕਦਾ। ਐਸੇ ਇਕ ਪਿੱਛੋਂ ਇਕ ਮਾਮਲੇ ਸਾਹਮਣੇ ਆ ਰਹੇ ਹਨ।

ਯੂ.ਪੀ. ਵਿਚ ਮਹੰਤ ਅਦਿਤਿਆਨਾਥ ਦੀ ਸਰਕਾਰ ਵਲੋਂ ਵੀ ਸਰਕਾਰ ਦੀ ਕਾਰਗੁਜ਼ਾਰੀ ਉਪਰ ਸਵਾਲ ਉਠਾਉਣ ਵਾਲਿਆਂ ਵਿਰੁਧ ਇਸ ਤਰ੍ਹਾਂ ਦੇ ਕੇਸ ਦਰਜ ਕਰਵਾਏ ਜਾ ਰਹੇ ਹਨ। ਅਗਸਤ 2017 'ਚ ਅਦਿਤਿਆਨਾਥ ਦੇ ਲੋਕ ਸਭਾ ਹਲਕੇ ਵਿਚ ਪੈਂਦੇ ਬੀ.ਆਰ.ਡੀ. ਮੈਡੀਕਲ ਕਾਲਜ ਗੋਰਖਪੁਰ ਵਿਚ 60 ਤੋਂ ਵੱਧ ਬੱਚਿਆਂ ਦੀ ਆਕਸੀਜਨ ਦੀ ਘਾਟ ਕਾਰਨ ਮੌਤ ਨੇ ਪੂਰੇ ਮੁਲਕ ਨੂੰ ਝੰਜੋੜ ਦਿੱਤਾ ਸੀ; ਲੇਕਿਨ ਭਗਵੀਂ ਸਰਕਾਰ ਨੇ ਉਲਟਾ ਬੱਚਿਆਂ ਦਾ ਇਲਾਜ ਕਰਨ ਵਾਲੇ ਡਾ. ਕਫੀਲ ਖਾਨ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਜਿਸ ਨੇ ਸਰਕਾਰ ਦੀ ਮੁਜਰਮਾਨਾ ਕੋਤਾਹੀ ਦੀ ਪੋਲ ਖੋਲ੍ਹੀ ਸੀ ਉਸੇ ਨੂੰ ਭ੍ਰਿਸ਼ਟਾਚਾਰ ਅਤੇ ਮੈਡੀਕਲ ਅਣਗਹਿਲੀ ਦੇ ਇਲਜ਼ਾਮ ਲਗਾ ਕੇ ਮੁਅੱਤਲ ਕਰ ਦਿੱਤਾ ਗਿਆ। ਪਿੱਛੇ ਜਿਹੇ ਜਾਂਚ ਕਮੇਟੀ ਵਲੋਂ ਉਸ ਨੂੰ ਬੇਕਸੂਰ ਕਰਾਰ ਦੇ ਕੇ ਕਲੀਨ ਚਿਟ ਦੇ ਦਿੱਤੀ ਗਈ। ਰਾਜ ਸਰਕਾਰ ਉਸ ਦੀ ਮੁੜ-ਬਹਾਲੀ ਨੂੰ ਕਿਵੇਂ ਸਵੀਕਾਰ ਕਰ ਲੈਂਦੀ! ਐਸੇ 'ਨਵੇਂ ਸਬੂਤ' ਲੱਭ ਲੈਣ ਦਾ ਦਾਅਵਾ ਕੀਤਾ ਗਿਆ ਜਿਨ੍ਹਾਂ ਵਲ ਕਥਿਤ ਤੌਰ 'ਤੇ ਜਾਂਚ ਕਮੇਟੀ ਨੇ ਧਿਆਨ ਨਹੀਂ ਦਿੱਤਾ। ਸੱਤਾ ਦੇ ਇਸ਼ਾਰੇ 'ਤੇ ਉਸ ਦੇ ਖਿਲਾਫ ਸੱਤ ਮਾਮਲੇ ਨਵੇਂ ਸਿਰਿਓਂ ਖੋਲ੍ਹ ਲਏ ਗਏ। ਇਕੋ-ਇਕ ਮਨੋਰਥ ਉਸ ਨੂੰ ਸਰਕਾਰ ਦੀ ਨਲਾਇਕ ਕਾਰਗੁਜ਼ਾਰੀ ਉਪਰ ਸਵਾਲ ਉਠਾਉਣ ਦੀ ਸਜ਼ਾ ਦੇਣਾ ਅਤੇ ਇਸ ਨੂੰ ਬਾਕੀਆਂ ਲਈ ਚਿਤਾਵਨੀ ਦੀ ਮਿਸਾਲ ਬਣਾਉਣਾ ਹੈ।

ਇਸੇ ਤਰ੍ਹਾਂ ਮਿਰਜ਼ਾਪੁਰ ਜ਼ਿਲ੍ਹੇ ਵਿਚ ਪੱਤਰਕਾਰ ਪਵਨ ਕੁਮਾਰ ਜੈਸਵਾਲ ਦੇ ਖਿਲਾਫ ਕੇਸ ਦਰਜ ਕਰਵਾਇਆ ਗਿਆ ਜਿਸ ਨੇ ਸਰਕਾਰੀ ਸਕੂਲਾਂ ਵਿਚ 'ਮਿਡ-ਡੇਅ ਮੀਲ' ਘੁਟਾਲੇ ਦਾ ਖੁਲਾਸਾ ਕੀਤਾ ਸੀ। ਜਿਥੇ ਬੱਚਿਆਂ ਲਈ ਆਇਆ ਰਾਸ਼ਨ ਡਕਾਰ ਕੇ ਉਨ੍ਹਾਂ ਨੂੰ ਲੂਣ ਨਾਲ ਸੁੱਕੀ ਰੋਟੀ ਖੁਆਈ ਜਾਂਦੀ ਸੀ। ਉਸ ਨੂੰ ਵੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਦਾ ਅਕਸ ਵਿਗਾੜਨ ਦਾ ਮੁਲਜ਼ਮ ਨਾਮਜ਼ਦ ਕੀਤਾ ਗਿਆ।

ਹਿੰਦੂਤਵ ਬ੍ਰਿਗੇਡ ਦੇ ਇਰਾਦੇ ਜੱਗ ਜ਼ਾਹਰ ਹਨ। ਰਾਸ਼ਟਰਵਾਦ ਅਤੇ ਧਾਰਮਿਕ ਜਨੂੰਨ ਦੇ ਪ੍ਰਭਾਵ ਹੇਠ ਅਵਾਮ ਇਸ ਭਿਆਨਕ ਖਤਰੇ ਦੀ ਪੈੜਚਾਲ ਤੋਂ ਬੇਖਬਰ ਹਨ। ਆਲਮ ਇਹ ਹੈ ਕਿ ਨਿਆਂ ਪ੍ਰਣਾਲੀ ਦਾ ਇਕ ਹਿੱਸਾ ਵੀ ਮਜ਼ਲੂਮ ਧਿਰ ਦਾ ਪੱਖ ਸੁਣਨ ਤੋਂ ਇਨਕਾਰੀ ਹੈ। ਸਥਾਨਕ ਅਦਾਲਤਾਂ ਦੇ ਜੱਜ ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਪੁਲਿਸ ਵਲੋਂ ਬਣਾਏ ਜਾ ਰਹੇ ਝੂਠੇ ਕੇਸਾਂ ਨੂੰ ਫਟਾਫਟ ਮਨਜ਼ੂਰੀ ਦੇ ਰਹੇ ਹਨ, ਸਰਵਉਚ ਅਦਾਲਤ ਇਨ੍ਹਾਂ ਨੂੰ ਦੇਖ ਕੇ ਅਣਡਿੱਠ ਕਰ ਰਹੀ ਹੈ। ਸਰਵਉਚ ਅਦਾਲਤ ਦਾ ਇਕ ਹੋਰ ਪੱਖ ਵੀ ਉਘੜ ਕੇ ਸਾਹਮਣੇ ਆ ਰਿਹਾ ਹੈ। ਦੋ ਮਹੀਨੇ ਤੋਂ ਘਰਾਂ ਵਿਚ ਕੈਦ ਕਸ਼ਮੀਰੀਆਂ ਦੀ ਕੋਈ ਪ੍ਰਵਾਹ ਨਹੀਂ। ਕਸ਼ਮੀਰ ਉਪਰ ਪਟੀਸ਼ਨਾਂ ਦੀ ਸੁਣਵਾਈ ਸਰਸਰੀ ਜਹੇ ਅੱਗੇ ਪਾ ਕੇ ਕੇਂਦਰ ਸਰਕਾਰ ਨੂੰ ਮਨਮਾਨੀਆਂ ਕਰਨ ਦਾ ਪੂਰਾ ਮੌਕਾ ਦਿੱਤਾ ਗਿਆ ਹੈ। ਹੁਣ ਸੁਣਵਾਈ ਨਵੰਬਰ ਦੇ ਅੱਧ ਵਿਚ ਹੋਵੇਗੀ ਜਦਕਿ ਕੇਂਦਰ ਸਰਕਾਰ ਕਸ਼ਮੀਰ ਨੂੰ ਦੋ ਹਿੱਸਿਆਂ ਵਿਚ ਵੰਡਣ ਦਾ ਫੈਸਲਾ 31 ਅਕਤੂਬਰ ਨੂੰ ਲਾਗੂ ਕਰਨ ਜਾ ਰਹੀ ਹੈ।

ਇਸੇ ਤਰ੍ਹਾਂ ਦੀ ਬੇਪ੍ਰਵਾਹੀ ਉਘੇ ਬੁੱਧੀਜੀਵੀ ਗੌਤਮ ਨਵਲੱਖਾ ਦੀ ਝੂਠੀ ਐਫ.ਆਈ.ਆਰ. ਖਾਰਜ ਕਰਨ ਦੀ ਪਟੀਸ਼ਨ ਪ੍ਰਤੀ ਸਾਹਮਣੇ ਆਈ ਹੈ ਜੋ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਸਮੇਤ ਪੰਜ ਜੱਜਾਂ ਨੇ ਖੁਦ ਨੂੰ ਇਸ ਮਾਮਲੇ ਦੀ ਸੁਣਵਾਈ ਕਰਨ ਤੋਂ ਅਲੱਗ ਕਰ ਲਿਆ ਹੈ। ਐਨਾ ਗੰਭੀਰ ਮਾਮਲਾ ਹੋਣ ਦੇ ਬਾਵਜੂਦ ਨਾਗਰਿਕਾਂ ਨੂੰ ਇਸ ਦਾ ਕਾਰਨ ਦੱਸਣ ਦੀ ਲੋੜ ਵੀ ਨਹੀਂ ਸਮਝੀ ਗਈ। ਨਿਆਂ ਦੀ ਉਮੀਦ ਅਦਾਲਤਾਂ ਦੇ ਗਲਿਆਰਿਆਂ ਵਿਚ ਦਮ ਤੋੜ ਰਹੀ ਹੈ।

ਇਸ ਖਤਰਨਾਕ ਹਮਲੇ ਦੇ ਮੱਦੇਨਜ਼ਰ ਸੁਹਿਰਦ ਬੌਧਿਕ ਹਲਕੇ ਆਪਣਾ ਫਰਜ਼ ਨਿਭਾ ਰਹੇ ਹਨ। ਹਾਲ ਹੀ ਵਿਚ ਨਸੀਰੂਦੀਨ ਸ਼ਾਹ, ਮਲਿਕਾ ਸਾਰਾਭਾਈ ਸਮੇਤ 185 ਨਾਮਵਰ ਸ਼ਖਸੀਅਤਾਂ ਨੇ ਰਾਜਧ੍ਰੋਹ ਦੇ ਕੇਸ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ 49 ਬੁੱਧੀਜੀਵੀਆਂ ਦੀ ਉਪਰੋਕਤ ਚਿੱਠੀ ਨੂੰ ਸਹਿਮਤੀ ਦੇ ਕੇ ਆਪਣੇ ਦਸਖਤਾਂ ਹੇਠ ਦੁਬਾਰਾ ਜਾਰੀ ਕੀਤਾ ਹੈ ਅਤੇ ਮੁਲਕ ਦੇ ਲੋਕਾਂ ਨੂੰ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਅਵਾਮ ਵੀ ਜਾਗਰੂਕ ਹੋ ਕੇ ਇਸ ਖਤਰੇ ਵਿਰੁੱਧ ਲਾਮਬੰਦ ਹੋਣ।

# ਲੋਕ ਤਾਂ ਨਿੱਤ ਆਵਾਜ਼ ਉਠਾਉਣਗੇ...

## ਸਾਰੇ ਮੁਲਕ ਵਾਸੀਆਂ ਦੇ ਨਾਂ ਖੁੱਲ੍ਹੀ ਚਿੱਠੀ

ਸਭਿਆਚਾਰਕ ਭਾਈਚਾਰੇ ਦੇ ਸਾਡੇ 49 ਸਾਥੀਆਂ ਉਪਰ ਸਿਰਫ ਇਸ ਲਈ ਐਫ.ਆਈ.ਆਰ. ਦਰਜ ਕਰ ਲਈ ਗਈ ਕਿ ਉਨ੍ਹਾਂ ਨੇ ਸਮਾਜ ਦੇ ਜ਼ਿੰਮੇਵਾਰ ਨਾਗਰਿਕ ਹੋਣ ਦੀ ਮਿਸਾਲ ਪੇਸ਼ ਕੀਤੀ ਸੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਮੁਲਕ ਵਿਚ ਹਾਵੀ ਹੋ ਰਹੇ ਭੀੜਤੰਤਰ ਅਤੇ ਹਜੂਮੀ ਹੱਤਿਆਵਾਂ (ਮੌਬ ਲਿੰਚਿੰਗ) ਉਪਰ ਖੁੱਲ੍ਹੀ ਚਿੱਠੀ ਲਿਖੀ ਸੀ।

ਕੀ ਇਹ ਦੇਸ਼ਧ੍ਰੋਹ ਹੈ? ਕੀ ਇਹ ਅਦਾਲਤਾਂ ਦੀ ਵਰਤੋਂ ਕਰਕੇ ਮੁਲਕ ਦੇ ਨਾਗਰਿਕਾਂ ਦੀ ਜ਼ਿੰਮੇਵਾਰ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼ ਨਹੀਂ ਹੈ?

ਅਸੀਂ ਸਾਰੇ ਜੋ ਭਾਰਤੀ ਸਭਿਆਚਾਰਕ ਭਾਈਚਾਰੇ ਦਾ ਹਿੱਸਾ ਹਾਂ, ਸੂਝਵਾਨ ਨਾਗਰਿਕ ਹੋਣ ਦੇ ਨਾਤੇ ਇਸ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ। ਅਸੀਂ ਆਪਣੇ ਸਾਥੀਆਂ ਵਲੋਂ ਪ੍ਰਧਾਨ ਮੰਤਰੀ ਨੂੰ ਲਿਖੀ ਗਈ ਚਿੱਠੀ ਦੇ ਹਰ ਸ਼ਬਦ ਦੀ ਹਮਾਇਤ ਕਰਦੇ ਹਾਂ। ਇਸ ਲਈ ਉਸੇ ਚਿੱਠੀ ਨੂੰ ਇਕ ਵਾਰ ਫਿਰ ਸਾਂਝੀ ਕਰਦੇ ਹੋਏ ਅਸੀਂ ਸਭਿਆਚਾਰਕ, ਵਿਦਿਅਕ ਅਤੇ ਕਾਨੂੰਨੀ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਨੂੰ ਅੱਗੇ ਲੈ ਕੇ ਜਾਣ। ਸਾਡੇ ਵਰਗੇ ਅਨੇਕ ਲੋਕ ਰੋਜ਼ਾਨਾ ਆਵਾਜ਼ ਉਠਾਉਣਗੇ। ਮੌਬ ਲਿੰਚਿੰਗ ਦੇ ਖਿਲਾਫ। ਜਮਹੂਰੀ ਮੁਖਾਲਫਤ ਉਪਰ ਹਮਲੇ ਦੇ ਖਿਲਾਫ। ਦਮਨ ਦੇ ਲਈ ਅਦਾਲਤ ਦੇ ਇਸਤੇਮਾਲ ਦੇ ਖਿਲਾਫ। ਕਿਉਂਕਿ ਆਵਾਜ਼ ਉਠਾਉਣਾ ਜ਼ਰੂਰੀ ਹੈ।

ਅਸੀਂ, ਇਸ ਮੁਲਕ ਦੇ ਸ਼ਾਂਤੀਪਸੰਦ ਅਤੇ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਮੁਲਕ ਵਿਚ ਵਾਪਰ ਰਹੀਆਂ ਅਣਮਨੁੱਖੀ ਅਤੇ ਦੁਖਦਾਈ ਘਟਨਾਵਾਂ ਤੋਂ ਸਦਮੇ ਵਿਚ ਹਾਂ।

ਸਾਡਾ ਸੰਵਿਧਾਨ ਭਾਰਤ ਨੂੰ ਇਕ ਸੰਪੂਰਨ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ ਨਿਰਪੇਖ ਲੋਕਤੰਤਰੀ ਗਣਰਾਜ ਦੇ ਰੂਪ ਵਿਚ ਪੇਸ਼ ਕਰਦਾ ਹੈ ਜਿਥੇ ਹਰ ਜਾਤੀ, ਵਰਣ, ਧਰਮ ਅਤੇ ਲਿੰਗ ਦੇ ਲੋਕ ਬਰਾਬਰ ਹਨ; ਤਾਂ ਕਿ ਹਰ ਨਾਗਰਿਕ ਸੰਵਿਧਾਨ ਦੁਆਰਾ ਦਿੱਤੇ ਗਏ ਅਧਿਕਾਰਾਂ ਦਾ ਫਾਇਦਾ ਉਠਾ ਸਕੇ। ਅਸੀਂ ਬੇਨਤੀ ਕਰਦੇ ਹਾਂ ਕਿ:



(1) ਮੁਸਲਮਾਨਾਂ, ਦਲਿਤਾਂ ਅਤੇ ਹੋਰ ਘੱਟ ਗਿਣਤੀਆਂ ਦੀ ਕੀਤੀ ਜਾ ਰਹੀ ਲਿੰਚਿੰਗ ਉਪਰ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐਨ.ਸੀ.ਆਰ.ਬੀ.) ਦੀਆਂ ਰਿਪੋਰਟਾਂ ਦੇ ਮੁਤਾਬਿਕ 2016 ਵਿਚ ਦਲਿਤਾਂ ਦੇ ਖਿਲਾਫ ਜਬਰ ਦੀਆਂ 840 ਘਟਨਾਵਾਂ ਹੋਈਆਂ। ਲੇਕਿਨ ਇਨ੍ਹਾਂ ਮਾਮਲਿਆਂ ਦੇ ਦੋਸ਼ੀਆਂ ਨੂੰ ਮਿਲਣ ਵਾਲੀ ਸਜ਼ਾ ਦੀ ਫੀਸਦੀ ਵਿਚ ਕਮੀ ਆਈ। ਇਕ ਜਨਵਰੀ 2009 ਤੋਂ 29 ਅਕਤੂਬਰ 2018 ਤਕ ਧਾਰਮਿਕ ਪਛਾਣ ਦੇ ਆਧਾਰ 'ਤੇ 254 ਘਟਨਾਵਾਂ ਹੋਈਆਂ। ਇਸ ਵਿਚ 91 ਲੋਕਾਂ ਦੀ ਮੌਤ ਹੋਈ ਜਦਕਿ 579 ਲੋਕ ਜ਼ਖਮੀ ਹੋਏ। ਮੁਸਲਮਾਨਾਂ (ਜੋ ਕੁਲ ਜਨਸੰਖਿਆ ਦਾ 14% ਹਨ) ਦੇ ਖਿਲਾਫ 62% ਮਾਮਲੇ, ਇਸਾਈਆਂ (ਜੋ ਕੁਲ ਜਨਸੰਖਿਆ ਦੇ 2% ਹਨ) ਦੇ ਖਿਲਾਫ 14% ਮਾਮਲੇ ਦਰਜ ਕੀਤੇ ਗਏ। ਮਈ 2014 ਤੋਂ ਬਾਅਦ ਤੋਂ ਲੈ ਕੇ ਜਦੋਂ ਤੋਂ ਤੁਹਾਡੀ ਸਰਕਾਰ ਸੱਤਾ ਵਿਚ ਆਈ, ਇਨ੍ਹਾਂ ਦੇ ਖਿਲਾਫ ਹਮਲਿਆਂ ਦੇ 90% ਮਾਮਲੇ ਦਰਜ ਹੋਏ।

ਪ੍ਰਧਾਨ ਮੰਤਰੀ ਜੀ, ਤੁਸੀਂ ਇਨ੍ਹਾਂ ਮੌਬ ਲਿੰਚਿੰਗ ਦਾ ਸੰਸਦ ਵਿਚ ਖੰਡਨ ਕੀਤਾ ਹੈ ਪਰ ਇਹ ਕਾਫੀ ਨਹੀਂ ਹੈ। ਇਨ੍ਹਾਂ ਮੁਜਰਿਮਾਂ ਦੇ ਖਿਲਾਫ ਕੀ ਕਦਮ ਚੁੱਕੇ ਗਏ ਹਨ? ਸਾਨੂੰ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਘਟਨਾਵਾਂ ਨੂੰ ਗੈਰ ਜ਼ਮਾਨਤੀ ਜੁਰਮ ਕਰਾਰ ਦਿੰਦੇ ਹੋਏ ਤੁਰੰਤ ਮਿਸਾਲੀ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ। ਜੇ ਕਤਲ ਦੇ ਮਾਮਲੇ ਵਿਚ ਬਿਨਾ ਪੈਰੋਲ ਦੇ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ ਤਾਂ ਫਿਰ ਲਿੰਚਿੰਗ ਦੇ ਲਈ ਕਿਉਂ ਨਹੀਂ? ਇਹ ਤਾਂ ਹੋਰ ਵੀ ਘਿਣਾਉਣਾ ਜੁਰਮ ਹੈ। ਕੋਈ ਵੀ ਨਾਗਰਿਕ ਆਪਣੇ ਹੀ ਮੁਲਕ ਵਿਚ ਸਹਿਮ ਦੇ ਸਾਏ ਹੇਠ ਕਿਉਂ ਜੀਵੇ।

ਇਨ੍ਹਾਂ ਦਿਨਾਂ ਵਿਚ 'ਜੈ ਸ੍ਰੀਰਾਮ' ਹਿੰਸਾ ਭੜਕਾਉਣ ਦਾ 'ਜੰਗੀ ਨਾਅਰਾ' ਬਣ ਗਿਆ ਹੈ। ਇਸ ਨਾਲ ਅਮਨ-ਕਾਨੂੰਨ ਦੀ ਸਮੱਸਿਆ ਬਣ ਰਹੀ ਹੈ ਅਤੇ ਇਸ ਨਾਂ ਉਪਰ ਮੌਬ ਲਿੰਚਿੰਗ ਦੀਆਂ ਘਟਨਾਵਾਂ ਹੋ ਰਹੀਆਂ ਹਨ। ਇਹ ਦੁਖਦਾਈ ਅਤੇ ਹੈਰਾਨੀਜਨਕ ਵੀ ਹੈ ਕਿ ਧਰਮ ਦੇ ਨਾਂ ਉਪਰ ਐਨੀਆਂ ਹਿੰਸਕ ਘਟਨਾਵਾਂ ਹੋ ਰਹੀਆਂ ਹਨ। ਅਸੀਂ ਮੱਧਯੁਗ ਵਿਚ ਨਹੀਂ ਜੀਅ ਰਹੇ। ਰਾਮ ਦਾ ਨਾਂ ਇਸ ਦੇਸ਼ ਦੇ ਬਹੁ ਗਿਣਤੀ ਭਾਈਚਾਰੇ ਦੇ ਅਨੇਕਾਂ ਲੋਕਾਂ ਦੇ ਲਈ ਪੂਜਨੀਕ ਹੈ। ਇਸ ਦੇਸ਼ ਦੀ ਸਰਵਉਚ ਕਾਰਜਪਾਲਿਕਾ ਹੋਣ ਦੇ ਨਾਤੇ, ਰਾਮ ਦੇ ਨਾਂ ਦੀ ਇਸ ਗਲਤ ਵਰਤੋਂ ਉਪਰ ਤੁਹਾਨੂੰ ਤੁਰੰਤ ਰੋਕ ਲਗਾਉਣੀ ਚਾਹੀਦੀ ਹੈ।

(2) ਜਮਹੂਰੀ ਮੁਖਾਲਫਤ ਤੋਂ ਬਿਨਾ ਕੋਈ ਲੋਕਤੰਤਰ ਨਹੀਂ ਹੋ ਸਕਦਾ। ਸਰਕਾਰ ਦੇ ਵਿਰੋਧ ਦੇ ਨਾਂ ਉਪਰ ਲੋਕਾਂ ਨੂੰ 'ਰਾਸ਼ਟਰ ਵਿਰੋਧੀ' ਜਾਂ 'ਸ਼ਹਿਰੀ ਨਕਸਲੀ' ਨਹੀਂ ਕਿਹਾ ਜਾਣਾ ਚਾਹੀਦਾ ਅਤੇ ਨਾ ਹੀ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਿਆ ਜਾਣਾ ਚਾਹੀਦਾ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ 19 ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਕਰਦੀ ਹੈ। ਅਸਹਿਮਤੀ ਜ਼ਾਹਰ ਕਰਨਾ ਇਸ ਦਾ ਹੀ ਇਕ ਹਿੱਸਾ ਹੈ।

ਸੱਤਾਧਾਰੀ ਪਾਰਟੀ ਦੀ ਆਲੋਚਨਾ ਦੇਸ਼ ਦੀ ਆਲੋਚਨਾ ਨਹੀਂ ਹੈ। ਕੋਈ ਵੀ ਸੱਤਾਧਾਰੀ ਪਾਰਟੀ ਦੇਸ਼ ਦੀ ਸਮਾਨਾਰਥੀ ਨਹੀਂ ਹੋ ਸਕਦੀ। ਉਹ ਦੇਸ਼ ਦੀਆਂ ਹੋਰ ਰਾਜਨੀਤਕ ਪਾਰਟੀਆਂ ਵਿਚੋਂ ਇਕ ਹੈ। ਇਸ ਲਈ ਸਰਕਾਰ ਦੇ ਵਿਰੋਧ ਨੂੰ ਦੇਸ਼ਧ੍ਰੋਹ ਨਹੀਂ ਮੰਨਿਆ ਜਾ ਸਕਦਾ। ਇਕ ਐਸਾ ਸਮਾਜ ਜਿਥੇ ਜਮਹੂਰੀ ਮੁਖਾਲਫਤ ਨੂੰ ਕੁਚਲਿਆ ਨਾ ਜਾਵੇ, ਹੀ ਮਜ਼ਬੂਤ ਰਾਸ਼ਟਰ ਦੇ ਨਿਰਮਾਣ ਵਿਚ ਸਹਾਇਕ ਹੁੰਦਾ ਹੈ।

ਸਾਨੂੰ ਉਮੀਦ ਹੈ ਕਿ ਸਾਡੇ ਸੁਝਾਅ ਨੂੰ ਸਹੀ ਮਾਇਨਿਆਂ ਵਿਚ ਲਿਆ ਜਾਵੇਗਾ। ਇਸ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਅਸੀਂ ਇਸ ਦੇਸ਼ ਦੇ ਭਵਿਖ ਨੂੰ ਲੈ ਕੇ ਫਿਕਰਮੰਦ ਅਤੇ ਪ੍ਰੇਸ਼ਾਨ ਹਾਂ। ***(185 ਸ਼ਖਸੀਅਤਾਂ ਦੇ ਦਸਤਖਤ)/ 7 ਅਕਤੂਬਰ 2019***

# ਸੁਖਬੀਰ ਬਾਦਲ ਨੂੰ ਉਡਾਉਣ ਦੀ ਘੜੀ ਗਈ ਸੀ ਸਾਜ਼ਿਸ਼

## ਅਤਿਵਾਦੀ ਸਰਗਰਮੀਆਂ ਦੇ ਦੋਸ਼ 'ਚ ਫੜੇ ਮੁਲਜ਼ਮਾਂ ਵੱਲੋਂ ਅਹਿਮ ਖੁਲਾਸੇ

**ਤਰਨ ਤਾਰਨ:** ਤਕਰੀਬਨ ਮਹੀਨਾ ਪਹਿਲਾਂ ਤਰਨ ਤਾਰਨ-ਖਡੂਰ ਸਾਹਿਬ ਸੜਕ ਉਤੇ ਪੈਂਦੇ ਪਿੰਡ ਕਲੇਰ ਦੇ ਖੇਤਾਂ ਵਿਚ ਹੋਏ ਬੰਬ ਧਮਾਕੇ ਦੀ ਭਾਵੇਂ ਪੁਲਿਸ ਨੇ ਜਾਂਚ ਕਰਕੇ ਇਸ ਸਬੰਧੀ ਸੱਤ ਜਣਿਆਂ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਸੀ ਪਰ ਇਸ ਕਾਂਡ ਦੀ ਜਾਂਚ ਹੁਣ ਕੌਮੀ ਜਾਂਚ ਏਜੰਸੀ (ਆਈ.ਆਈ.ਏ.) ਵੱਲੋਂ ਕੀਤੇ ਜਾਣ ਨਾਲ ਹੋਰ ਵੀ ਕਈ ਪਰਤਾਂ ਖੁੱਲ੍ਹ ਰਹੀਆਂ ਹਨ।

ਸੂਤਰਾਂ ਅਨੁਸਾਰ ਮੁਲਜ਼ਮਾਂ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਹਿਮ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਸੀ।



ਮਾਮਲੇ ਦੀ ਜਾਂਚ ਦੌਰਾਨ ਇਹ ਪਹਿਲਾਂ ਹੀ ਸਪੱਸ਼ਟ ਹੋ ਚੁੱਕਿਆ ਹੈ ਕਿ ਮੁਲਜ਼ਮਾਂ ਦੇ ਵਿਦੇਸ਼ਾਂ ਵਿਚ ਵਸੇ ਖਾਲਿਸਤਾਨੀ ਤੱਤਾਂ ਨਾਲ ਸਬੰਧ ਅਜੇ ਵੀ ਕਾਇਮ ਸਨ। ਇਸ ਮਾਮਲੇ ਦੇ ਮੁਲਜ਼ਮ ਗੁਰਜੰਟ ਸਿੰਘ ਨੂੰ ਕੁਝ ਦਿਨ ਪਹਿਲਾਂ ਹੀ ਐਨ.ਆਈ.ਏ. ਵੱਲੋਂ ਹਿਰਾਸਤ ਵਿਚ ਲੈਣ ਨਾਲ ਸਥਿਤੀ ਹੋਰ ਵੀ ਸਪੱਸ਼ਟ ਹੋ ਰਹੀ ਹੈ। ਮਾਮਲੇ ਦੇ ਕੇਂਦਰ ਬਿੰਦੂ ਗੁਰਜੰਟ ਸਿੰਘ ਵਾਸੀ ਬਚੜੇ, ਹਰਜੀਤ ਸਿੰਘ ਪੰਡੋਰੀ ਗੋਲਾ, ਮਾਨਦੀਪ ਸਿੰਘ ਮੱਸਾ ਵਾਸੀ ਦੀਨੇਵਾਲ, ਚੰਨਦੀਪ ਸਿੰਘ ਬਟਾਲਾ, ਮਨਪ੍ਰੀਤ ਸਿੰਘ ਮੰਨਾ ਵਾਸੀ ਮੁਰਾਦਪੁਰ (ਤਰਨ ਤਾਰਨ), ਅੰਮ੍ਰਿਤਪਾਲ ਸਿੰਘ ਰੰਧਾਵਾ ਵਾਸੀ ਬਚੜੇ, ਮਲਕੀਤ ਸਿੰਘ ਵਾਸੀ ਕੋਟਲਾ ਗੁੱਜਰ (ਅੰਮ੍ਰਿਤਸਰ) ਅਤੇ ਅਮਰਜੀਤ ਸਿੰਘ ਵਾਸੀ ਫਤਿਹਗੜ੍ਹ ਚੂੜੀਆਂ ਸਾਰਿਆਂ ਦਾ ਸਬੰਧ ਗਰਮਖਿਆਲੀ ਸਿੱਖ ਜਥੇਬੰਦੀ ਨਾਲ ਸੀ।

ਮਲਕੀਤ ਸਿੰਘ ਕੋਟਲਾ ਗੁੱਜਰ ਤੇ ਅਮਰਜੀਤ ਸਿੰਘ ਦੇ ਪਰਿਵਾਰਾਂ ਨੇ ਮੰਨਿਆ ਹੈ ਕਿ ਉਨ੍ਹਾਂ ਦੇ ਪੁੱਤਰਾਂ ਦੇ ਸਬੰਧ ਇਸ ਇਲਾਕੇ ਦੇ ਵਾਸੀ ਮੁਲਜ਼ਮਾਂ ਨਾਲ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਬਣੇ ਸਨ ਅਤੇ ਉਸ ਤੋਂ ਬਾਅਦ ਇਹ ਮੋਬਾਈਲ ਫੋਨ ਉਤੇ ਸੰਪਰਕ ਕਰਦੇ ਰਹੇ ਸਨ। ਇਨ੍ਹਾਂ ਮੁਲਜ਼ਮਾਂ ਨੇ ਚੱਬਾ ਵਿਚ ਹੋਏ ਸਰਬੱਤ ਖਾਲਸਾ ਦੇ ਪ੍ਰਬੰਧਾਂ ਵਿਚ ਸਰਗਰਮ ਭੂਮਿਕਾ ਅਦਾ ਕੀਤੀ ਸੀ ਅਤੇ ਸੂਬੇ ਵਿਚ ਬੇਅਦਬੀ ਦੀਆਂ ਵਾਰਦਾਤਾਂ ਦੇ ਵਿਰੋਧ ਵਿਚ ਹਫਤਿਆਂ ਤੱਕ ਸੜਕਾਂ ਜਾਮ ਕਰਨ ਵਿਚ ਵੀ ਮੋਹਰੀ ਭੂਮਿਕਾ ਅਦਾ ਕੀਤੀ ਸੀ। ਸੂਤਰਾਂ ਨੇ ਦੱਸਿਆ ਕਿ ਇਹ ਤੱਤ ਬੇਅਦਬੀ ਦੀਆਂ ਵਾਰਦਾਤਾਂ ਲਈ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਤੌਰ 'ਤੇ ਕਸੂਰਵਾਰ ਸਮਝਦੇ ਸਨ, ਜਿਸ ਕਰਕੇ ਉਹ ਜਿਥੇ ਬੰਬਾਂ ਨਾਲ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨਾ ਬਣਾਉਣ ਦੀ ਤਾਕ ਵਿਚ ਸਨ, ਉਥੇ ਉਹ ਕਈ ਹੋਰ ਵੀ.ਆਈ.ਪੀਜ਼. ਨੂੰ ਵੀ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ।

ਉਹ ਕਿਸੇ ਧਾਰਮਿਕ ਸੰਸਥਾ ਵੱਲੋਂ ਕੀਤੇ ਜਾਣ ਵਾਲੇ ਇਕੱਠ ਨੂੰ ਵੀ ਨਿਸ਼ਾਨਾ ਬਣਾਉਣ ਦੀ ਤਾਕ ਵਿਚ ਸਨ। ਉਨ੍ਹਾਂ 2020 ਦੇ ਸਿੱਖ ਰਿਫਰੈਂਡਮ ਨਾਲ ਕੋਈ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ। ਮਾਮਲੇ ਦੇ ਕਥਿਤ ਦੋਸ਼ੀ ਹਰਜੀਤ ਸਿੰਘ ਨੂੰ ਜਿਥੇ ਵਿਦੇਸ਼ਾਂ ਤੋਂ ਪੈਸਾ ਮਿਲਣ ਦੀ ਗੱਲ ਸਾਹਮਣੇ ਆਈ ਹੈ, ਉਥੇ ਮਾਨਦੀਪ ਸਿੰਘ ਮੱਸਾ ਦੀ ਅਗਵਾਈ ਵਾਲੀ ਸੰਸਥਾ 'ਕਰ ਭਲਾ, ਹੋ ਭਲਾ' ਨੂੰ ਵੀ ਵਿਦੇਸ਼ਾਂ ਤੋਂ ਪੈਸੇ ਮਿਲਣ ਦੀ ਗੱਲ ਸਾਹਮਣੇ ਆਈ ਹੈ। ਮੁਲਜ਼ਮਾਂ ਨੇ ਬੰਬ ਬਣਾਉਣ ਲਈ ਵਿਸਫੋਟਕ ਸਮੱਗਰੀ ਸਲਫਰ ਅਤੇ ਪੋਟਾਸ਼ੀਅਮ ਕਲੋਰੇਟ ਅੰਮ੍ਰਿਤਸਰ ਤੋਂ ਲਿਆਂਦੀ ਸੀ, ਜਿਸ ਨੂੰ ਉਨ੍ਹਾਂ ਨੇ ਪਿੰਡ ਕਲੇਰ ਦੇ ਖੇਤਾਂ ਵਿਚ ਦਬਾ ਕੇ ਰੱਖਿਆ ਹੋਇਆ ਸੀ।

### ਪੰਜਾਬ ਤੋਂ ਮਿਲੇ ਹਥਿਆਰਾਂ ਦੀ ਜਾਂਚ ਐਨ.ਆਈ.ਏ. ਹਵਾਲੇ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਪੰਜਾਬ 'ਚੋਂ ਮਿਲੇ ਹਥਿਆਰਾਂ, ਗੋਲੀ ਸਿੱਕਾ ਅਤੇ ਸੰਚਾਰ ਸਾਧਨਾਂ ਦੀ ਖੇਪ ਨਾਲ ਸਬੰਧਤ ਮਾਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਸੌਂਪਣ ਦਾ ਫੈਸਲਾ ਲਿਆ ਹੈ। ਸ਼ੱਕ ਕੀਤਾ ਜਾ ਰਿਹਾ ਹੈ ਕਿ ਸਰਹੱਦ ਪਾਰੋਂ ਇਹ ਹਥਿਆਰ ਡਰੋਨਾਂ ਰਾਹੀਂ ਪੰਜਾਬ 'ਚ ਪਹੁੰਚਾਏ ਗਏ ਸਨ। ਇਹ ਫੈਸਲਾ ਪੰਜਾਬ ਸਰਕਾਰ ਦੀ ਬੇਨਤੀ 'ਤੇ ਲਿਆ ਗਿਆ ਹੈ ਜਿਸ ਨੇ ਪਿਛਲੇ ਮਹੀਨੇ ਦਾਅਵਾ ਕੀਤਾ ਸੀ ਕਿ ਪੰਜਾਬ ਪੁਲਿਸ ਨੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਖਾੜਕੂਆਂ ਦਾ ਪਰਦਾਫਾਸ਼ ਕੀਤਾ ਹੈ ਜਿਨ੍ਹਾਂ ਨੂੰ ਪਾਕਿਸਤਾਨ ਅਤੇ ਜਰਮਨੀ 'ਚ ਬੈਠੇ ਗੁੱਟਾਂ ਦੀ ਹਮਾਇਤ ਹਾਸਲ ਸੀ। ਪੰਜਾਬ ਪੁਲਿਸ ਨੇ ਕਿਹਾ ਸੀ ਕਿ ਦਹਿਸ਼ਤੀ ਗੁੱਟ ਪੰਜਾਬ ਅਤੇ ਨਾਲ ਲੱਗਦੇ ਸੂਬਿਆਂ 'ਚ ਹਮਲੇ ਕਰਨ ਦੀ ਸਾਜ਼ਿਸ਼ ਘੜ ਰਹੇ ਸਨ। ਗ੍ਰਹਿ ਮੰਤਰਾਲੇ ਦੇ ਹੁਕਮਾਂ 'ਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਦੀ ਰਾਏ ਹੈ ਕਿ ਕੌਮੀ ਜਾਂਚ ਏਜੰਸੀ ਐਕਟ 2008 ਤਹਿਤ ਜੁਰਮ ਹੋਇਆ ਹੈ ਅਤੇ ਫਿਰਕੂ ਤਣਾਅ ਪੈਦਾ ਕਰਨ, ਅਸਥਿਰਤਾ ਫੈਲਾਉਣ ਅਤੇ ਪੰਜਾਬ ਵਿਚ ਮੁੜ ਅਤਿਵਾਦ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਾਰਨ ਇਸ ਦੀ ਜਾਂਚ ਐਨ.ਆਈ.ਏ. ਤੋਂ ਕਰਵਾਉਣ ਦੀ ਲੋੜ ਹੈ।

# ਰੇਲ ਮੰਤਰੀ ਨੇ 'ਸਰਬੱਤ ਦਾ ਭਲਾ' ਐਕਸਪ੍ਰੈੱਸ ਨੂੰ ਦਿਖਾਈ ਹਰੀ ਝੰਡੀ

**ਨਵੀਂ ਦਿੱਲੀ:** ਕੇਂਦਰੀ ਰੇਲਵੇ ਮੰਤਰੀ ਪਿਊਸ਼ ਗੋਇਲ ਨੇ 'ਸਰਬੱਤ ਦਾ ਭਲਾ' ਐਕਸਪ੍ਰੈੱਸ ਨੂੰ ਹਰੀ ਝੰਡੀ ਦਿਖਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਰੇਲ ਸੇਵਾ ਗੁਰੂ ਨਾਨਕ ਦੇਵ ਜੀ ਨੂੰ ਸੱਚੀ ਸ਼ਰਧਾਂਜਲੀ ਹੈ। ਇਹ ਰੇਲ ਗੱਡੀ ਨਵੀਂ ਦਿੱਲੀ ਤੋਂ ਵਿਸ਼ੇਸ਼ ਤੌਰ ਉਤੇ ਸੁਲਤਾਨਪੁਰ ਲੋਧੀ ਲਈ ਚਲਾਈ ਗਈ ਹੈ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ ਉੱਤੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਕੇਂਦਰੀ ਸਿਹਤ ਮੰਤਰੀ ਡਾਕਟਰ ਹਰਸ਼ ਵਰਧਨ ਵੀ ਮੌਜੂਦ ਸਨ।




ਇਸ ਮੌਕੇ ਸ੍ਰੀ ਗੋਇਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਆਪਣੀ ਆਸਥਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਸ਼ਾਂਤੀ ਦੇ ਦੂਤ ਸਨ। ਉਨ੍ਹਾਂ ਦੇ 12 ਨਵੰਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਸਮਾਗਮ ਅਤਿ ਪ੍ਰਭਾਵਸ਼ਾਲੀ ਅਤੇ ਯਾਦਗਾਰੀ ਹੋਣਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਹਰਸਿਮਰਤ ਕੌਰ ਬਾਦਲ ਨੇ ਨਵੀਂ ਦਿੱਲੀ ਅਤੇ ਸੁਲਤਾਨਪੁਰ ਲੋਧੀ ਵਿਚਕਾਰ ਸ਼ਰਧਾਲੂਆਂ ਦੀ ਸਹੂਲਤ ਲਈ ਇਕ ਵਿਸ਼ੇਸ਼ ਰੇਲ ਸੇਵਾ ਸ਼ੁਰੂ ਕਰਨ ਲਈ ਆਖਿਆ ਸੀ। ਉਨ੍ਹਾਂ ਨੇ ਰੇਲ ਮੰਤਰਾਲੇ ਨੂੰ ਇਸ ਦਾ ਨਾਂ 'ਸਰਬੱਤ ਦਾ ਭਲਾ ਐਕਸਪ੍ਰੈੱਸ' ਰੱਖਣ ਦੀ ਵੀ ਅਪੀਲ ਕੀਤੀ ਸੀ।

'ਸਰਬੱਤ ਦਾ ਭਲਾ' ਐਕਸਪ੍ਰੈੱਸ ਰੇਲ ਗੱਡੀ ਸ਼ੁਰੂ ਕਰਨ ਵਾਸਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੇਲ ਮੰਤਰੀ ਪਿਊਸ਼ ਗੋਇਲ ਦਾ ਧੰਨਵਾਦ ਕਰਦਿਆਂ ਹਰਸਿਮਰਤ ਬਾਦਲ ਨੇ ਕਿਹਾ ਕਿ ਇਹ ਬਹੁਤ ਹੀ ਇਤਿਹਾਸਕ ਦਿਨ ਹੈ। ਇਹ ਰੇਲ ਗੱਡੀ ਦਿੱਲੀ, ਹਰਿਆਣਾ ਅਤੇ ਪੰਜਾਬ ਦੇ ਸ਼ਰਧਾਲੂਆਂ ਨੂੰ ਸੁਲਤਾਨਪੁਰ ਲੋਧੀ ਨਾਲ ਜੋੜੇਗੀ। ਇਸ ਦੌਰਾਨ ਕੇਂਦਰੀ ਮੰਤਰੀ ਹਰਸ਼ਵਰਧਨ ਨੇ ਕਿਹਾ ਕਿ ਇਹ ਸਰਕਾਰ ਵੱਲੋਂ ਦਿੱਲੀ ਵਾਸੀਆਂ ਲਈ ਤੋਹਫਾ ਹੈ।

ਗੁਰੂ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਰੇਲ ਮੰਤਰਾਲੇ ਵੱਲੋਂ ਕੀਤੇ ਜਾ ਰਹੇ ਵਿਸ਼ੇਸ਼ ਪ੍ਰਬੰਧਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਰੇਲਵੇ ਸਟੇਸ਼ਨ ਦੇ ਆਧੁਨਿਕੀਕਰਨ ਉਤੇ 22 ਕਰੋੜ ਰੁਪਏ ਖਰਚਣ ਅਤੇ ਇਕ ਮਿਊਜ਼ੀਅਮ ਦੀ ਉਸਾਰੀ ਤੋਂ ਇਲਾਵਾ ਹਜ਼ੂਰ ਸਾਹਿਬ, ਨਾਂਦੇੜ ਤੋਂ ਫਿਰੋਜ਼ਪੁਰ ਵਿਚਾਲੇ 14 ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣਗੀਆਂ। 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ ਯਾਤਰੀਆਂ ਦੀ ਸਹੂਲਤ ਲਈ ਉੱਤਰੀ ਰੇਲਵੇ ਵੱਲੋਂ 12 ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣਗੀਆਂ। ਉਨ੍ਹਾਂ ਰੇਲ ਮੰਤਰੀ ਨੂੰ ਨਵੀਂ ਦਿੱਲੀ ਤੋਂ ਸੁਲਤਾਨਪੁਰ ਲੋਧੀ ਵਿਚਾਲੇ ਇਕ ਸਿੱਧੀ ਰੇਲ ਗੱਡੀ ਸ਼ੁਰੂ ਕਰਨ ਦੀ ਵੀ ਅਪੀਲ ਕੀਤੀ ਤਾਂ ਕਿ ਇਥੋਂ ਦੇ ਸ਼ਰਧਾਲੂ ਪਵਿੱਤਰ ਨਗਰੀ 'ਚ ਮੱਥਾ ਟੇਕਣ ਪਿਛੋਂ ਉਸੇ ਦਿਨ ਵਾਪਸ ਪਰਤ ਸਕਣ।

### ਸੁਲਤਾਨਪੁਰ ਲੋਧੀ ਸਟੇਸ਼ਨ ਨੂੰ ਮਿਲੇਗੀ ਵਿਰਾਸਤੀ ਦਿੱਖ: ਹਰਸਿਮਰਤ

**ਜਲੰਧਰ:** ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਐਲਾਨ ਕੀਤਾ ਹੈ ਕਿ ਇਸ ਮਹੀਨੇ 22 ਕਰੋੜ ਰੁਪਏ ਦੀ ਲਾਗਤ ਨਾਲ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨ ਦਾ ਆਧੁਨਿਕੀਕਰਨ ਕਰਕੇ ਇਸ ਨੂੰ ਵਿਰਾਸਤੀ ਰੂਪ ਦਿੱਤਾ ਜਾਵੇਗਾ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਡੇਰਾ ਬਾਬਾ ਨਾਨਕ ਵਿਚ ਬਣਾਈ ਇੰਟੇਗਰੇਟਿਡ ਚੈੱਕ ਪੋਸਟ (ਆਈ.ਸੀ.ਪੀ.) ਦਾ ਨਾਂ ਸਤਿ ਕਰਤਾਰ ਆਈ.ਸੀ.ਪੀ. ਅਤੇ ਅੰਤਰਰਾਸ਼ਟਰੀ ਸਰਹੱਦ ਤੱਕ ਜਾਂਦੇ ਕਰਤਾਰਪੁਰ ਲਾਂਘੇ ਵਾਲੀ ਸੜਕ ਦਾ ਨਾਂ 'ਗੁਰੂ ਨਾਨਕ ਦੇਵ ਮਾਰਗ' ਰੱਖਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 8 ਜਾਂ 9 ਨਵੰਬਰ ਨੂੰ ਆਈ.ਸੀ.ਪੀ. ਦੇ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਵੀ ਕੀਤੀ ਹੈ।

## ਬੇਅਦਬੀ ਕਾਂਡ: ਹੁਣ ਸੀ.ਬੀ.ਆਈ. ਜਾਂਚ ਦੀ ਸਮੀਖਿਆ ਕਰੇਗੀ ਪੰਜਾਬ ਸਰਕਾਰ

**ਫਰੀਦਕੋਟ:** ਜੂਨ 2014 ਵਿਚ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ, 24 ਸਤੰਬਰ ਨੂੰ ਇਸ ਸਰੂਪ ਦੇ ਅੰਗ ਪਿੰਡ ਬਰਗਾੜੀ ਦੀਆਂ ਗਲੀਆਂ ਵਿਚ ਖਿਲਾਰਨ ਅਤੇ 12 ਅਕਤੂਬਰ 2014 ਨੂੰ ਪਿੰਡ ਬਰਗਾੜੀ ਵਿਚ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ 'ਚ ਜਾਂਚ ਕਰ ਰਹੀ ਸੀ.ਬੀ.ਆਈ. 45 ਮਹੀਨਿਆਂ ਬਾਅਦ ਵੀ ਖਾਲੀ ਹੱਥ ਹੀ ਨਜ਼ਰ ਆਈ।

ਸੀ.ਬੀ.ਆਈ. ਨੇ ਇਨ੍ਹਾਂ ਘਟਨਾਵਾਂ ਦੇ ਸਬੂਤ ਨਾ ਮਿਲਣ ਕਾਰਨ ਮਾਮਲੇ ਦੀ ਪੜਤਾਲ ਬੰਦ ਕਰਨ ਲਈ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵਿਚ ਕਲੋਜ਼ਰ ਰਿਪੋਰਟ ਦਾਇਰ ਕੀਤੀ ਸੀ। ਅਦਾਲਤ ਦੇ ਹੁਕਮਾਂ 'ਤੇ ਹੁਣ ਇਸ ਕਲੋਜ਼ਰ ਰਿਪੋਰਟ ਦੀ ਇਕ ਨਕਲ ਪੰਜਾਬ ਸਰਕਾਰ ਨੂੰ ਦਿੱਤੀ ਜਾਵੇਗੀ। ਇਸ ਤੋਂ ਬਾਅਦ ਪੰਜਾਬ ਸਰਕਾਰ ਸੀ.ਬੀ.ਆਈ. ਜਾਂਚ ਦੀ ਸਮੀਖਿਆ ਕਰੇਗੀ। ਪੰਜਾਬ ਦੀ ਸਿਆਸਤ ਵਿਚ ਛਾਏ ਹੋਏ ਇਸ ਮੁੱਦੇ ਸਬੰਧੀ ਪੰਜਾਬ ਦੀ ਤਤਕਾਲੀ ਅਕਾਲੀ ਸਰਕਾਰ ਨੇ ਇਹ ਤਿੰਨੇ ਮਾਮਲੇ ਸੀ.ਬੀ.ਆਈ. ਹਵਾਲੇ ਕਰ ਦਿੱਤੇ ਸਨ ਪਰ ਸੀ.ਬੀ.ਆਈ. ਦੇ ਹੱਥ ਲੰਬੀ ਪੜਤਾਲ ਤੋਂ ਬਾਅਦ ਵੀ ਖਾਲੀ ਰਹੇ। ਇਸ ਤੋਂ ਪਹਿਲਾਂ ਇਨ੍ਹਾਂ ਤਿੰਨੇ ਮਾਮਲਿਆਂ ਦੀ ਪੜਤਾਲ ਜ਼ਿਲ੍ਹਾ ਪੁਲਿਸ ਫਰੀਦਕੋਟ ਕਰ ਰਹੀ ਸੀ ਅਤੇ ਬਾਜਾਖਾਨਾ ਪੁਲਿਸ ਨੇ ਉਕਤ ਤਿੰਨੇ ਘਟਨਾਵਾਂ ਸਬੰਧੀ ਵੱਖ-ਵੱਖ ਮਾਮਲੇ ਦਰਜ ਕੀਤੇ ਸਨ।

ਜ਼ਿਲ੍ਹਾ ਪੁਲਿਸ ਨੇ ਇਨ੍ਹਾਂ ਮਾਮਲਿਆਂ ਦੀ ਪੜਤਾਲ ਲਈ ਇਕ ਜਾਂਚ ਟੀਮ ਦਾ ਗਠਨ ਕੀਤਾ ਸੀ ਅਤੇ ਇਸ ਜਾਂਚ ਟੀਮ ਨੇ ਦੋ ਦਰਜਨ ਤੋਂ ਵੱਧ ਲੋਕਾਂ ਤੋਂ ਪੁੱਛ-ਪੜਤਾਲ ਕੀਤੀ ਸੀ। ਪੰਜਾਬ ਸਰਕਾਰ ਦੇ ਸੀਨੀਅਰ ਪੁਲਿਸ ਅਧਿਕਾਰੀ ਪ੍ਰਬੋਧ ਕੁਮਾਰ ਨੇ ਲਿਖਤੀ ਪੱਤਰ ਵਿਚ ਦਾਅਵਾ ਕੀਤਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਵਿਚ ਵਿਦੇਸ਼ੀ ਏਜੰਸੀਆਂ ਦਾ ਹੱਥ ਵੀ ਹੋ ਸਕਦਾ ਹੈ, ਜਿਹੜੇ ਦਿਨਾਂ ਵਿਚ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ, ਉਨ੍ਹਾਂ ਦਿਨਾਂ ਵਿਚ ਪਿੰਡ ਬਰਗਾੜੀ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਦੋ ਪਾਕਿਸਤਾਨੀ ਸਿਮ ਚੱਲ ਰਹੇ ਸਨ। ਪੰਜਾਬ ਸਰਕਾਰ ਨੇ ਇਹ ਖੁਲਾਸਾ ਕਰਦਿਆਂ ਸੀ.ਬੀ.ਆਈ. ਤੋਂ ਪੜਤਾਲ ਵਾਪਸ ਲੈਣ ਦੀ ਵੀ ਮੰਗ ਕੀਤੀ ਹੈ। ਪੰਜਾਬ ਸਰਕਾਰ ਹੁਣ ਕਲੋਜ਼ਰ ਰਿਪੋਰਟ ਦੀ ਸਮੀਖਿਆ ਕਰੇਗੀ। ਕਲੋਜ਼ਰ ਰਿਪੋਰਟ ਦੀ ਨਕਲ ਮਿਲਣ ਤੋਂ ਬਾਅਦ ਪੰਜਾਬ ਸਰਕਾਰ ਲੋਕ ਰੋਹ ਤੋਂ ਬਚਣ ਲਈ ਨਵਾਂ ਰਾਹ ਤਲਾਸ਼ਣ ਵਿਚ ਸਫਲ ਹੋ ਸਕਦੀ ਹੈ। ਕਲੋਜ਼ਰ ਰਿਪੋਰਟ ਦੀ ਨਕਲ ਮਿਲਣਾ ਪੰਜਾਬ ਸਰਕਾਰ ਦੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ।

### ਜਦੋਂ ਜਗਮੀਤ ਨੇ ਨਸਲੀ ਟਿੱਪਣੀ ਦਾ ਠਰ੍ਹੰਮੇ ਨਾਲ ਦਿੱਤਾ ਜਵਾਬ

**ਚੰਡੀਗੜ੍ਹ:** ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦੇ ਆਗੂ ਜਗਮੀਤ ਸਿੰਘ ਨੇ ਮਾਂਟਰੀਆਲ, ਕਿਊਬੈਕ ਵਿਚ ਇਕ ਵੋਟਰ ਵੱਲੋਂ ਕੀਤੀ ਨਸਲੀ ਟਿੱਪਣੀ ਦਾ ਬੜੇ ਠਰ੍ਹੰਮੇ ਤੇ ਸ਼ਾਂਤ ਚਿੱਤ ਰਹਿ ਕੇ ਜਵਾਬ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ 26 ਸਕਿੰਟ ਦੀ ਇਸ ਵੀਡੀਓ ਵਿਚ ਜਗਮੀਤ ਇਕ ਭਰੇ-ਪੂਰੇ ਬਾਜ਼ਾਰ ਵਿਚ ਇਕ ਸ਼ਖਸ (ਵੋਟਰ) ਕੋਲ ਜਾਂਦਾ ਵਿਖਾਈ ਦਿੰਦਾ ਹੈ। ਇਹ ਵੋਟਰ ਜਗਮੀਤ ਨੂੰ ਕਹਿੰਦਾ ਹੈ, 'ਜੇਕਰ ਤੁਸੀਂ ਆਪਣੀ ਪੱਗੜੀ ਲਾਹ ਦਿਓ ਤਾਂ ਤੁਸੀਂ ਪੂਰੇ ਕੈਨੇਡੀਅਨ ਲੱਗੋਗੇ।'

ਇਸ ਸ਼ਖਸ ਦੀ ਟਿੱਪਣੀ, ਜੋ ਛੋਟੀ ਨਸਲੀ ਜਾਪਦੀ ਸੀ, ਦਾ ਜਵਾਬ ਦਿੰਦਿਆਂ ਜਗਮੀਤ ਨੇ ਕਿਹਾ, 'ਕੈਨੇਡਾ ਦੀ ਇਹੀ ਖੂਬਸੂਰਤੀ ਹੈ ਕਿ ਇਥੋਂ ਦੇ ਲੋਕ ਹਰ ਵਰਗ/ਵੰਨਗੀ ਦੇ ਲੋਕਾਂ ਨੂੰ ਪਸੰਦ ਕਰਦੇ ਹਨ।' ਇਸ ਸ਼ਖਸ ਨੇ ਅੱਗੇ ਕਿਹਾ, 'ਤੁਸੀਂ ਜਿਸ ਮੁਲਕ ਵਿਚ ਹੋਵੋ, ਉਸ ਮੁਤਾਬਕ ਵਿਹਾਰ ਕਰੋ।' ਜਗਮੀਤ ਨੇ ਇਸ ਸ਼ਖਸ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਕਿਹਾ, 'ਇਹ ਕੈਨੇਡਾ ਹੈ, ਜਿਥੇ ਤੁਹਾਨੂੰ ਆਪਣੀ ਪਸੰਦ-ਨਾਪਸੰਦ ਦੱਸਣ ਦੀ ਖੁੱਲ੍ਹ ਹੈ।' ਮਗਰੋਂ ਜਗਮੀਤ ਨੇ ਇਸ ਵੀਡੀਓ ਬਾਰੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ, 'ਮੈਂ ਤੁਹਾਨੂੰ ਇਹੀ ਕਹਾਂਗਾ ਕਿ ਤੁਸੀਂ ਜੋ ਹੋ, ਉਸ ਨੂੰ ਨਾ ਬਦਲੋ। ਇਥੇ ਹਰ ਕੋਈ ਆਪਣੀ ਥਾਂ ਦਾ ਹੱਕਦਾਰ ਹੈ।' ਨਿਊ ਡੈਮੋਕਰੈਟਿਕ ਪਾਰਟੀ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ।


## ਰਿਹਾ ਕੀਤੇ ਜਾਣ ਵਾਲੇ ਸਿੱਖ ਕੈਦੀਆਂ 'ਚੋਂ ਪੰਜ ਪਹਿਲਾਂ ਹੀ ਜੇਲ੍ਹ ਤੋਂ ਬਾਹਰ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਟਾਡਾ ਅਧੀਨ ਜੇਲ੍ਹ ਵਿਚ ਬੰਦ 8 ਸਿੱਖ ਕੈਦੀਆਂ ਦੀ ਰਿਹਾਈ ਦੇ ਫੈਸਲੇ ਦਾ ਸਿਹਰਾ ਲੈਣ ਲਈ ਭਾਵੇਂ ਕਿ ਸੂਬੇ ਦੀ ਕਾਂਗਰਸ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਦੌੜ ਲੱਗੀ ਹੋਈ ਹੈ ਪਰ ਅਸਲ ਵਿਚ ਇਨ੍ਹਾਂ ਕੈਦੀਆਂ ਵਿਚੋਂ 5 ਪਹਿਲਾਂ ਹੀ ਜੇਲ੍ਹ ਵਿਚੋਂ ਬਾਹਰ ਹਨ ਅਤੇ ਇਕ ਕੈਦੀ ਦੀ ਮੌਤ ਹੋ ਚੁੱਕੀ ਹੈ।

ਸਰਕਾਰ ਨੇ ਪਿਛਲੇ ਸਾਲ ਫਿਰੋਜ਼ਪੁਰ ਦੇ ਸਵਰਨ ਸਿੰਘ, ਅੰਮ੍ਰਿਤਸਰ ਵਾਸੀ ਹਰਦੀਪ ਸਿੰਘ, ਵਰਿਆਮ ਸਿੰਘ ਜੋ ਕਿ ਉਤਰ ਪ੍ਰਦੇਸ਼ ਦੀ ਬਾਂਸ ਬਰੇਲੀ ਜੇਲ੍ਹ ਵਿਚ ਬੰਦ ਸਨ ਅਤੇ ਨਾਭਾ ਜੇਲ੍ਹ ਵਿਚ ਬੰਦ ਪਾਤੜਾਂ ਵਾਸੀ ਦਿਲਬਾਗ ਸਿੰਘ ਨੂੰ ਰਿਹਾਅ ਕਰ ਦਿੱਤਾ ਸੀ। ਜਨਵਰੀ 2016 ਵਿਚ ਰਿਹਾਅ ਕੀਤੇ ਅਜਨਾਲਾ ਵਾਸੀ ਬੱਲ ਸਿੰਘ ਦੀ ਮੌਤ ਹੋ ਚੁੱਕੀ ਹੈ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਜਿਨ੍ਹਾਂ ਕੈਦੀਆਂ ਨੂੰ ਰਿਹਾਅ ਕੀਤਾ ਜਾਣਾ ਹੈ, ਉਨ੍ਹਾਂ ਬਾਰੇ ਸੂਚੀ ਅਜੇ ਮਿਲਣੀ ਹੈ। ਪਹਿਲਾਂ ਹੀ ਰਿਹਾਅ ਹੋ ਚੁੱਕੇ ਕੈਦੀਆਂ ਦੇ ਨਾਂ ਸੂਚੀ ਵਿਚ ਸ਼ਾਮਲ ਹੋਣ ਬਾਰੇ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਜਾਪਦਾ ਹੈ ਕਿ ਪੰਜਾਬ ਸਰਕਾਰ ਨੇ ਕੈਦੀਆਂ ਦੀ ਸੂਚੀ ਨੂੰ ਅੱਪਡੇਟ ਨਹੀਂ ਕੀਤਾ।

ਪੰਜਾਬ ਸਰਕਾਰ ਦੀ ਜਾਣਕਾਰੀ ਤੇ ਕਾਰਗੁਜ਼ਾਰੀ 'ਤੇ ਉਂਗਲ ਚੁੱਕਦਿਆਂ ਸਾਬਕਾ ਕੇਂਦਰੀ ਮੰਤਰੀ ਤੇ ਉਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਦੇ ਮੈਂਬਰ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਨੂੰ ਸਿੱਖ ਕੈਦੀਆਂ ਦੀ ਰਿਹਾਈ ਲਈ ਜਿਹੜੀ ਸੂਚੀ ਸੌਂਪੀ, ਉਸ 'ਚ ਵਰਿਆਮ ਸਿੰਘ ਦਾ ਨਾਂ ਵੀ ਭੇਜਿਆ ਹੈ ਜਦਕਿ ਉਹ 4 ਸਾਲ ਪਹਿਲਾਂ ਰਿਹਾਅ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਵਰਿਆਮ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕਰਵਾਉਣ ਤੋਂ ਬਾਅਦ ਉਨ੍ਹਾਂ ਉਸ ਦੇ ਘਰ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਸਨ, ਪਰ ਉਸ ਦੀ ਪਤਨੀ ਸ਼ਵਿੰਦਰ ਕੌਰ ਕੈਂਸਰ ਨਾਲ ਲੜਦੀ ਜਾਨ ਗੁਆ ਗਈ ਤੇ ਹੁਣ ਵਰਿਆਮ ਸਿੰਘ ਵੀ ਕੈਂਸਰ ਨਾਲ ਜੂਝ ਰਿਹਾ, ਜਿਸ ਦੀ ਸਾਨੂੰ ਸਹਾਇਤਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਅੱਜ ਤੱਕ ਕਿਸੇ ਵੀ ਸਰਕਾਰ ਜਾਂ ਰਾਜਨੀਤਿਕ ਆਗੂ ਨੇ ਵਰਿਆਮ ਦੀ ਸਾਰ ਨਹੀਂ ਲਈ। ਸ. ਰਾਮੂਵਾਲੀਆ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਲੰਗਰ ਲਗਾਉਣ ਤੇ ਨਗਰ ਕੀਰਤਨ ਕੱਢਣ ਤੱਕ ਹੀ ਸੀਮਤ ਨਾ ਰਿਹਾ ਜਾਵੇ, ਸਗੋਂ ਸਾਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ ਉਤੇ ਚੱਲ ਕੇ ਮਨੁੱਖਤਾ ਦੀ ਭਲੇ ਲਈ ਸਮੂਹਿਕ ਯਤਨ ਕਰਨੇ ਚਾਹੀਦੇ ਹਨ।



ਭਗਤ ਪੂਰਨ ਸਿੰਘ ਜੀ

ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ

## ਭਗਤ ਪੂਰਨ ਸਿੰਘ ਜੀ ਦੀ 27ਵੀਂ ਬਰਸੀ

# ਸ਼ਰਧਾਂਜਲੀ ਸਮਾਰੋਹ

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜ਼ਿੰਦਗੀ ਬਿਨਾਂ ਕਿਸੇ ਭਿੰਨ ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆ ਦੀ ਸੇਵਾ ਵਿੱਚ ਲਾ ਦਿੱਤੀ। ਉਹਨਾਂ ਵਲੋਂ ਕਾਇਮ ਕੀਤਾ ਪਿੰਗਲਵਾੜਾ ਅਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਆਓ ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਈਏ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੀਏ ਜੀ।

**ਸਾਧ ਸੰਗਤ ਆਪ ਜੀ ਨੂੰ ਬੇਨਤੀ ਹੈ ਕਿ ਹੁੰਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨਾ ਜੀ**

## 27th Barsi Commemoration Bhagat Puran Singh
## September 29 – December 8
## Indiana, Wisconsin, Illinois and Michigan

**ਐਤਵਾਰ 29 ਸਤੰਬਰ 2019**

ਸਿੱਖ ਸਤਸੰਗ ਆਫ ਇੰਡੀਆਨਾਪੋਲਿਸ
**Sikh Satsang of Indianapolis**
10950 Southeastern Ave, Indianapolis, IN 46239
Phone: (317) 862-7454

ਗੁਰਦਵਾਰਾ ਗੁਰੂ ਨਾਨਕ ਦਰਬਾਰ
**Gurdwara Guru Nanak Darbar**
12200 E. 131st Street, Fishers IN 46037
Phone: (317) 773-8446

ਗੁਰਦਵਾਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ
**Gurdwara Shri Guru Hargobind Sahib Ji**
1050 S Graham Rd, Greenwood, IN 46143
Phone: (317) 884-470

**ਐਤਵਾਰ 6 ਅਕਤੂਬਰ 2019**

ਗੁਰਦਵਾਰਾ ਸਾਹਿਬ ਬਰੁੱਕਫੀਲਡ ਮਿਲਵਾਕੀ
**Sikh Religious Society**
3675 N. Calhoun Road, Brookfield, WI 53005
(262) 790-1600

ਗੁਰਦਵਾਰਾ ਸਾਹਿਬ ਮੈਡੀਸਨ ਵਿਸਕਾਨਸਨ
**Gurdwara Sahib Madison Wisconsin**
6970 Century Avenue, Middleton, WI 53562
(608) 831-4401

**ਐਤਵਾਰ 13 ਅਕਤੂਬਰ 2019**

ਗੁਰਦਵਾਰਾ ਸਾਹਿਬ ਬਾਬਾ ਮੱਖਣ ਸ਼ਾਹ ਲੁਬਾਣਾ
**Gurdwara Baba Makhan Shah Lubana**
1501 N. Bendis Drive, South Bend, IN 46628
Phone: (574) 222-7927

ਗੁਰਦਵਾਰਾ ਗੁਰੂ ਨਾਨਕ ਦਰਬਾਰ ਸਾਹਿਬ
**Gurdwara Guru Nanak Darbar Sahib**
12800 Day Road, Mishwaka, IN 46545
Phone: (574) 255-7400

**ਐਤਵਾਰ 27 ਅਕਤੂਬਰ 2019**

ਗੁਰਦਵਾਰਾ ਸਾਹਿਬ ਦੀਵਾਨ ਐਵਨਿਓ ਸ਼ਿਕਾਗੋ
**Gurdwara Sahib Chicago**
2341 W. Devon Avenue, Chicago, IL 60658
Phone: (773) 274-3133

ਗੁਰਦਵਾਰਾ ਸਾਹਿਬ ਵ੍ਹੀਟਨ
**Illinois Sikh Community Center**
2131 Creekside Drive, Wheaton IL 60187
Phone: (630) 655-0307

**ਐਤਵਾਰ 3 ਨਵੰਬਰ 2019**

ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ, ਮਿਸ਼ੀਗਨ
**Guru Nanak Sikh Center**
4701 Pleasant Grove Road, Lansing, MI 48910

ਗੁਰਦਵਾਰਾ ਸਾਹਿਬ ਸਿੰਘ ਸਭਾ ਆਫ ਮਿਸ਼ੀਗਨ
**Gurdwara Singh Sabha of Michigan**
3310 S Canton Center Rd., Canton, MI 48188

**ਐਤਵਾਰ 8 ਦਸੰਬਰ 2019**

ਗੁਰਦਵਾਰਾ ਸਾਹਿਬ ਪੈਲਾਟਾਈਨ
**Sikh Religious Society**
1280 Winnetka Street, Palatine, IL. 60067
Phone: (847) 358-1117

**ਐਤਵਾਰ 27 ਅਕਤੂਬਰ 2019**

ਗੁਰਦਵਾਰਾ ਸਾਹਿਬ ਬੈਟਲਕਰੀਕ
**Sikh Religious Society of Michigan**
3180 Beckley Road, Battle Creek, MI 49015
Phone: (847) 358-1117

## Want to Donate?

**Jaswant Sawhney Trust Fund**
**Pingalwara Donation**
22 Providence Drive, Flemington, NJ 08822
Phone: 908-442-7829

**Know More About Pingalwara**
Visit: www.Pingalwara.org

Contact: Harjit Singh Gill 847-833-5340 Narinderpal Singh Marwaha 630-313-9121, Satnam Singh Aulakh 847-809-6145, Balwant Singh Hansra 847-991-7761, Jasbir K. Mann 847-890-2390, Bikrambir Singh Sidhu 630-330-8286, Lakhbir Singh Sandhu 847-975-3877 Paramjit Singh Sangha 224-388-9393, Tarlochan Singh Gill 847-219-0824, Jairam Singh Kahlon 224-456-8096

# ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ।

## PUNJABI HERITAGE ORGANIZATION OF CHICAGO

P.O. BOX 2556, PALATINE, IL. 60078 Email: phochicago@hotmail.com

## ਸਿਹਤ ਸੰਭਾਲ

# ਕੈਂਸਰ ਦੀਆਂ ਕਿਸਮਾਂ ਤੇ ਬਚਾਅ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸਿੱਖ ਸੀਨੀਅਰ ਸਿਟੀਜਨਜ਼ ਦੀ ਮੀਟਿੰਗ ਦੌਰਾਨ ਡਾ. ਹਰਬੰਸ ਕੌਰ ਦਿਉਲ ਨੇ ਕੈਂਸਰ ਦੀਆਂ ਕਿਸਮਾਂ ਅਤੇ ਇਸ ਤੋਂ ਬਚਾਅ ਬਾਰੇ ਚਾਨਣਾ ਪਾਇਆ। ਡਾ. ਦਿਉਲ 40 ਸਾਲ ਤੋਂ ਓਬੀ ਗਾਇਨੀ ਦੇ ਮਾਹਿਰ ਹਨ ਅਤੇ ਹਾਲ ਹੀ ਵਿਚ ਰਿਟਾਇਰ ਹੋਏ ਹਨ। ਉਨ੍ਹਾਂ ਐਮ.ਬੀ.ਬੀ.ਐਸ. ਪਟਿਆਲੇ ਅਤੇ ਐਮ.ਡੀ. ਪੀ.ਜੀ.ਆਈ. ਚੰਡੀਗੜ੍ਹ ਤੋਂ ਕੀਤੀ। ਅਮਰੀਕਾ ਆ ਕੇ ਉਨ੍ਹਾਂ ਸ਼ਿਕਾਗੋ ਦੀਆਂ ਨਾਰਥ ਵੈਸਟ ਸਬਰਬਾਂ ਵਿਚ ਪ੍ਰੈਕਟਿਸ ਕੀਤੀ। ਉਹ ਕਮਿਊਨਿਟੀ ਵਿਚ ਡਾਕਟਰ ਅਤੇ ਚੰਗੇ ਇਨਸਾਨ ਵਜੋਂ ਬਹੁਤ ਸਤਿਕਾਰੇ ਜਾਂਦੇ ਹਨ। ਉਨ੍ਹਾਂ ਦੇ ਪਤੀ ਸ. ਹਰਦਿਆਲ ਸਿੰਘ ਦਿਉਲ ਕਮਿਊਨਿਟੀ ਦੀ ਪ੍ਰਫੁਲਤਾ 'ਚ ਹਮੇਸ਼ਾ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਉਨ੍ਹਾਂ ਦਾ ਵੱਡਾ ਪੁੱਤਰ ਡਾਕਟਰ ਅਤੇ ਛੋਟਾ ਵਕੀਲ ਹੈ।

ਡਾ. ਦਿਉਲ ਨੇ ਕੈਲੰਡਰ ਦਿਖਾ ਕੇ ਪਹਿਲਾਂ ਸਰੀਰ ਦੇ ਵੱਖ-ਵੱਖ ਅੰਗਾਂ ਨਾਲ ਜਾਣ-ਪਛਾਣ ਕਰਾਈ। ਅਕਤੂਬਰ ਦਾ ਮਹੀਨਾ ਛਾਤੀ ਦੇ ਕੈਂਸਰ ਬਾਰੇ ਜਾਗਰੂਕ ਕਰਨ ਲਈ ਮਿਥਿਆ ਗਿਆ ਹੈ। ਡਾ. ਦਿਉਲ ਨੇ ਦੱਸਿਆ ਕਿ ਕੈਂਸਰ ਦਾ ਨਾਂ ਹੀ ਡਰਾਉਣਾ ਹੈ। ਇਸ ਦੇ ਫੈਲਣ ਦੀ ਰਫਤਾਰ ਕਾਫੀ ਤੇਜ਼ ਹੈ। ਇਹ ਆਮ ਦਵਾਈਆਂ ਦੇ ਕਾਬੂ ਤੋਂ ਬਾਹਰ ਹੈ। ਕੈਂਸਰ ਦੇ ਸੈਲ ਬਹੁਤ ਵਧਦੇ ਤੇ ਫੈਲਦੇ ਹਨ ਅਤੇ ਨਾਰਮਲ ਸੈਲ ਤਬਾਹ ਕਰ ਦਿੰਦੇ ਹਨ, ਜਿਸ ਨਾਲ ਆਮ ਸਰੀਰ ਦੇ ਅੰਦਰੂਨੀ ਹਾਲਾਤ ਬਦਲ ਜਾਂਦੇ ਹਨ। ਕਈ ਵਾਰ ਸਰੀਰ ਵਿਚ ਗੰਢ ਬਣ ਜਾਂਦੀ ਹੈ। ਇਹ ਇਕ ਥਾਂ ਟਿਕ ਵੀ ਸਕਦੀ ਹੈ ਅਤੇ ਫੈਲ ਵੀ ਸਕਦੀ ਹੈ। ਇਹ ਖੂਨ ਜਾਂ ਮਾਰ ਹੇਠ ਆਈਆਂ ਨਸਾਂ (Lymph nodes) ਰਾਹੀਂ ਫੈਲਦਾ ਹੈ। ਦਿਲ ਦੇ ਦੌਰੇ (ਹਾਰਟ ਅਟੈਕ) ਤੋਂ ਬਾਅਦ ਇਹ ਦੂਜੀ ਭੈੜੀ ਬਿਮਾਰੀ ਹੈ, ਫਿਰ ਵੀ 200 ਬਿਲੀਅਨ ਲੋਕ ਬਚਾ ਲਏ ਗਏ ਹਨ। 80 ਫੀਸਦੀ ਕੈਂਸਰ ਤੋਂ ਬਚਿਆ ਜਾ ਸਕਦਾ ਹੈ। ਇਨਸਾਨ ਦੇ ਸਰੀਰ ਅੰਦਰ 37 ਟ੍ਰਿਲੀਅਨ ਸੈਲ ਹਨ, ਜੋ ਟੁੱਟਦੇ ਭੱਜਦੇ ਰਹਿੰਦੇ ਹਨ। ਇਸ ਵਿਚ 79 ਅੰਗ ਅਤੇ 11 ਸਿਸਟਮ ਹਨ। ਕਰੀਬ 100 ਕਿਸਮ ਦੇ ਕੈਂਸਰ ਦੀ ਸ਼ਨਾਖਤ ਹੋ ਚੁਕੀ ਹੈ। ਕਰੀਬ 3 ਪਿਛੇ ਇਕ ਇਨਸਾਨ ਇਸ ਦੀ ਜਕੜ ਵਿਚ ਹੈ।

ਚਮੜੀ ਸਰੀਰ ਨੂੰ ਕੀਟਾਣੂਆਂ ਤੋਂ ਬਚਾਉਂਦੀ ਹੈ। ਚਮੜੀ ਰਾਹੀਂ ਕਈ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਜਿਵੇਂ ਹਾਰਟ ਅਟੈਕ ਲਈ। ਦਿਮਾਗ ਵਾਲੰਟੀਅਰ ਅਤੇ ਨਾਨ-ਵਾਲੰਟੀਅਰ ਕ੍ਰਿਆ ਕੰਟਰੋਲ ਕਰਦਾ ਹੈ। ਦੋ ਫੇਫੜੇ ਛਾਤੀ ਦੇ ਪਿੰਜਰ ਅੰਦਰ ਹੁੰਦੇ ਹਨ, ਜੋ ਗੰਦੇ ਖੂਨ ਦਾ ਸਾਫ ਖੂਨ ਨਾਲ ਵਟਾਂਦਰਾ ਕਰਦੇ ਹਨ। ਇਨ੍ਹਾਂ ਵਿਚਾਲੇ ਦਿਲ ਹੁੰਦਾ ਹੈ, ਜਿਸ ਦੇ ਥੱਲੇ ਡਾਇਆਫਰਾਮ ਹੁੰਦਾ ਹੈ, ਜੋ ਪੇਟ ਅਤੇ ਛਾਤੀ ਦੇ ਅੰਗਾਂ ਨੂੰ ਅਲੱਗ ਕਰਦਾ ਹੈ। ਫੇਫੜਿਆਂ ਰਾਹੀਂ ਕਾਰਬਨ ਬਾਹਰ ਨਿਕਲਦੀ ਹੈ ਤੇ ਆਕਸੀਜਨ ਅੰਦਰ ਜਾਂਦੀ ਹੈ। ਦਿਲ ਤੋਂ ਸਾਫ ਖੂਨ ਸਾਰੇ ਅੰਗਾਂ ਤਕ ਪਹੁੰਚਦਾ ਹੈ। ਜਿਗਰ ਪੇਟ ਦਾ ਸਭ ਤੋਂ ਵੱਡਾ ਅੰਗ ਹੈ, ਜਿਸ ਦੇ ਦੋ ਹਿੱਸੇ ਹੁੰਦੇ ਹਨ। ਜਿਗਰ ਖੂਨ ਸਾਫ ਕਰਦਾ ਹੈ ਅਤੇ ਰਸ ਬਣਾਉਂਦਾ ਹੈ, ਜੋ ਅੰਤੜੀਆਂ 'ਚ ਖਾਣਾ ਹਜਮ ਕਰਨ ਲਈ ਕੰਮ ਆਉਂਦਾ ਹੈ।

ਮੂੰਹ 'ਚੋਂ ਖਾਣਾ ਨਾਲੀ ਰਾਹੀਂ ਪੇਟ ਵਿਚ ਜਾਂਦਾ ਹੈ, ਜਿਥੇ ਇਸ ਵਿਚ ਕਈ ਰਸ ਮਿਲਦੇ ਹਨ। ਇਹ ਰਸ ਅਗਾਂਹ ਛੋਟੀ ਆਂਦਰ ਵਿਚ ਚਲਾ ਜਾਂਦਾ ਹੈ, ਜਿਥੇ ਸ਼ੁਰੂ 'ਚ ਹੀ ਇਸ ਨੂੰ ਪੈਂਕਰੀਆਜ਼ ਦੇ ਰਸ ਮਿਲਦੇ ਹਨ, ਜੋ ਸ਼ੂਗਰ ਕੰਟਰੋਲ ਕਰਦੇ ਹਨ। ਛੋਟੀ ਆਂਦਰ ਕਰੀਬ 20 ਫੁੱਟ ਲੰਮੀ ਹੁੰਦੀ ਹੈ, ਜਿਥੇ ਖਾਣਾ ਹਜ਼ਮ ਹੁੰਦਾ ਹੈ। ਖੱਬੇ, ਉਪਰਲੇ ਪਾਸੇ ਤਿੱਲੀ ਹੁੰਦੀ ਹੈ, ਜੋ ਲਾਗ ਤੋਂ ਬਚਾਅ ਕਰਦੀ ਹੈ। ਰੀੜ੍ਹ ਦੀ ਹੱਡੀ ਦੇ ਦੋਨੋਂ ਪਾਸੇ ਇਕ-ਇਕ ਗੁਰਦਾ ਹੁੰਦਾ ਹੈ ਜੋ ਲਾਲ ਸੈਲ ਬਣਾਉਂਦੇ ਹਨ ਅਤੇ ਸਰੀਰ 'ਚੋਂ ਜ਼ਹਿਰੀਲੇ ਪਦਾਰਥ ਬਾਹਰ ਕੱਢਦੇ ਹਨ। ਇਸ ਤੋਂ ਬਿਨਾ ਸਰੀਰ ਵਿਚ ਗਲੈਂਡਸ ਹੁੰਦੇ ਹਨ ਜਿਵੇਂ ਐਡਰੇਨਲ, ਪੈਂਕਰੀਆਜ਼ ਆਦਿ। ਹੱਡੀਆਂ ਦਾ ਆਪਣਾ ਢਾਂਚਾ ਹੈ। ਇਹ ਦੱਸਣਾ ਜ਼ਰੂਰੀ ਹੈ, ਕਿਉਂਕਿ ਜਦੋਂ ਡਾਕਟਰ ਦੱਸਦੇ ਹਨ ਕਿ ਕੈਂਸਰ ਕਿੱਥੇ ਹੈ ਤਾਂ ਪਤਾ ਚੱਲ ਸਕੇ।



**ਡਾ. ਹਰਬੰਸ ਕੌਰ ਦਿਉਲ 'ਬ੍ਰੈਸਟ ਕੈਂਸਰ' ਸਬੰਧੀ ਜਾਣਕਾਰੀ ਦਿੰਦੇ ਹੋਏ**

ਡਾ. ਦਿਉਲ ਨੇ ਦੱਸਿਆ ਕਿ ਅਮਰੀਕਾ ਵਿਚ ਹਰ ਸਾਲ 1.8 ਮਿਲੀਅਨ (18 ਲੱਖ) ਨਵੇਂ ਕੇਸ ਹੁੰਦੇ ਹਨ, ਜਿਨ੍ਹਾਂ ਵਿਚੋਂ 6 ਲੱਖ ਮਰ ਜਾਂਦੇ ਹਨ। 2019 ਵਿਚ 7,40,000 ਕੇਸ ਹੋਏ, ਜਿਨ੍ਹਾਂ ਵਿਚੋਂ ਬਹੁਤਿਆਂ ਦਾ ਬਚਾਅ ਹੋ ਸਕਦਾ ਸੀ। ਇਕ ਕਾਰਨ ਤਾਂ ਇਹ ਹੈ ਕਿ ਔਸਤ ਉਮਰ ਹੁਣ ਵੱਧ ਹੈ। ਆਦਮੀਆਂ ਦੀ ਔਸਤ ਉਮਰ 50 ਸਾਲ ਤੋਂ ਵੱਧ ਹੈ ਅਤੇ ਔਰਤਾਂ ਦੀ 65 ਸਾਲ। ਛਾਤੀ ਦਾ ਕੈਂਸਰ 2,68,000 ਲੋਕਾਂ ਨੂੰ ਹਰ ਸਾਲ ਹੁੰਦਾ ਹੈ ਅਤੇ 2,12,000 ਰੋਗੀਆਂ ਦੀ ਮੌਤ ਹੋ ਜਾਂਦੀ ਹੈ। ਫੇਫੜਿਆਂ ਦਾ ਕੈਂਸਰ 2,28,000 ਲੋਕਾਂ ਨੂੰ ਹੁੰਦਾ ਹੈ, ਜਿਸ ਵਿਚੋਂ 1,42,000 ਬਚ ਨਹੀਂ ਸਕਦੇ।

ਉਨ੍ਹਾਂ ਦੱਸਿਆ ਕਿ ਕੈਂਸਰ ਨਾਲ ਮਰਨ ਦੇ ਕਾਰਨਾਂ ਵਿਚ ਪਿਤਾ ਪੁਰਖੀ ਕਾਰਨ ਵੀ ਹਨ, ਜਿਸ ਦੀ ਦਰ 5 ਤੋਂ 10 ਫੀਸਦੀ ਹੈ। ਦੂਜਾ ਕਾਰਨ ਸਾਡੀਆਂ ਆਦਤਾਂ ਹਨ। ਤਮਾਕੂ, ਨਸ਼ੇ, ਨਿਕੋਟੀਨ ਨਾਲ 1/3 ਲੋਕ ਮਰਦੇ ਹਨ ਜਾਂ ਇਹ ਕਹਿ ਲਓ 5,00,000 ਰੋਗੀ। ਬੁੱਲ੍ਹ, ਮੂੰਹ, ਪਾਚਨ ਕ੍ਰਿਆ, ਸਾਹ, ਸ਼ਰਾਬ ਕਰਕੇ ਕੈਂਸਰ ਹੋ ਜਾਂਦਾ ਹੈ। ਜਿਗਰ ਦਾ ਕੈਂਸਰ ਵੀ ਇਸੇ ਤੋਂ ਹੁੰਦਾ ਹੈ।

ਹਰ ਇਨਸਾਨ ਨੂੰ ਕਰੀਬ 30 ਮਿੰਟ ਰੋਜ਼ ਕਸਰਤ ਕਰਨੀ ਚਾਹੀਦੀ ਹੈ। ਠੀਕ ਭੋਜਨ ਨਾ ਖਾਣਾ ਵੀ ਇਕ ਕਾਰਨ ਹੈ; ਜਿਵੇਂ ਮਾਸ, ਡੇਅਰੀ ਵਸਤਾਂ ਪੈਦਾ ਕਰਨ ਲਈ ਵਧੇਰੇ ਕੈਮੀਕਲ ਵਰਤੇ ਜਾਂਦੇ ਹਨ, ਇਹ ਨੁਕਸਾਨਦੇਹ ਹੁੰਦੇ ਹਨ। ਜਾਨਵਰਾਂ ਦੇ ਦੁੱਧ, ਖਾਸ ਤੌਰ 'ਤੇ ਦਵਾਈਆਂ ਰਾਹੀਂ ਵਧਾਏ ਦੁੱਧ ਨਾਲੋਂ ਬਦਾਮਾਂ ਤੇ ਚੌਲਾਂ ਦਾ ਦੁੱਧ ਵਧੇਰੇ ਸਹੀ ਹੈ। ਖਾਣਿਆਂ ਵਿਚ ਰੰਗਾਂ ਦੀ ਵਰਤੋਂ ਠੀਕ ਨਹੀਂ। ਲੋੜ ਤੋਂ ਵਧ ਵਜ਼ਨ ਹਾਨੀਕਾਰਕ ਹੈ। 5 ਫੁੱਟ ਦੇ ਆਦਮੀ ਲਈ 100 ਯੂ.ਬੀ. ਵਜ਼ਨ ਠੀਕ ਹੈ ਜਾਂ ਇਹ ਕਹਿ ਲਓ ਇਕ ਇੰਚ ਉਚੇ ਆਦਮੀ ਲਈ 5 ਯੂ.ਬੀ. ਅਤੇ ਔਰਤ ਲਈ 4 ਯੂ.ਬੀ. ਸਹੀ ਹੈ।

ਰੇਡੀਏਸ਼ਨ, ਅਲਟਰਾ ਵਾਇਲੈਟ ਕਿਰਨਾਂ, ਐਲੂਮੀਨੀਅਮ, ਪਲਾਸਟਿਕ ਵਰਤਣੇ ਖਤਰਨਾਕ ਹਨ। ਜਿਹੜੇ ਜਾਨਵਰਾਂ ਨੂੰ ਹਾਰਮੋਨ ਦੇ ਕੇ ਮੋਟੇ ਕੀਤਾ ਜਾਂਦਾ ਹੈ ਜਾਂ ਦੁੱਧ ਲਈ ਦਿੰਦੇ ਹਨ, ਉਨ੍ਹਾਂ ਤੋਂ ਬਚੋ। ਆਰਗੈਨਿਕ ਵਸਤਾਂ ਦੀ ਵਰਤੋਂ ਕਰੋ। ਔਰਤਾਂ ਲਈ ਵਧੇਰੇ ਹਾਰਮੋਨ ਵਰਤਣੇ ਠੀਕ ਨਹੀਂ। ਕਈ ਵਾਇਰਸ ਜਿਵੇਂ ਹੈਪ-ਬੀ., ਸੀ., ਐਚ., ਪਾਇਲੋਰੀ (ਇਕ ਤਰ੍ਹਾਂ ਦਾ ਬੈਕਟੀਰੀਆ), ਇਨ੍ਹਾਂ ਤੋਂ ਵੈਕਸੀਨ ਲੁਆ ਕੇ ਬਚਾ ਕੀਤਾ ਜਾ ਸਕਦਾ ਹੈ। ਬਹੁਤਾ ਧੁੱਪੇ ਬੈਠਣਾ ਠੀਕ ਨਹੀਂ। ਦੁਪਹਿਰ ਨਾਲੋਂ ਸੰਝ ਤੇ ਸਵੇਰੇ ਠੀਕ ਹੈ।

ਕੁਝ ਕੈਂਸਰ ਅਜਿਹੇ ਵੀ ਹਨ ਕਿ ਪਹਿਲਾਂ ਭਿਣਕ ਨਹੀਂ ਪੈਂਦੀ। ਜੇ ਸ਼ੱਕ ਹੋਵੇ ਤਾਂ ਚੈਕ ਕਰਾਉਣਾ ਠੀਕ ਹੈ। ਜੇ ਚਮੜੀ ਤੇ ਕੋਈ ਗੰਢ ਮਹਿਸੂਸ ਹੁੰਦੀ ਹੈ, ਫੋੜਾ-ਫਿਨਸੀ ਠੀਕ ਨਹੀਂ ਹੋ ਰਹੀ ਜਾਂ ਮਹੁਕੇ 'ਚ ਤਬਦੀਲੀ ਆਈ ਹੈ ਤਾਂ ਚੈਕ ਕਰਵਾ ਲਓ।

ਜੇ ਸਿਰ ਵਿਚ ਲਗਾਤਾਰ ਦਰਦ ਹੈ, ਨਜ਼ਰ ਠੀਕ ਨਹੀਂ ਰਹੀ, ਥਿੜ੍ਹਕ ਕੇ ਚਲਣਾ, ਯਾਦਦਾਸ਼ਤ ਘਟ ਜਾਣੀ ਜਾਂ ਫਿਰ ਦੌਰੇ ਪੈਂਦੇ ਹਨ, ਲਗਾਤਾਰ ਥਕੇਵਾਂ ਹੁੰਦਾ ਹੈ, ਅਚਾਨਕ ਵਜ਼ਨ ਜਾਂ ਭੁੱਖ ਘਟ ਗਈ ਹੈ, ਟੱਟੀ-ਪਿਸ਼ਾਬ ਵਿਚ ਖੂਨ ਆ ਰਿਹਾ ਹੈ, ਕਬਜ਼ ਜੋ ਠੀਕ ਨਹੀਂ ਹੋ ਰਹੀ, ਖੰਘ ਜਾਂ ਬੁਖਾਰ ਚਲ ਰਿਹਾ ਹੈ ਤਾਂ ਚੈਕ ਕਰਾਉਣਾ ਵਾਜਬ ਹੈ। ਵਾਰ-ਵਾਰ ਪਿਸ਼ਾਬ ਆਉਣਾ ਵੀ ਇਕ ਨਿਸ਼ਾਨੀ ਹੋ ਸਕਦੀ ਹੈ। ਹਰ ਸਾਲ ਫਿਜੀਕਲ ਟੈਸਟ ਕਰਾਉਣਾ ਠੀਕ ਹੈ। 50 ਸਾਲ ਤੋਂ ਉਤੇ ਉਮਰ ਦੀਆਂ ਔਰਤਾਂ ਨੂੰ ਸਾਲ ਵਿਚ ਇਕ ਵਾਰ ਮੈਮੋਗਰਾਫੀ ਕਰਵਾਉਣੀ ਚਾਹੀਦੀ ਹੈ; 55 ਤੋਂ 65 ਤਕ ਹਰ ਦੂਜੇ ਸਾਲ ਅਤੇ 65 ਸਾਲ ਤੋਂ ਬਾਅਦ ਹਰ 3 ਸਾਲ ਬਾਅਦ। ਉਂਜ, ਜੇ ਪਰਿਵਾਰ 'ਚੋਂ ਕਿਸੇ ਨੂੰ ਪਹਿਲਾਂ ਕੈਂਸਰ ਹੋਇਆ ਹੋਵੇ ਤਾਂ ਜਲਦੀ ਤੇ ਨਿਯਮਬੰਦ ਚੈਕ ਕਰਵਾਉਣਾ ਜ਼ਰੂਰੀ ਹੈ। ਇਕੱਲੀ ਮੈਮੋਗਰਾਫੀ ਹੀ ਕਾਫੀ ਨਹੀਂ, 22 ਫੀਸਦੀ ਗਲਤ ਰਿਜਲਟ ਵੀ ਨਿਕਲੇ ਹਨ। ਅਜਕਲ੍ਹ ਨਵਾਂ ਟੈਸਟ ਥਰਮੋਗਰਾਫੀ ਆਇਆ ਹੈ, ਜੋ ਘੱਟ ਲੋਕਾਂ ਨੂੰ ਪਤਾ ਹੈ। ਇਸ ਵਿਚ ਕੋਈ ਰੇਡੀਏਸ਼ਨ ਵੀ ਨਹੀਂ।

ਡਾ. ਦਿਉਲ ਨੇ ਕਿਹਾ ਕਿ ਪੈਪ ਸਮੀਅਰ ਟੈਸਟ 21 ਸਾਲ ਤੋਂ ਬਾਅਦ ਕਰਾਉਣਾ ਚਾਹੀਦਾ ਹੈ। 21 ਤੋਂ 39 ਸਾਲ ਤਕ ਹਰ 5 ਸਾਲ ਬਾਅਦ। 65 ਸਾਲ ਤੋਂ ਉਤੇ ਲੋੜ ਨਹੀਂ। 50 ਸਾਲ ਬਾਅਦ ਟੱਟੀ ਟੈਸਟ ਕਰਵਾ ਲੈਣੀ ਚਾਹੀਦੀ ਹੈ। ਜੇ ਖੂਨ ਆਉਂਦਾ ਹੋਵੇ ਤਾਂ ਕੋਲਨੋਸਕੋਪੀ ਕਰਵਾਉਣੀ ਚਾਹੀਦੀ ਹੈ। ਜੇ ਪੋਲਿਪਸ (ਟਿਸ਼ੂ ਵਾਧਾ) ਆਦਿ ਹੋਵੇ ਤਾਂ ਹਰ ਤਿੰਨ ਸਾਲ ਬਾਅਦ ਕੋਲਨੋਸਕੋਪੀ ਕਰਵਾਉਣੀ ਚਾਹੀਦੀ ਹੈ; ਨਹੀਂ ਤਾਂ 10 ਸਾਲ ਬਾਅਦ ਅਜਕਲ੍ਹ ਡੀ.ਐਨ.ਏ. ਟੈਸਟ ਵੀ ਹੁੰਦਾ ਹੈ। ਗੁਦਾ ਜਾਂ ਪ੍ਰੋਸਟੇਟ ਦੇ ਕੈਂਸਰ ਲਈ ਟੈਸਟ 50 ਸਾਲ ਤੋਂ ਬਾਅਦ ਕਰਵਾਉਣਾ ਚਾਹੀਦਾ ਹੈ। ਜੇ ਪਰਿਵਾਰ ਦਾ ਅਜਿਹਾ ਪਿਛੋਕੜ ਹੋਵੇ ਤਾਂ 45 ਸਾਲ ਤੋਂ ਬਾਅਦ ਪੀ.ਐਸ.ਏ. ਟੈਸਟ ਵੀ ਹਰ ਸਾਲ ਕਰਵਾਉਣਾ ਸਹੀ ਹੈ। ਚਮੜੀ ਦੇ ਕੈਂਸਰ ਲਈ ਸਾਵਧਾਨ ਰਹਿਣਾ ਜ਼ਰੂਰੀ ਹੈ। ਜੇ ਕੋਈ ਫੋੜਾ ਠੀਕ ਨਹੀਂ ਹੋ ਰਿਹਾ ਜਾਂ ਰੰਗ ਬਦਲ ਰਿਹਾ ਹੈ ਤਾਂ ਡਾਕਟਰ ਤੋਂ ਚੈਕ ਕਰਵਾਓ। ਜੋ ਲੋਕ ਸਾਲ ਵਿਚ 30 ਪੈਕਟ ਸਿਗਰਟਾਂ ਦੇ ਪੀਂਦੇ ਹਨ, ਉਨ੍ਹਾਂ ਨੂੰ ਜੇ ਲਗਾਤਾਰ ਖਾਂਸੀ ਆਦਿ ਰਹੇ ਤਾਂ ਚੈਕ ਕਰਵਾਉਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਧੁੱਪ ਵਿਚ ਜਾਣਾ ਹੋਵੇ ਤਾਂ ਚਮੜੀ ਉਤੇ 15 ਮਿੰਟ ਪਹਿਲਾਂ ਲੋਸ਼ਨ ਲਾ ਲਓ। ਬੱਦਲਵਾਈ ਵਿਚ ਵੀ ਅਜਿਹਾ ਹੀ ਕਰੋ ਕਿਉਂ ਜੋ ਅਲਟਰਾ ਵਾਇਲੈਟ (ਯੂ.ਵੀ.) ਕਿਰਨਾਂ ਆ ਰਹੀਆਂ ਹੁੰਦੀਆਂ ਹਨ। ਲੋਸ਼ਨ ਦੀ ਤਾਕਤ 30 ਐਸ.ਐਲ. ਹੋਣੀ ਚਾਹੀਦੀ ਹੈ। ਧੁੱਪੇ ਐਨਕਾਂ ਲਾ ਕੇ ਜਾਓ। ਵਾਤਾਵਰਣ ਠੀਕ ਰੱਖਣ ਦੀ ਕੋਸ਼ਿਸ਼ ਕਰੋ। ਕਸਰਤ ਲਗਾਤਾਰ ਕਰੋ। ਵਜ਼ਨ ਕੰਟਰੋਲ ਹੇਠ ਰਖੋ, ਰੋਕਥਾਮ ਲਈ ਟੀਕੇ ਲਗਵਾਓ। ਫੋਲੀਏਟ ਵਾਲੇ ਵਿਟਾਮਿਨ ਵੀ ਵਰਤ ਸਕਦੇ ਹੋ; ਜਿਵੇਂ ਵਿਟਾਮਿਨ ਏ, ਈ, ਸੀ। ਇਹ ਸਾਰੇ ਪਾਣੀ 'ਚ ਘੁਲ ਜਾਂਦੇ ਹਨ। ਸਿਰਫ ਵਿਟਾਮਿਨ ਡੀ ਹੈ, ਜੋ ਸਿਰਫ ਚਿਕਨਾਈ ਵਿਚ ਘੁਲਦਾ ਹੈ। ਬਿਹਤਰ ਹੈ, ਖਾਣੇ ਨਾਲ ਖਾ ਲਉ ਜਾਂ ਥੋੜ੍ਹਾ ਤੇਲ ਨਾਲ ਲੈ ਲਵੋ।

ਖਾਣਾ ਤੇਜ਼ ਅੱਗ 'ਤੇ ਨਾ ਬਣਾਓ। ਗ੍ਰਿਲ ਕਰਨ ਲਈ ਮੀਟ ਸਾੜਨ ਨਾਲੋਂ ਕਿਸੇ ਪੱਤੇ 'ਚ ਲਪੇਟ ਕੇ ਬਣਾ ਲਓ। ਪੈਕ ਕੀਤੇ ਖਾਣੇ ਘਟ ਖਾਓ। ਸਾਬਤ ਛੋਲੇ ਇਸਤੇਮਾਲ ਕਰੋ। ਤਾਜ਼ੀਆਂ ਸਬਜ਼ੀਆਂ ਤੇ ਫਲ ਵਰਤੋ। ਹਰੀਆਂ ਸਬਜ਼ੀਆਂ, ਬਰੌਕਲੀ, ਕੇਲਾ, ਗਾਜਰ, ਪਾਲਕ ਖਾਓ। ਪ੍ਰੋਟੀਨ ਹਫਤੇ 'ਚ 2-3 ਵਾਰ ਖਾਓ। ਲਸਣ 1-2 ਪੋਥੀਆਂ ਰੋਜ਼ ਵਰਤੋ। ਸੁੱਕੇ ਮੇਵੇ ਖਾਓ। ਪਾਣੀ ਸਹੀ ਮਾਤਰਾ 'ਚ ਪੀਉ। ਸਬਜ਼ੀਆਂ ਬਹੁਤੀਆਂ ਸਾੜੋ ਨਾ, ਮੱਧਮ ਅੱਗ/ਸੇਕ 'ਤੇ ਪਕਾਉ। ਸਟੀਮ ਕਰਨਾ ਵਧੇਰੇ ਲਾਹੇਵੰਦ ਹੈ। ਸਿਰਕਾ, ਨਿੰਬੂ ਤੇ ਟਮਾਟਰ ਟੌਕਸੀਨ ਘਟਾਉਂਦੇ ਹਨ। ਐਲੂਮੀਨੀਅਮ ਦੇ ਬਰਤਨ ਨਾ ਵਰਤੋ। ਪਲਾਸਟਿਕ ਦੀ ਥਾਂ ਸਟੀਲ ਵਰਤੋ। ਤੇਲ ਸਹੀ ਵਰਤੋ ਜਿਸ ਦਾ ਸਮੋਕਿੰਗ ਪੁਆਇੰਟ ਜ਼ਿਆਦਾ ਹੋਵੇ; ਜਿਵੇਂ ਕੇਨੋਲਾ, ਕੋਕੋਨਟ, ਐਵੋਕੈਡੋ। ਬੇਬੀ ਫਾਰਮੂਲਾ ਕਦੇ ਵੀ ਮਾਈਕਰੋਵੇਵ ਵਿਚ ਗਰਮ ਨਾ ਕਰੋ। ਲੋਹੇ ਤੇ ਸੈਰਾਮਿਕ ਬਰਤਨਾਂ ਵਿਚ ਖਾਣਾ ਬਣਾਓ। ਛੱਲੀ ਦੇ ਛਿਲਕਿਆਂ ਜਾਂ ਕੇਲੇ ਦੇ ਪੱਤਿਆਂ ਵਿਚ ਗ੍ਰਿਲ ਕਰ ਸਕਦੇ ਹੋ।

ਡਾ. ਦਿਉਲ ਨੇ ਦੱਸਿਆ ਕਿ ਕੈਂਸਰ ਦਾ ਇਲਾਜ ਥਾਂ 'ਤੇ ਨਿਰਭਰ ਹੈ ਕਿ ਇਹ ਸਰੀਰ ਵਿਚ ਕਿੱਥੇ ਹੈ ਅਤੇ ਕਿਹੋ ਜਿਹਾ ਹੈ। ਦੋ ਸੈਂਟੀਮੀਟਰ ਤੋਂ ਘਟ ਸਰਜਰੀ ਨਾਲ ਕੱਢਿਆ ਜਾ ਸਕਦਾ ਹੈ। ਹੁਣ ਤਾਂ ਬਹੁਤ ਕਿਸਮ ਦੀਆਂ ਦਵਾਈਆਂ ਆ ਗਈਆਂ ਹਨ। ਜੀਨ, ਹਾਰਮੋਨ ਵਾਲੇ ਇਲਾਜ ਚੱਲ ਰਹੇ ਹਨ। ਜੀਵਨ 'ਚ ਤਣਾਅ ਘਟਾਓ। ਇਲਾਜ ਦੌਰਾਨ ਵਿਟਾਮਿਨ ਮਦਦ ਕਰਦੇ ਹਨ, ਜੋ ਪ੍ਰੋਸਟੇਟ ਨਾਂ ਦੀ ਦਵਾਈ 'ਚ ਮਿਲਦੇ ਹਨ।

ਜ਼ਿਕਰਯੋਗ ਹੈ ਕਿ ਸਿੱਖ ਸੀਨੀਅਰ ਮਹੀਨੇ ਦੇ ਪਹਿਲੇ ਬੁੱਧਵਾਰ ਸ਼ਾਮ 4 ਤੋਂ 6 ਵਜੇ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਮਿਲਦੇ ਹਨ ਅਤੇ ਲੰਚ ਦਾ ਪ੍ਰਬੰਧ ਹਰ ਤੀਜੇ ਹਫਤੇ ਹੁੰਦਾ ਹੈ। ਹੋਰ ਜਾਣਕਾਰੀ ਲਈ basatit@aol.com ਜਾਂ ਸੁਰਿੰਦਰਪਾਲ ਸਿੰਘ ਕਾਲੜਾ ਨਾਲ ਫੋਨ: 847-305-9119 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੈਲਾਟਾਈਨ ਲਾਇਬ੍ਰੇਰੀ ਬੋਰਡ ਵਿਚ ਪਹਿਲੇ ਸਿੱਖ ਦੀ ਨਾਮਜ਼ਦਗੀ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੀ ਸਬਰਬ ਪੈਲਾਟਾਈਨ ਵਿਚ ਪਹਿਲੇ ਪਗੜੀਧਾਰੀ ਸਾਬਤ-ਸੂਰਤ ਸਿੱਖ ਦੀ ਲਾਇਬ੍ਰੇਰੀ ਬੋਰਡ ਵਿਚ ਨਾਮਜ਼ਦਗੀ ਹੋਈ ਹੈ। ਸ. ਪ੍ਰੀਤ ਐਮ. ਸਿੰਘ ਨੂੰ 15 ਅਕਤੂਬਰ ਨੂੰ ਸ਼ਾਮੀ 7 ਵਜੇ ਰਸਮੀ ਤੌਰ 'ਤੇ ਪੈਲਾਟਾਈਨ ਲਾਇਬ੍ਰੇਰੀ ਵਿਚ ਬੋਰਡ ਮੈਂਬਰ ਵਜੋਂ ਸ਼ਾਮਿਲ ਕੀਤਾ ਜਾਵੇਗਾ। ਉਹ ਲਾਇਬ੍ਰੇਰੀ ਦਾ 7ਵਾਂ ਮੈਂਬਰ ਹੋਵੇਗਾ। ਉਸ ਨੂੰ ਪਿਛਲੇ ਹਫਤੇ ਨਾਮਜ਼ਦ ਕੀਤਾ ਗਿਆ ਸੀ। ਪੈਲਾਟਾਈਨ ਵਿਚ ਉਹ ਪਹਿਲਾ ਸਿੱਖ ਹੈ, ਜੋ ਬੋਰਡ ਵਿਚ ਬੈਠੇਗਾ, ਸਗੋਂ ਸ਼ਿਕਾਗੋ ਵਿਚ ਇਹ ਪਹਿਲਾ ਪਗੜੀਧਾਰੀ ਹੈ, ਜੋ ਸਿਆਸੀ ਖੇਤਰ ਵਿਚ ਨਾਮਜ਼ਦ ਹੋਇਆ ਹੈ।

ਗੁਰਦੁਆਰਾ ਪੈਲਾਟਾਈਨ ਮਿਡਵੈਸਟ ਵਿਚ ਸਭ ਤੋਂ ਪਹਿਲਾ ਤੇ ਪੁਰਾਣਾ ਗੁਰਦੁਆਰਾ ਹੈ। ਇਥੋਂ ਦੇ ਸਿੱਖਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ। ਨੌਜਵਾਨ ਪੀੜ੍ਹੀ ਲਈ ਇਹ ਹੋਰ ਵੀ ਫਖਰ ਵਾਲੀ ਗੱਲ ਹੈ। ਇਸ ਦਾ ਸਿਹਰਾ ਵਧੇਰੇ ਕਰਕੇ ਲੋਕਲ ਕਾਰਕੁਨ ਠਾਕਰ ਸਿੰਘ ਬਸਾਤੀ ਨੂੰ ਜਾਂਦਾ ਹੈ, ਜੋ ਲੰਮੇ ਸਮੇਂ ਤੋਂ ਸਿਆਸੀ ਖੇਤਰ ਨਾਲ ਜੁੜੇ ਹੋਏ ਹਨ।

ਪ੍ਰੀਤ ਐਮ. ਸਿੰਘ ਪੈਲਾਟਾਈਨ ਹਾਈ ਸਕੂਲ ਤੋਂ ਪੜ੍ਹਿਆ ਹੈ ਤੇ ਸੰਗਤ ਨਾਲ ਬਚਪਨ ਤੋਂ ਹੀ ਜੁੜਿਆ ਹੋਇਆ ਹੈ। 2003 ਤੋਂ ਉਹ ਸਾਇੰਸ ਟੀਚਰ ਹੈ। ਉਸ ਨੇ ਡੀਪੌਲ ਯੂਨੀਵਰਸਿਟੀ ਤੋਂ ਐਮ.ਏ. ਕੀਤੀ। ਫਿਰ ਐਜੂਕੇਸ਼ਨ ਲੀਡਰਸ਼ਿਪ ਵਿਚ ਇਕ ਹੋਰ ਐਮ.ਏ. ਕੀਤੀ। ਉਹ ਆਪਣੀ ਪਤਨੀ, ਬੇਟੀ ਤੇ ਮਾਂ-ਪਿਓ ਨਾਲ ਪੈਲਾਟਾਈਨ ਵਿਚ ਹੀ ਰਹਿੰਦਾ ਹੈ। ਉਸ ਦੇ ਪਿਤਾ ਸ. ਹਰਪ੍ਰੀਤ ਸਿੰਘ ਸੇਵਾਮੁਕਤ ਅਧਿਆਪਕ ਹਨ।



**ਪ੍ਰੀਤ ਸਿੰਘ**

ਪ੍ਰੀਤ ਐਮ. ਸਿੰਘ ਅਣਸੁਖਾਵੇਂ ਹਾਲਾਤ ਨੂੰ ਵੀ ਸੁਖਾਵਾਂ ਬਣਾਉਣ ਦਾ ਮਾਹਰ ਹੈ। ਪ੍ਰੀਤ ਮੁਤਾਬਕ, 'ਹਰ ਔਰਤ/ਮਰਦ ਬਰਾਬਰ ਹੈ ਤੇ ਹਰ ਇਕ ਤੋਂ ਕੁਝ ਨਾ ਕੁਝ ਸਿੱਖਣ ਨੂੰ ਮਿਲਦਾ ਹੈ।'

ਜ਼ਿਕਰਯੋਗ ਹੈ ਕਿ ਸ. ਠਾਕਰ ਸਿੰਘ ਬਸਾਤੀ ਲਾਇਬ੍ਰੇਰੀ ਵਿਚ ਅਕਸਰ ਪ੍ਰੋਗਰਾਮ ਕਰਾਉਂਦੇ ਰਹਿੰਦੇ ਹਨ। ਪਿਛਲੀਆਂ ਚੋਣਾਂ ਵਿਚ ਸਿਰਫ ਪੈਲਾਟਾਈਨ ਲਾਇਬ੍ਰੇਰੀ ਹੀ ਅਜਿਹੀ ਲਾਇਬ੍ਰੇਰੀ ਸੀ, ਜਿਸ ਦਾ ਟੈਕਸ ਵਧਾਉਣ ਦਾ ਰੈਫਰੈਂਡਮ ਪਾਸ ਹੋਇਆ ਸੀ ਅਤੇ ਸ. ਬਸਾਤੀ ਨੇ ਇਸ 'ਚ ਯੋਗਦਾਨ ਪਾਇਆ ਸੀ। ਲਾਇਬ੍ਰੇਰੀ ਵਿਚ 50 ਦੇ ਕਰੀਬ ਪੰਜਾਬੀ ਕਿਤਾਬਾਂ ਰੱਖੀਆਂ ਹੋਈਆਂ ਹਨ। ਪ੍ਰੀਤ ਐਮ. ਸਿੰਘ ਨਾਲ ਫੋਨ ਨੰਬਰ 847-877-4341 ਜਾਂ ਠਾਕਰ ਸਿੰਘ ਬਸਾਤੀ ਨਾਲ ਈਮੇਲ: basatit@aol.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਯੂਨੀਵਰਸਿਟੀ 'ਚ ਪੜ੍ਹਦੇ ਪੰਜਾਬੀ ਨੌਜਵਾਨ ਨੇ ਕੀਤੀ ਖੁਦਕੁਸ਼ੀ

**ਸ਼ਿਕਾਗੋ (ਬਿਊਰੋ):** ਯੂਨੀਵਰਸਿਟੀ ਆਫ ਇਲੀਨਾਏ, ਸ਼ਿਕਾਗੋ ਵਿਚ ਪੜ੍ਹਦੇ 27 ਸਾਲਾ ਪੰਜਾਬੀ ਨੌਜਵਾਨ ਜਤਿੰਦਰਪਾਲ ਸਿੰਘ ਨੇ ਖੁਦਕੁਸ਼ੀ ਕਰ ਲਈ। ਉਹ ਜ਼ਿਲਾ ਫਰੀਦਕੋਟ ਦੇ ਪਿੰਡ ਟਹਿਣਾ ਤੋਂ ਸੀ। ਉਹ ਅਗਸਤ 2017 'ਚ ਸਟੱਡੀ ਵੀਜ਼ੇ 'ਤੇ ਅਮਰੀਕਾ ਆਇਆ ਸੀ। ਉਹ ਇਥੇ ਹਰਿਆਣਾ ਦੇ 2 ਨੌਜਵਾਨਾਂ ਨਾਲ ਮਿਲ ਕੇ ਰਹਿੰਦਾ ਸੀ। ਅਪਰੈਲ 2019 'ਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਜਤਿੰਦਰ ਚੰਗੀ ਨੌਕਰੀ ਨਾ ਮਿਲਣ ਕਾਰਨ ਕਥਿਤ ਤੌਰ 'ਤੇ ਪ੍ਰੇਸ਼ਾਨ ਸੀ। ਇਸੇ ਪ੍ਰੇਸ਼ਾਨੀ ਕਾਰਨ ਉਸ ਨੇ ਆਪਣੇ ਕਿਰਾਏ ਦੇ ਅਪਾਰਟਮੈਂਟ ਦੀ ਬਾਲਕੋਨੀ 'ਚ ਰੱਸੀ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੀੜਤ ਪਰਿਵਾਰ ਨੇ ਉਸ ਦੀ ਲਾਸ਼ ਭਾਰਤ ਲਿਆਉਣ ਲਈ ਭਾਰਤ ਦੇ ਵਿਦੇਸ਼ ਮੰਤਰਾਲੇ ਕੋਲ ਮਾਮਲਾ ਉਠਾਉਣ ਲਈ ਜ਼ਿਲਾ ਪ੍ਰਸ਼ਾਸਨ ਕੋਲ ਪਹੁੰਚ ਕੀਤੀ ਹੈ।



ਜਤਿੰਦਰਪਾਲ ਸਿੰਘ ਦੇ ਪਿਤਾ ਕੇਵਲ ਸਿੰਘ ਸਕੂਲ ਸਿੱਖਿਆ ਵਿਭਾਗ 'ਚ ਇਕ ਕਰਮਚਾਰੀ ਸਨ, ਜਿਨ੍ਹਾਂ ਦੀ ਅਪਰੈਲ 2011 'ਚ ਮੌਤ ਹੋ ਗਈ ਸੀ। ਪਿਤਾ ਦੀ ਮੌਤ ਪਿਛੋਂ ਜਤਿੰਦਰਪਾਲ ਦੇ ਵੱਡੇ ਭਰਾ ਨੂੰ ਪਿਤਾ ਦੀ ਨੌਕਰੀ ਮਿਲ ਗਈ ਸੀ।

## ਅਮਰੀਕੀ ਬਾਰ 'ਚ ਫਾਇਰਿੰਗ, ਚਾਰ ਹਲਾਕ

**ਕੈਨਸਸ ਸਿਟੀ:** ਕੈਨਸਸ ਸਿਟੀ ਦੇ ਕੈਨਸਸ ਬਾਰ ਵਿਚ ਇਕ ਬੰਦੂਕਧਾਰੀ ਨੇ ਨੌਂ ਵਿਅਕਤੀਆਂ 'ਤੇ ਗੋਲੀਆਂ ਚਲਾਈਆਂ ਜਿਨ੍ਹਾਂ ਵਿਚੋਂ ਚਾਰ ਦੀ ਮੌਤ ਹੋ ਗਈ। ਟੈਕੀਲਾ ਕੇਸੀ ਬਾਰ ਵਿਚ ਇਕ ਬੰਦੂਕਧਾਰੀ ਦਾਖਲ ਹੋਇਆ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਨੇ ਕਿਹਾ ਕਿ ਚਾਰ ਵਿਅਕਤੀਆਂ ਦੀ ਮੌਕੇ ਉਤੇ ਹੀ ਮੌਤ ਹੋ ਗਈ, ਪੰਜ ਹੋਰਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਪ੍ਰੋਗਰਾਮਾਂ ਦੀ ਰੂਪ-ਰੇਖਾ ਜਾਰੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪ੍ਰਕਾਸ਼ ਪੁਰਬ ਮੌਕੇ ਹੋਣ ਵਾਲੇ ਗੁਰਮਤਿ ਸਮਾਗਮਾਂ ਦਾ ਵੇਰਵਾ ਜਾਰੀ ਕੀਤਾ ਹੈ, ਜੋ ਪਹਿਲੀ ਤੋਂ 13 ਨਵੰਬਰ ਤੱਕ ਜਾਰੀ ਰਹਿਣਗੇ। ਪਹਿਲੀ ਤੋਂ 8 ਨਵੰਬਰ ਤੱਕ ਸਮਾਗਮ ਭਾਈ ਮਰਦਾਨਾ ਦੀਵਾਨ ਹਾਲ ਗੁਰਦੁਆਰਾ ਸ੍ਰੀ ਬੇਰ ਸਾਹਿਬ, ਜਦੋਂਕਿ 9 ਤੋਂ 12 ਨਵੰਬਰ ਤੱਕ ਦੇ ਸਮਾਗਮ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ ਵਿਚ ਹੋਣਗੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸੰਗਤ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਨਾਲ ਜੋੜਨ ਲਈ ਸਮਾਗਮ ਉਲੀਕੇ ਗਏ ਹਨ। ਪਹਿਲੀ ਤੋਂ 13 ਨਵੰਬਰ ਤੱਕ ਸਵੇਰੇ ਸ਼ਾਮ ਰਾਗੀ ਜਥੇ ਗੁਰਬਾਣੀ ਦਾ ਕੀਰਤਨ ਕਰਨਗੇ ਅਤੇ ਕਥਾ ਵਾਚਕ ਸੰਗਤ ਨੂੰ ਗੁਰਬਾਣੀ ਨਾਲ ਜੋੜਨਗੇ। ਪਹਿਲੀ ਨਵੰਬਰ ਨੂੰ 550 ਰਬਾਬੀ ਤੰਤੀ ਸਾਜ਼ ਲੈ ਕੇ ਨਗਰ ਕੀਰਤਨ ਦੇ ਰੂਪ ਵਿਚ ਗੁਰਦੁਆਰਾ ਰਬਾਬਸਰ ਭਰੋਆਣਾ ਤੋਂ ਗੁਰਦੁਆਰਾ ਬੇਰ ਸਾਹਿਬ ਪੁੱਜਣਗੇ। ਦੋ ਨਵੰਬਰ ਨੂੰ ਦੇਸ਼ ਭਰ 'ਚ ਸੰਗਤ ਵੱਲੋਂ ਕੀਤੇ ਗਏ ਸਹਿਜਪਾਠਾਂ ਦੇ ਸੰਗਤੀ ਰੂਪ 'ਚ ਭੋਗ ਪਾਏ ਜਾਣਗੇ। ਤਿੰਨ ਨਵੰਬਰ ਨੂੰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਦਾ ਕੌਮੀ ਪੱਧਰ ਦਾ ਸਮਾਗਮ ਹੋਵੇਗਾ। 4 ਨਵੰਬਰ ਨੂੰ ਸਿੱਖ ਸੰਸਥਾਵਾਂ ਦੇ ਵਿਦਿਆਰਥੀਆਂ ਦੇ ਕੀਰਤਨ, ਗੁਰਬਾਣੀ ਕੰਠ, ਕਵਿਤਾ, ਭਾਸ਼ਣ, ਪ੍ਰਸ਼ਨੋਤਰੀ, ਢਾਡੀ ਤੇ ਕਵੀਸ਼ਰੀ ਮੁਕਾਬਲੇ ਹੋਣਗੇ। ਸ਼੍ਰੋਮਣੀ ਕਮੇਟੀ ਅਤੇ ਖਾਲਸਾ ਸਕੂਲਾਂ ਦੇ ਵਿਦਿਆਰਥੀਆਂ ਦਾ ਸਮਾਗਮ 5 ਨੂੰ ਹੋਵੇਗਾ। ਇਸੇ ਦਿਨ ਨਨਕਾਣਾ ਸਾਹਿਬ ਤੋਂ ਅਰੰਭ ਹੋਏ ਕੌਮਾਂਤਰੀ ਨਗਰ ਕੀਰਤਨ ਦੀ ਸੰਪੂਰਨਤਾ ਹੋਵੇਗੀ। ਛੇ ਨੂੰ ਵਿਸ਼ਵ ਸਿੱਖ ਨੌਜਵਾਨ ਸੰਮੇਲਨ ਤੇ ਇਨਾਮੀ ਕਵੀ ਮੁਕਾਬਲੇ ਹੋਣਗੇ; 7 ਨੂੰ ਨੌਜਵਾਨ ਸੰਗੀਤ ਸੰਮੇਲਨ, ਇਨਾਮੀ ਢਾਡੀ ਮੁਕਾਬਲੇ ਜਦੋਂਕਿ 8 ਨੂੰ ਗਤਕਾ, ਕਵੀਸ਼ਰੀ ਮੁਕਾਬਲੇ ਤੇ ਢਾਡੀ ਦਰਬਾਰ ਹੋਵੇਗਾ।

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ 'ਚ ਅੰਤਰ ਧਰਮ ਸੰਵਾਦ ਸੰਮੇਲਨ 8 ਨੂੰ ਹੋਵੇਗਾ। ਨੌਂ ਤੋਂ 12 ਤੱਕ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ ਵਿਚ ਹੋਣ ਵਾਲੇ ਸਮਾਗਮਾਂ ਵਿਚ 9 ਨਵੰਬਰ ਨੂੰ ਇਸਤਰੀ ਸੰਮੇਲਨ ਤੇ ਕਵੀ ਦਰਬਾਰ, ਰਾਤ ਸਮੇਂ ਲਾਈਟ, ਸਾਊਂਡ ਅਤੇ ਲੇਜ਼ਰ ਸ਼ੋਅ, 10 ਨੂੰ ਗੁਰੂ ਨਾਨਕ ਦੇਵ ਜੀ ਰਚਿਤ ਰਾਗ ਆਧਾਰਿਤ ਰਾਗ ਦਰਬਾਰ ਤੇ ਰਾਤ ਸਮੇਂ ਕਵੀਸ਼ਰੀ ਦਰਬਾਰ ਹੋਣਗੇ। 11 ਨਵੰਬਰ ਨੂੰ ਪੁਰਾਤਨ ਰਵਾਇਤ ਅਨੁਸਾਰ ਗੁਰਦੁਆਰਾ ਸੰਤ ਘਾਟ ਤੋਂ ਗੁਰਦੁਆਰਾ ਬੇਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਜਾਵੇਗਾ। 11 ਨੂੰ ਹੀ ਢਾਡੀ, ਕਵੀਸ਼ਰੀ ਦਰਬਾਰ ਤੇ 101 ਸਿੱਖ ਸ਼ਖਸੀਅਤਾਂ ਦੇ ਸਨਮਾਨ ਸਬੰਧੀ ਸਮਾਗਮ ਹੋਵੇਗਾ।


ੴ ਸਤਿਗੁਰ ਪ੍ਰਸਾਦਿ॥

ਕਾਰ ਸੇਵਾ

ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਗੁਰੂ ਪਿਆਰੀ ਸਾਧ ਸੰਗਤ ਜੀਓ,

ਗੁਰਦੁਆਰਾ ਪੈਲਾਟਾਈਨ ਵਿਖੇ ਅੰਦਰੋਂ ਤੇ ਬਾਹਰੋਂ ਸਾਫ-ਸਫਾਈ, ਮੁਰੰਮਤ, ਰੰਗ-ਰੋਗਨ ਦੇ ਕਾਰਜਾਂ ਲਈ ਸੇਵਾ ਵਾਹਿਗੁਰੂ ਦੀ ਅਪਾਰ ਕਿਰਪਾ, ਸਮੂਹ ਸੰਗਤਾਂ, ਪ੍ਰਬੰਧਕ ਕਮੇਟੀ ਅਤੇ ਕਾਰ ਸੇਵਕਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ।

ਸਭ ਸੰਗਤਾਂ ਮਾਈ-ਭਾਈ ਅਤੇ ਨੌਜਵਾਨ ਪੀੜ੍ਹੀ ਨੂੰ ਨਿਮਰਤਾ ਸਹਿਤ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਖਾਸ ਸੇਵਾ ਵਿਚ ਤਨ, ਮਨ ਅਤੇ ਧਨ ਨਾਲ ਵਧ-ਚੜ੍ਹ ਕੇ ਯੋਗਦਾਨ ਪਾਓ ਜੀ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਗੁਰਦੁਆਰਾ ਪ੍ਰਬੰਧਕ ਕਮੇਟੀ, ਪੈਲਾਟਾਈਨ



Sistar Mortgage

Minimizing Cost, Maximizing Investment

www.SistarMortgage.com



Balbir (Bill) Grewal, Loan Officer (NMLS 353442)

*Residential & Commercial Loans*

(734) 330-8859 Mobile

(586) 802-7385 Fax

Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298



ੴ ਸਤਿਗੁਰ ਪ੍ਰਸਾਦਿ॥

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ॥ ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥

ਪ੍ਰਥਮ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰਦੁਆਰਾ ਪੈਲਾਟਾਈਨ ਵਲੋਂ ਸਵਰਗੀ ਹਰਜਾਪ ਸਿੰਘ ਸੰਘਾ ਦੇ ਪਰਿਵਾਰ ਦੇ ਸਹਿਯੋਗ ਨਾਲ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦੇ 550ਵੇਂ ਸਾਲ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕੀਤਾ ਜਾ ਰਿਹਾ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਬਾਬਾ ਜੀ ਦੇ ਜਨਮ ਦਿਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਪੰਥ ਦੇ ਮਹਾਨ ਕੀਰਤਨੀਏ ਪ੍ਰੋ. ਦਰਸ਼ਨ ਸਿੰਘ ਗੁਰਬਾਣੀ ਕੀਰਤਨ ਕਰਨਗੇ

ਪ੍ਰੋਗਰਾਮ ਦਾ ਵੇਰਵਾ

19 ਅਕਤੂਬਰ 2019, ਸਨਿਚਰਵਾਰ ਸ਼ਾਮ 6 ਤੋਂ 8 ਵਜੇ ਤੱਕ

20 ਅਕਤੂਬਰ 2019, ਐਤਵਾਰ ਸਵੇਰ 11 ਵਜੇ ਤੋਂ ਇਕ ਵਜੇ ਤੱਕ

SIKH Religious Society PALATINE GURDWARA

Sikh Religious Society

1280 Winnetka St., Palatine IL 60067 Phone: (847) 358-1117


www.srschicago.org e-mail:contactus@srschicago.org

# ਸਨਦੀਪ ਸਿੰਘ ਧਾਲੀਵਾਲ ਦੇ ਸਤਿਕਾਰ 'ਚ ਸਰਬ ਧਰਮ ਸਮਾਗਮ

**ਸ਼ਿਕਾਗੋ (ਬਿਊਰੋ):** ਹਿਊਸਟਨ ਦੀ ਹੈਰਿਸ ਕਾਊਂਟੀ ਸ਼ੈਰਿਫ ਦੇ ਡਿਪਟੀ ਸਨਦੀਪ ਸਿੰਘ ਧਾਲੀਵਾਲ ਦੀ ਯਾਦ ਵਿਚ 2 ਅਕਤੂਬਰ ਨੂੰ ਇਥੇ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ




ਪੈਲਾਟਾਈਨ) ਦੇ ਲੰਗਰ ਹਾਲ ਵਿਚ ਸਰਬ ਧਰਮ ਸਮਾਗਮ ਕੀਤਾ ਗਿਆ। ਸ਼ਿਕਾਗੋ ਖੇਤਰ ਵਿਚ ਮੀਂਹ ਅਤੇ ਹਨੇਰੀ ਦੇ ਬਾਵਜੂਦ ਇਸ ਸਮਾਗਮ ਵਿਚ ਚਾਰ ਸੌ ਤੋਂ ਵੱਧ ਲੋਕ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ 29 ਸਤੰਬਰ ਨੂੰ ਇਕ ਸਿਰਫਿਰੇ ਵਿਅਕਤੀ ਨੇ ਡਿਪਟੀ ਧਾਲੀਵਾਲ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਹਮਲਾਵਰ ਦੀ ਪਛਾਣ 47 ਸਾਲਾ ਰਾਬਰਟ ਸਾਲਿਸ ਵਜੋਂ ਹੋਈ ਹੈ ਅਤੇ ਉਸ 'ਤੇ ਕਤਲ ਦੇ ਦੋਸ਼ ਲਾਏ ਗਏ ਹਨ।




*ਕਾਤਲ ਰਾਬਰਟ ਸਾਲਿਸ*

ਸਨਦੀਪ ਧਾਲੀਵਾਲ ਦੀ ਯਾਦ 'ਚ ਇਹ ਸਮਾਗਮ ਕੀਰਤਨ ਅਤੇ ਅਰਦਾਸ ਨਾਲ ਸ਼ੁਰੂ ਹੋਇਆ। ਇਸ ਮੌਕੇ ਸਿੱਖ, ਮੁਸਲਿਮ, ਇਸਾਈ, ਯਹੂਦੀ ਅਤੇ ਹੋਰ ਸੰਸਥਾਵਾਂ ਨਾਲ ਜੁੜੇ 15 ਬੁਲਾਰਿਆਂ ਨੇ ਸੰਬੋਧਨ ਕੀਤਾ। ਇਨ੍ਹਾਂ ਵਿਚ ਪੁਲਿਸ ਅਧਿਕਾਰੀ ਅਤੇ ਚੁਣੇ ਹੋਏ ਸਥਾਨਕ ਨੁਮਾਇੰਦੇ ਵੀ ਸ਼ਾਮਲ ਹੋਏ। ਸਾਰੇ ਬੁਲਾਰਿਆਂ ਨੇ ਸਨਦੀਪ ਸਿੰਘ ਧਾਲੀਵਾਲ ਦੀ ਸ਼ਖਸੀਅਤ ਨਾਲ ਜੁੜੀਆਂ ਗੱਲਾਂ ਕੀਤੀਆਂ। ਉਨ੍ਹਾਂ ਨੇ ਕਿਹਾ ਕਿ ਬੰਦੂਕਾਂ ਰਾਹੀਂ ਮਚਾਈ ਜਾ ਰਹੀ ਹਿੰਸਾ ਸਭ ਧਰਮਾਂ, ਨਸਲਾਂ ਅਤੇ ਭਾਈਚਾਰਿਆਂ ਦੇ ਖਿਲਾਫ ਜਾਂਦੀ ਹੈ।

ਇਸ ਤੋਂ ਪਹਿਲਾਂ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਹਾਜ਼ਰੀਨ ਦਾ ਸਵਾਗਤ ਕੀਤਾ। ਰਾਜਿੰਦਰ ਸਿੰਘ ਮਾਗੋ ਨੇ ਸਮਾਗਮ ਕਰਵਾਉਣ ਵਾਲੀ ਕਮੇਟੀ ਨਾਲ ਲਗਾਤਾਰ ਤਾਲਮੇਲ ਬਿਠਾਈ ਰੱਖਿਆ। ਲਾਡੀ ਸਿੰਘ ਨੇ ਅਖੀਰ ਵਿਚ ਸਭ ਦਾ ਧੰਨਵਾਦ ਕੀਤਾ।





























ਬੁਲਾਰਿਆਂ ਵਿਚ ਡਾ. ਪਰਦੀਪ ਸਿੰਘ ਗਿੱਲ, ਇਲੀਨਾਏ ਤੋਂ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ, ਇਲੀਨਾਏ ਦੀ ਸਟੇਟ ਸੈਨੇਟਰ ਐਨ ਗਿਲੇਸਪੀ, ਇਲੀਨਾਏ ਦੀ ਸਟੇਟ ਨੁਮਾਇੰਦਾ ਮਿਸ਼ੈਲ ਮਿਸਮਨ, ਮੁਸਲਿਮ ਭਾਈਚਾਰੇ ਤੋਂ ਆਜ਼ਮ ਨਿਜ਼ਾਮੂਦੀਨ, ਜਸਵੀਰ ਕੌਰ ਸਿੰਘ ਤੇ ਸਤਨਾਮ ਸਿੰਘ ਮਾਗੋ, ਐਨ. ਡਬਲਿਊ. ਐਸ. ਓ. ਐਫ. ਏ. ਦੀ ਕੈਥੀ ਰਿਜ਼ਬਰਗ, ਇਲੀਨਾਏ ਗੰਨ ਵਾਇਲੈਂਸ ਪ੍ਰੀਵੈਨਸ਼ਨ ਤੋਂ ਜਿਮ ਮੈਗਰਾਥ, ਯੂਨਿਟੀ ਪਾਟਨਰਸ਼ਿਪ ਤੋਂ ਪ੍ਰਧਾਨ ਰੈਗੀਨਾ ਬਰੈਟ, ਲਿਸਲੇ ਪੁਲਿਸ ਚੀਫ ਡੇਵਿਡ ਐਂਡਰਸਨ ਤੇ ਡਿਪਟੀ ਚੀਫ ਰੋਨ ਵਿਲਕੇ, ਨਾਰਥਬਰੁਕ ਦੇ ਡਿਪਟੀ ਚੀਫ ਪੁਲਿਸ, ਐਨ. ਏ. ਏ. ਸੀ. ਪੀ. ਕਾਊਂਟੀ ਦੀ ਪ੍ਰਧਾਨ ਮਾਈਕਲ ਚਿਲਡਰਸ, ਪੈਲਾਟਾਈਨ ਟਾਊਨਸ਼ਿਪ ਕਮੇਟੀਮੈਨ ਮੈਟ ਫਲੈਮ, ਮੌਮਜ਼ ਡਿਮਾਂਡ ਐਕਸ਼ਨ ਤੋਂ ਮਾਰੀਆ ਪਾਈਕ ਅਤੇ ਪੁਲਿਸ ਅਫਸਰ ਪਰਦੀਪ ਸਿੰਘ ਦਿਓਲ ਸ਼ਾਮਲ ਸਨ।

ਇਸ ਮੌਕੇ ਗੁਆਂਢੀ ਕਸਬਿਆਂ ਤੋਂ ਇਕ ਦਰਜਨ ਦੇ ਕਰੀਬ ਪੁਲਿਸ ਅਫਸਰ ਪਹੁੰਚੇ ਹੋਏ ਸਨ। ਪੁਲਿਸ ਅਫਸਰ ਪਰਦੀਪ ਸਿਘ ਦਿਓਲ ਅਤੇ ਦਮਨ ਸਿੰਘ ਨੇ ਦੱਸਿਆ ਕਿ ਇਸ ਸਾਲ ਹੁਣ ਤੱਕ 94 ਪੁਲਿਸ ਅਫਸਰਾਂ ਦੀ ਮੌਤ ਹੋ ਚੁਕੀ ਹੈ। ਇਨ੍ਹਾਂ ਅਫਸਰਾਂ ਦੀ ਯਾਦ ਵਿਚ ਮੌਨ ਧਾਰਿਆ ਗਿਆ। ਬਾਅਦ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਇਸ ਸਮਾਗਮ ਲਈ ਰਾਜਿੰਦਰ ਸਿੰਘ ਮਾਗੋ, ਡਾ. ਪਰਦੀਪ ਸਿੰਘ ਗਿੱਲ, ਅਮਰਦੇਵ ਸਿੰਘ ਬਦੇਸ਼ਾ, ਪੁਲਿਸ ਅਫਸਰ ਪਰਦੀਪ ਸਿੰਘ ਦਿਓਲ, ਰੋਜਰ ਚਾਵਲਾ, ਜਸਵੀਰ ਕੌਰ ਸਿੰਘ, ਸਰਵਣ ਸਿੰਘ ਰਾਜੂ, ਠਾਕਰ ਸਿੰਘ ਬਸਾਤੀ, ਹਰਦਿਆਲ ਸਿੰਘ ਦਿਓਲ, ਇੰਦਰਮੋਹਨ ਸਿੰਘ ਮੋਖਾ, ਸੁਰਿੰਦਰਪਾਲ ਸਿੰਘ ਕਾਲੜਾ ਅਤੇ ਸਿੱਖ ਰਿਲੀਜੀਅਸ ਸੁਸਾਈਟੀ ਪੈਲਾਟਾਈਨ ਦੇ ਸਮੂਹ ਸਟਾਫ ਨੇ ਭਰਪੂਰ ਯੋਗਦਾਨ ਪਾਇਆ।







Happy Diwali
Happy Diwali
CULTURAL PUNJABI SOCIETY CHICAGO
ਪੰਜਾਬੀ ਸਭਿਆਚਾਰਕ ਸਭਾ
Celebrating 25 Years of Community Service
PUNJABI CULTURAL SOCIETY OF CHICAGO
Proudly presents
CELEBRATING 25 Years ANNIVERSARY
2011 "Voice of Punjab" champion
JASPINDER RAINA
Singer
RAJN SANDHU
PCS NIGHT 2019
Actor & Entertainer
JAGTAR JAGGI
$100 VIP
Front Rows, Reserved Tables
Dinner Included
Saturday, 9th November, 2019
Atlantis Banquets 7:00pm - 11:00pm
1273 N. Rand Road, Arlington Heights, IL. 60148
General Admission
$50
Dinner Included
Kids Under 5 Years
FREE
BUT NO SEATS
Enjoy Family style Dinner & Show
EMCEED BY JAGTAR JAGGI HOST OF JUS PUNJABI TV SHOW "JALWE JAGGI DE"
Free Parking
For more information,
contact: (847) 359-5PCS
P.O. Box 1244, Palatine, IL. 60078
Sponsors are Welcome
info@PCSChicago.org
www.PCSChicago.org
PCS is a non profit organization promoting Punjabi Culture, language & performing arts

# 'ਕਲਾਈਮੇਟ ਐਕਸ਼ਨ ਸਮਿਟ' ਅਤੇ ਵਿਕਸਿਤ ਦੇਸ਼ਾਂ ਦੀ ਗੈਰ-ਸੰਜੀਦਗੀ

ਤਾਪਮਾਨ ਦੇ ਵਾਧੇ ਨਾਲ ਮੌਸਮ ਵਿਚ ਤੇਜ਼ੀ ਨਾਲ ਆ ਰਹੇ ਵਿਗਾੜਾਂ 'ਤੇ ਕਾਬੂ ਪਾਉਣ ਲਈ ਸੰਯੁਕਤ ਰਾਸ਼ਟਰ ਸੰਘ ਦੇ ਜਨਰਲ ਸਕੱਤਰ ਐਨਟੋਨੀ ਗੁਟਰਸ ਨੇ 23 ਸਤੰਬਰ 2019 ਨੂੰ ਨਿਊ ਯਾਰਕ ਵਿਚ 'ਕਲਾਈਮੇਟ ਐਕਸ਼ਨ ਸਮਿਟ' ਨਾਂ ਦੀ ਇਕ ਕੌਮਾਂਤਰ ਕਾਨਫਰੰਸ ਕਰਵਾਈ। ਕਾਨਫਰੰਸ ਲਈ ਸੱਦਾ ਦੇਣ ਵੇਲੇ ਗੁਟਰਸ ਨੇ ਖਾਸ ਤਾਕੀਦ ਕੀਤੀ ਸੀ ਕਿ ਸਿਰਫ ਉਹੀ ਦੇਸ਼ ਸ਼ਾਮਲ ਹੋਣ, ਜਿਨ੍ਹਾਂ ਨੇ ਪੈਰਿਸ ਮੌਸਮੀ ਸੰਧੀ ਵਿਚਲੀਆਂ ਯੋਜਨਾਵਾਂ ਤੋਂ ਬਿਨਾ ਆਪਣੇ ਦੇਸ਼ ਵਿਚ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨ ਲਈ ਹੋਰ ਠੋਸ ਅਤੇ ਖਾਸ ਯੋਜਨਾਵਾਂ ਬਣਾਈਆਂ ਜਾਂ ਲਾਗੂ ਕੀਤੀਆਂ ਹਨ, ਕਿਉਂਕਿ ਹੁਣ ਸਾਡੇ ਕੋਲ ਭਾਸ਼ਣ ਸੁਣਨ ਅਤੇ ਦੇਣ ਦਾ ਸਮਾਂ ਨਹੀਂ ਬਚਿਆ। ਉਨ੍ਹਾਂ ਕਾਨਫਰੰਸ ਵਿਚ ਮੌਸਮੀ ਤਬਦੀਲੀਆਂ ਦੇ



ਡਾ. ਗੁਰਿੰਦਰ ਕੌਰ
ਫੋਨ: 408-493-9776

ਮਾੜੇ ਪ੍ਰਭਾਵਾਂ ਬਾਰੇ ਸਕੂਲੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਸਵੀਡਨ ਦੀ 16 ਸਾਲਾ ਗਰੇਟਾ ਥੁਨਬਰਗ ਨੂੰ ਵੀ ਸੱਦਿਆ।

ਉਨ੍ਹਾਂ ਨੇ ਕਾਨਫਰੰਸ ਤੋਂ ਇਕ ਦਿਨ ਪਹਿਲਾਂ ਯਾਨਿ 22 ਸਤੰਬਰ ਨੂੰ 'ਯੂਨਾਈਟਿਡ ਇਨ ਸਾਇੰਸ' ਨਾਂ ਦੀ ਇਕ ਰਿਪੋਰਟ, ਜੋ ਕਈ ਖੋਜ ਸੰਸਥਾਵਾਂ ਅਤੇ ਡਬਲਿਊ. ਐਮ. ਓ. ਵੱਲੋਂ ਤਿਆਰ ਕੀਤੀ ਗਈ ਹੈ, ਦਾ ਵੇਰਵਾ ਦਿੰਦਿਆਂ ਦੱਸਿਆ ਕਿ ਧਰਤੀ ਦਾ ਤਾਪਮਾਨ ਪਿਛਲੇ ਪੰਜ ਸਾਲਾਂ (2015-2019) ਵਿਚ ਉਦਯੋਗੀਕਰਨ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ 1.1 ਡਿਗਰੀ ਸੈਲਸੀਅਸ ਵਧ ਗਿਆ ਹੈ ਅਤੇ ਇਸ ਅਰਸੇ ਦਾ ਤਾਪਮਾਨ 2011-2015 ਦੇ ਅਰਸੇ ਤੋਂ ਵੀ 0.2 ਡਿਗਰੀ ਸੈਲਸੀਅਸ ਵੱਧ ਆਂਕਿਆ ਗਿਆ ਹੈ, ਜੋ ਬਹੁਤ ਹੀ ਚਿੰਤਾ ਦੀ ਗੱਲ ਹੈ। ਸੰਨ 2015 ਤੋਂ 2019 ਤੱਕ ਰਿਕਾਰਡ ਅਨੁਸਾਰ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ ਹਨ। ਤਾਪਮਾਨ ਦੇ ਇਸ ਵਾਧੇ ਦਾ ਅਸਰ ਅਲਾਸਕਾ ਤੋਂ ਯੂਰਪੀ ਦੇਸ਼ਾਂ ਦੇ ਨਾਲ ਨਾਲ ਰੂਸ, ਜਪਾਨ, ਆਸਟਰੇਲੀਆ ਅਤੇ ਹੋਰ ਦੇਸ਼ਾਂ ਤੱਕ ਦੇਖਣ ਨੂੰ ਮਿਲਿਆ ਹੈ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਕਿ ਗਰੀਨ ਹਾਊਸ ਗੈਸਾਂ ਦੇ ਵਿਕਾਸ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਕਾਰਬਨ ਡਾਇਆਕਸਾਈਡ ਦੀ ਉਦਯੋਗੀਕਰਨ ਦੇ ਸਮੇਂ ਤੋਂ ਪਹਿਲਾਂ ਵਾਤਾਵਰਨ ਵਿਚ ਮੌਜੂਦਗੀ 280 ਪੀ. ਪੀ. ਐਮ. (ਪਾਰਟਸ ਪ੍ਰਤੀ ਮਿਲੀਅਨ) ਸੀ, ਜੋ ਹੁਣ ਵਧ ਕੇ 410 ਪੀ. ਪੀ. ਐਮ. ਹੋ ਗਈ ਹੈ। ਇਹ ਗੈਸ ਤਾਪਮਾਨ ਨੂੰ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਤੋਂ ਬਿਨਾ ਮਿਥੇਨ ਅਤੇ ਨਾਈਟਰਸ ਆਕਸਾਈਡ ਗੈਸਾਂ ਵਿਚ ਉਦਯੋਗੀਕਰਨ ਦੀ ਮਾਤਰਾ ਤੋਂ ਕ੍ਰਮਵਾਰ 257% ਅਤੇ 122% ਵਾਧਾ ਹੋ ਗਿਆ ਹੈ।

ਤਾਪਮਾਨ ਦੇ ਵਾਧੇ ਨਾਲ ਧਰੁਵਾਂ ਉਤਲੀ ਸਮੁੰਦਰੀ ਬਰਫ 1979 ਤੋਂ 2018 ਤੱਕ ਦੇ ਅਰਸੇ ਵਿਚ 12% ਦੀ ਦਰ ਨਾਲ ਪ੍ਰਤੀ ਦਹਾਕਾ ਘੱਟ ਹੋ ਰਹੀ ਹੈ। ਸੰਨ 2015 ਤੋਂ 2019 ਦੇ ਅਰਸੇ ਵਿਚ ਆਰਕਟਿਕ ਧਰੁਵ ਉਤੇ ਬਰਫ ਦੀ ਚਾਦਰ ਘਟਣ ਨਾਲ ਅੱਤ ਦੀ ਗਰਮੀ ਅਤੇ ਸਰਦੀ ਦੀਆਂ ਘਟਨਾਵਾਂ ਵਿਚ ਯੂਰਪੀ ਦੇਸ਼ਾਂ ਦੇ ਨਾਲ ਨਾਲ ਅਮਰੀਕਾ ਤੇ ਰੂਸ ਵਿਚ ਆਏ ਸਾਲ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਸਮੁੰਦਰ ਦਾ ਜਲ ਪੱਧਰ, ਜੋ 1997 ਤੋਂ 2006 ਦੇ ਅਰਸੇ ਦੌਰਾਨ 3.94 ਮਿਲੀਮੀਟਰ ਦੀ ਸਾਲਾਨਾ ਦਰ ਨਾਲ ਵਧ ਰਿਹਾ ਸੀ, ਸੰਨ 2007 ਤੋਂ 2016 ਤੱਕ ਦੇ ਅਰਸੇ ਵਿਚ 4 ਮਿਲੀਮੀਟਰ ਦੀ ਦਰ ਨਾਲ ਵਧਿਆ ਹੈ।

ਰਿਪੋਰਟ ਦੇ ਹਵਾਲੇ ਪਿਛੋਂ ਗੁਟਰਸ ਨੇ ਭਾਵੁਕ ਹੁੰਦਿਆਂ ਕਿਹਾ ਕਿ ਹੁਣ ਕੁਦਰਤ, ਸਾਡੀਆਂ ਕੀਤੀਆਂ ਵਧੀਕੀਆਂ ਦਾ ਕੁਦਰਤੀ ਆਫਤਾਂ ਦੀ ਭਿਆਨਕਤਾ ਦੇ ਰੂਪ ਵਿਚ ਜਵਾਬ ਦੇ ਰਹੀ ਹੈ। ਇਸ ਲਈ ਜੇ ਅਸੀਂ ਆਪਣੇ ਬੱਚਿਆਂ ਦਾ ਭਵਿੱਖ ਬਚਾਉਣਾ ਚਾਹੁੰਦੇ ਹਾਂ ਤਾਂ ਗਰੀਨ ਹਾਊਸ ਗੈਸਾਂ ਵਿਚ ਹੁਣ ਤੋਂ ਹੀ ਭਾਰੀ ਕਮੀ ਕਰਕੇ ਤਾਪਮਾਨ ਦੇ ਵਾਧੇ 'ਤੇ ਠੱਲ੍ਹ ਪਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਕਾਨਫਰੰਸ ਵਿਚ ਗਰੇਟਾ ਨੇ ਦੁਨੀਆਂ ਦੇ ਨੇਤਾਵਾਂ ਅੱਗੇ ਮੌਸਮੀ ਤਬਦੀਲੀਆਂ ਬਾਰੇ ਆਪਣੇ ਵਿਚਾਰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਿਆਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਉਪਰਾਲੇ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਦੀ ਲੋੜ ਤੋਂ ਬਹੁਤ ਘੱਟ ਅਤੇ ਨਿਰਾਸ਼ਾਜਨਕ ਹਨ। ਲੋਕ ਦੁਖੀ ਹਨ ਅਤੇ ਮਰ ਰਹੇ ਹਨ। ਸਾਰਾ ਈਕੋ ਸਿਸਟਮ ਤਬਾਹ ਹੋ ਰਿਹਾ ਹੈ ਅਤੇ ਦੁਨੀਆਂ ਸਮੂਹਿਕ ਖਾਤਮੇ ਦੇ ਕੰਢੇ ਉਤੇ ਖੜ੍ਹੀ ਹੈ, ਪਰ ਤੁਸੀਂ (ਵੱਡੇ ਲੋਕ) ਧਨ-ਦੌਲਤ ਅਤੇ ਸਦੀਵੀ ਆਰਥਕ ਵਿਕਾਸ ਦੀਆਂ ਗੱਲਾਂ ਕਰ ਰਹੇ ਹੋ ਅਤੇ ਇਹ ਆਰਥਕ ਵਿਕਾਸ ਭਵਿੱਖ ਦੀਆਂ ਪੀੜ੍ਹੀਆਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਾਲੇ ਹਵਾ, ਪਾਣੀ, ਜ਼ਮੀਨ ਆਦਿ ਕੁਦਰਤੀ ਸਰੋਤਾਂ ਦੇ ਉਜਾੜੇ ਦੀ ਕੀਮਤ 'ਤੇ ਹੋ ਰਿਹਾ ਹੈ। ਤੁਹਾਡੀ ਹਿੰਮਤ ਕਿਵੇਂ ਹੋਈ ਸਾਰਾ ਭਵਿੱਖ ਧੁੰਦਲਾ ਕਰਨ ਦੀ? ਮੌਸਮੀ ਤਬਦੀਲੀਆਂ ਦੀ ਤਬਾਹੀ ਤੋਂ ਤੁਸੀਂ ਸਾਡੀ ਪੀੜ੍ਹੀ ਨੂੰ ਬਚਾਉਣ ਲਈ ਛੇਤੀ ਉਪਰਾਲੇ ਕਰਨੇ ਸ਼ੁਰੂ ਕਰ ਦੇਵੋ ਨਹੀਂ ਤਾਂ ਸਾਡੀ ਪੀੜ੍ਹੀ ਕਦੇ ਵੀ ਮੁਆਫ ਨਹੀਂ ਕਰੇਗੀ। ਬਹੁਤ ਹੀ ਭਾਵੁਕ ਹੋਈ ਗਰੇਟਾ ਨੇ ਕਿਹਾ ਕਿ ਤੁਸੀਂ ਖੋਖਲੇ ਵਾਅਦਿਆਂ ਨਾਲ ਪਿਛਲੇ ਤਿੰਨ ਦਹਾਕਿਆਂ ਤੋਂ ਸਾਡੇ ਨਾਲ ਧੋਖਾ ਕਰਦੇ ਆ ਰਹੇ ਹੋ ਅਤੇ ਸਾਡਾ ਬਚਪਨ ਅਤੇ ਸੁਪਨੇ ਖੋਹ ਲਏ ਹਨ।

ਗਰੇਟਾ ਦੇ ਭਾਸ਼ਣ ਵਿਚ ਕੋਈ ਅਤਿਕਥਨੀ ਵੀ ਨਹੀਂ ਸੀ, ਕਿਉਂਕਿ ਧਰਤੀ ਉਤਲੇ ਹਵਾ ਅਤੇ ਪਾਣੀ ਇੰਨੇ ਪ੍ਰਦੂਸ਼ਿਤ ਹੋ ਚੁਕੇ ਹਨ ਕਿ ਦੁਨੀਆਂ ਦੇ 90% ਬੱਚੇ ਹਰ ਰੋਜ਼ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੇ ਹਨ। ਵਿਸ਼ਵ ਸਿਹਤ ਸੰਸਥਾ (ਡਬਲਿਊ. ਐਚ. ਓ.) ਦੀ ਇਕ ਰਿਪੋਰਟ ਅਨੁਸਾਰ 2016 ਵਿਚ 6,00,000 ਬੱਚਿਆਂ ਦੀ ਮੌਤ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਣ ਕਾਰਨ ਹੋ ਗਈ ਸੀ। ਲੈਨਸੈਟ ਵਿਚ ਛਪੇ ਇਕ ਖੋਜ ਅਧਿਐਨ ਅਨੁਸਾਰ 2015 ਵਿਚ 1.8 ਮਿਲੀਅਨ ਲੋਕਾਂ ਦੀ ਮੌਤ ਪ੍ਰਦੂਸ਼ਿਤ ਪਾਣੀ ਨਾਲ ਹੋਈ ਸੀ। ਇਸ ਤੋਂ ਇਲਾਵਾ ਇਕ ਬਿਲੀਅਨ ਲੋਕ ਹਰ ਸਾਲ ਪ੍ਰਦੂਸ਼ਿਤ ਪਾਣੀ ਨਾਲ ਬਿਮਾਰ ਹੋ ਜਾਂਦੇ ਹਨ।

ਬੱਚਿਆਂ ਦੇ ਹੱਕਾਂ ਪ੍ਰਤੀ ਅਣਦੇਖੀ ਦੇ ਦੋਸ਼ ਕਾਰਨ ਗਰੇਟਾ ਅਤੇ 15 ਹੋਰ ਬੱਚਿਆਂ ਨੇ, ਜਿਨ੍ਹਾਂ ਦੀ ਉਮਰ 8 ਤੋਂ 17 ਸਾਲ ਹੈ, ਨੇ ਸੰਯੁਕਤ




***23 ਸਤੰਬਰ 2019 ਨੂੰ ਨਿਊ ਯਾਰਕ ਵਿਚ ਹੋਈ ਸੰਯੁਕਤ ਰਾਸ਼ਟਰ ਵਾਤਾਵਰਨ ਐਕਸ਼ਨ ਸਮਿਟ ਦੌਰਾਨ ਨੌਜਵਾਨ ਵਾਤਾਵਰਨ ਕਾਰਕੁਨ ਗਰੇਟਾ ਥਨਬਰਗ (ਐਨ ਸੱਜੇ) ਸੰਮੇਲਨ ਨੂੰ ਸੰਬੋਧਨ ਕਰਦੇ ਹੋਏ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰਸ (ਖੱਬੇ) ਉਸ ਵੱਲ ਦੇਖਦੇ ਹੋਏ।***




ਰਾਸ਼ਟਰ ਸੰਘ ਵਿਚ ਪੰਜ ਦੇਸ਼ਾਂ-ਜਰਮਨੀ, ਫਰਾਂਸ, ਬ੍ਰਾਜ਼ੀਲ, ਅਰਜਨਟੀਨਾ ਅਤੇ ਤੁਰਕੀ ਵਿਰੁਧ ਸ਼ਿਕਾਇਤ ਵੀ ਦਰਜ ਕਰਵਾਈ ਹੈ।

ਕਾਨਫਰੰਸ ਵਿਚ ਸ਼ਾਮਲ ਹੋਣ ਵਾਲੇ ਮੈਂਬਰਾਂ ਨੂੰ ਕਾਰਬਨ ਡਾਇਆਕਸਾਈਡ ਦੀ ਨਿਕਾਸੀ ਵਿਚ ਕਟੌਤੀ ਦੇ ਵਾਧੇ ਦੀ ਠੋਸ ਯੋਜਨਾਬੰਦੀ ਦੀ ਅਗਾਊਂ ਤਾਕੀਦ ਅਤੇ ਡਬਲਿਊ. ਐਚ. ਓ. ਦੀ ਨਵੀਂ ਰਿਪੋਰਟ ਵਿਚਲੇ ਤਾਪਮਾਨ ਦੇ ਵਾਧੇ ਦੇ ਭਿਆਨਕ ਤੱਥਾਂ ਦੇ ਨਾਲ ਨਾਲ ਬੱਚਿਆਂ ਦੀ ਧਰਤੀ ਉਤਲੇ ਵਾਤਾਵਰਨ ਨੂੰ ਬਚਾਉਣ ਦੀ ਉਮੀਦ ਭਰੇ ਭਾਸ਼ਣ ਅਤੇ ਕਾਨਫਰੰਸ ਤੋਂ ਤਿੰਨ ਦਿਨ ਪਹਿਲਾਂ ਵੱਖ ਵੱਖ ਦੇਸ਼ਾਂ ਵਿਚ ਹਜ਼ਾਰਾਂ ਥਾਂਵਾਂ ਉਤੇ ਹੋਏ ਰੋਸ ਮੁਜਾਹਰਿਆਂ ਦੇ ਬਾਵਜੂਦ ਗਰੀਨ ਹਾਊਸ ਗੈਸਾਂ ਦੀ ਫੌਰੀ ਕਟੌਤੀ ਬਾਰੇ ਅਤੇ ਭਵਿੱਖ ਵਿਚ ਕਟੌਤੀ ਦੇ ਵਾਧੇ ਲਈ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ।

ਕਾਨਫਰੰਸ ਵਿਚ ਅਮਰੀਕਾ, ਕੈਨੇਡਾ, ਆਸਟਰੇਲੀਆ, ਰੂਸ, ਸਾਊਦੀ ਅਰਬ ਅਤੇ ਬ੍ਰਾਜ਼ੀਲ ਵਰਗੇ ਦੇਸ਼ ਗੈਰਹਾਜ਼ਰ ਰਹੇ, ਜਿਨ੍ਹਾਂ ਤੋਂ ਕਾਰਬਨ ਨਿਕਾਸੀ ਦੀ ਕਟੌਤੀ ਦੀ ਵੱਡੀ ਆਸ ਸੀ। ਭਾਰਤ ਨੇ ਸਿਰਫ ਆਪਣੇ ਪੁਰਾਣੇ ਦਾਅਵਿਆਂ ਨੂੰ ਦੁਹਰਾਇਆ ਹੈ। ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਨੇ ਕਿਹਾ ਕਿ ਉਸ ਦਾ ਦੇਸ਼ 2038 ਤੱਕ ਕੋਇਲੇ ਦੀ ਵਰਤੋਂ ਬਿਲਕੁਲ ਬੰਦ ਕਰ ਦੇਵੇਗਾ। ਚੀਨ, ਜੋ ਅੱਜਕੱਲ੍ਹ ਗਰੀਨ ਹਾਊਸ ਗੈਸਾਂ ਦੀ ਕੁੱਲ ਨਿਕਾਸੀ ਦਾ 27% ਹਿੱਸਾ ਛੱਡ ਰਿਹਾ ਹੈ, ਉਹ ਇਸ ਕਾਨਫਰੰਸ ਵਿਚ ਬਿਲਕੁਲ ਚੁੱਪ ਰਿਹਾ। ਪੈਰਿਸ ਮੌਸਮੀ ਸੰਧੀ ਵਿਚ ਉਸ ਨੇ ਕਿਹਾ ਸੀ ਕਿ ਉਹ ਦੇਸ਼ ਦਾ ਪੂਰੇ ਆਰਥਕ ਵਿਕਾਸ ਤੋਂ ਬਾਅਦ 2030 ਤੋਂ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘਟਾਉਣਾ ਸ਼ੁਰੂ ਕਰੇਗਾ।

ਅਮਰੀਕਾ, ਜਿਸ ਨੇ ਹੁਣ ਤੱਕ ਵਾਤਾਵਰਣ ਵਿਚ ਸਭ ਦੇਸ਼ਾਂ ਤੋਂ ਵੱਧ ਗਰੀਨ ਹਾਊਸ ਗੈਸਾਂ ਛੱਡੀਆਂ ਹਨ, ਨੇ ਤਾਂ 2017 ਵਿਚ ਪੈਰਿਸ ਮੌਸਮੀ ਸੰਧੀ ਤੋਂ ਬਾਹਰ ਆਉਣ ਦਾ ਐਲਾਨ ਕੀਤਾ ਅਤੇ ਪਿਛਲੇ ਤਿੰਨ ਸਾਲਾਂ ਵਿਚ ਉਸ ਨੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਲਾਈਆਂ ਗਈਆਂ ਲਗਭਗ 85 ਪਾਬੰਦੀਆਂ ਹਟਾ ਲਈਆਂ ਹਨ। ਇਸ ਤਰ੍ਹਾਂ ਦੀ ਅਮਰੀਕਾ ਦੀ ਕਾਰਗੁਜ਼ਾਰੀ ਉਸ ਦੀ ਕਾਰਬਨ ਨਿਕਾਸੀ ਦੀ ਕਟੌਤੀ ਦੀ ਗੈਰ-ਸੰਜੀਦਗੀ ਨੂੰ ਸਪਸ਼ਟ ਦਰਸਾਉਂਦੀ ਹੈ।

ਇੱਥੇ ਹੀ ਬੱਸ ਨਹੀਂ! ਮੌਸਮੀ ਤਬਦੀਲੀ ਦੇ ਮੁੱਦੇ ਉਤੇ ਗੱਲ ਕਰਨ ਵਾਲੇ ਲੋਕਾਂ ਦਾ ਮੂੰਹ ਬੰਦ ਕਰਨ ਦੀ ਨੀਅਤ ਨਾਲ ਕੁਝ ਟੀ. ਵੀ. ਚੈਨਲਾਂ ਨੇ ਗਰੇਟਾ ਦਾ ਮਜ਼ਾਕ ਵੀ ਉਡਾਇਆ, ਜੋ ਬਹੁਤ ਹੀ ਸ਼ਰਮਿੰਦਗੀ ਵਾਲੀ ਗੱਲ ਹੈ।

ਕਾਨਫਰੰਸ ਵਿਚ ਲਗਭਗ 63 ਦੇਸ਼ਾਂ ਨੇ 2050 ਤੱਕ ਕਾਰਬਨ ਨਿਕਾਸੀ ਜ਼ੀਰੋ ਕਰਨ ਦੀ ਵਚਨਬੱਧਤਾ ਪ੍ਰਗਟਾਈ ਅਤੇ 100 ਵਪਾਰਕ ਆਗੂਆਂ ਨੇ ਕੁਦਰਤ ਪੱਖੀ ਆਰਥਕਤਾ ਦਾ ਵਾਅਦਾ ਕੀਤਾ। ਦੁਨੀਆਂ ਦੇ ਇੱਕ-ਤਿਹਾਈ ਬੈਂਕਿੰਗ ਸੈਕਟਰ ਨੇ ਵਾਤਾਵਰਣ ਸ਼ੁਧਤਾ ਲਈ ਹਾਮੀ ਭਰੀ ਹੈ, ਫਿਰ ਵੀ ਕਾਰਗੁਜ਼ਾਰੀ ਬਹੁਤ ਹੀ ਨਿਰਾਸ਼ਾਜਨਕ ਹੈ, ਕਿਉਂਕਿ ਤਾਪਮਾਨ ਦੇ ਵਾਧੇ ਨਾਲ ਦੁਨੀਆਂ ਦੇ ਵੱਖ ਵੱਖ ਦੇਸ਼ ਹਰ ਰੋਜ਼ ਤਰ੍ਹਾਂ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਦਾ ਸ਼ਿਕਾਰ ਹੋ ਰਹੇ ਹਨ। ਚਿੱਲੀ ਦੇ ਰਾਸ਼ਟਰਪਤੀ ਨੇ ਸੱਚ ਹੀ ਕਿਹਾ ਹੈ ਕਿ ਮੌਸਮੀ ਤਬਦੀਲੀਆਂ ਦੀ ਮਾਰ ਸਹਿਣ ਵਾਲੀ ਵੀ ਪਹਿਲੀ ਪੀੜ੍ਹੀ ਸਾਡੀ ਹੈ ਅਤੇ ਸਾਡੀ ਹੀ ਪੀੜ੍ਹੀ ਇਨ੍ਹਾਂ ਦੀ ਮਾਰ ਤੋਂ ਬਚਾਉਣ ਦੇ ਉਪਰਾਲੇ ਕਰਨ ਵਾਲੀ ਆਖਰੀ ਸਾਬਤ ਹੋ ਸਕਦੀ ਹੈ, ਪਰ ਇਹ ਪੀੜ੍ਹੀ ਹੀ ਉਪਰਾਲੇ ਕਰਨ ਤੋਂ ਪਿਛਲੇ ਤਿੰਨ ਦਹਾਕਿਆਂ ਤੋਂ ਕਤਰਾ ਰਹੀ ਹੈ। ਜੇ 1992 ਵਿਚ ਹੋਈ ਮੌਸਮੀ ਤਬਦੀਲੀਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਵਾਲੀ ਕਾਨਫਰੰਸ ਤੋਂ ਹੀ ਦੁਨੀਆਂ ਦੇ ਸਾਰੇ ਦੇਸ਼ ਉਪਰਾਲੇ ਕਰਨੇ ਸ਼ੁਰੂ ਕਰ ਦਿੰਦੇ ਤਾਂ ਹੁਣ ਤੱਕ ਤਾਪਮਾਨ ਦੇ ਵਾਧੇ ਉਤੇ ਕਾਬੂ ਪਾ ਲਿਆ ਹੁੰਦਾ। ਕੌਮਾਂਤਰੀ ਆਗੂਆਂ ਨੂੰ ਹੋਰ ਬਿਨਾ ਦੇਰੀ ਆਪਣੇ ਸੌੜੇ ਆਰਥਕ-ਰਾਜਸੀ ਹਿੱਤਾਂ ਨੂੰ ਲਾਂਭੇ ਰੱਖ ਕੇ ਵਿਗਿਆਨੀਆਂ ਦੀ ਸਲਾਹ ਮੰਨਦਿਆਂ ਕਾਰਬਨ ਨਿਕਾਸੀ ਦੀ ਕਟੌਤੀ ਵਿਚ ਤੇਜ਼ੀ ਨਾਲ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ।

ਵਾਤਾਵਰਣ ਦੇ ਮੁੱਦਿਆਂ 'ਤੇ ਜਾਗਰੂਕ ਹੋਏ ਬੱਚਿਆਂ ਅਤੇ ਜਵਾਨਾਂ ਦੀਆਂ ਮੰਗਾਂ ਨੂੰ ਅੱਖੋਂ-ਪਰੋਖੇ ਕਰਨ ਦੀ ਥਾਂ ਉਨ੍ਹਾਂ ਨਾਲ ਕੰਮ ਕਰਕੇ 21ਵੀਂ ਸਦੀ ਵਿਚ ਆ ਰਹੀਆਂ ਅਤੇ ਵਾਤਾਵਰਣ ਸਬੰਧੀ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਆਪਣੀ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਰੱਖਿਅਤ ਕਰ ਸਕੀਏ।

# ਅਜਿਹੀ ਗੈਰ-ਸੰਜੀਦਗੀ ਕਦੋਂ ਤੱਕ...

ਫਰਵਰੀ 2019 ਦੇ ਪਹਿਲੇ ਹਫਤੇ ਦੌਰਾਨ ਲਗਾਤਾਰ ਘੰਟਿਆਂ ਬੱਧੀ ਗਰਜ ਚਮਕ ਨਾਲ ਪੈਂਦੇ ਰਹੇ ਭਾਰੀ ਮੀਂਹ ਨੇ ਠੰਢ ਵਿਚ ਤਾਂ ਵਾਧਾ ਕੀਤਾ ਹੀ ਸੀ, ਲੋਕਾਂ ਦੀਆਂ ਪ੍ਰੇਸ਼ਾਨੀਆਂ ਵੀ ਬਹੁਤ ਹੱਦ ਤੱਕ ਵਧਾ ਦਿੱਤੀਆਂ। ਮੀਂਹ ਤੇ ਗੜੇਮਾਰੀ ਪਿੱਛੋਂ ਟਿਕਵੀਂ ਧੁੱਪ ਨਿਕਲਦਿਆਂ ਨੂੰ ਤੀਜਾ ਦਿਨ ਹੋ ਗਿਆ ਸੀ। ਬਸੰਤ ਸੀ ਉਸ ਦਿਨ। ਧੁੱਪ ਦੇ ਨਿੱਘ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਵਿਚ ਬੈਠਣ ਦੀ ਇੱਛਾ ਹਿਤ ਮੈਂ ਛੱਤ 'ਤੇ ਜਾ ਬੈਠਾ ਤੇ ਅਖਬਾਰਾਂ ਪੜ੍ਹਨ ਲੱਗ ਪਿਆ। ਕੁਝ ਮਿੰਟਾਂ ਪਿੱਛੋਂ ਹੀ ਮੇਰਾ ਧਿਆਨ ਮੇਰੇ ਐਨ ਨੇੜਿਉਂ ਆ ਰਹੀ ਕਿਸੇ ਧੀਮੀ ਜਿਹੀ ਅਵਾਜ਼ ਵੱਲ ਚਲਾ ਗਿਆ। ਵੇਖਿਆ ਤਾਂ ਛੱਤ ਨਾਲ ਘਿਸਰ ਘਿਸਰ ਕੇ ਤੇਜ਼ੀ ਨਾਲ ਖਿਸਕਦੀ ਜਾ ਰਹੀ ਪਤੰਗ ਉਡਾਉਣ ਵਾਲੀ ਡੋਰ ਨਜ਼ਰ ਆਈ। ਡੋਰ 'ਚ ਉਲਝਿਆ ਕਾਗਜ਼ ਦਾ ਛੋਟਾ ਜਿਹਾ ਟੁਕੜਾ ਅਵਾਜ਼ ਕਰ ਰਿਹਾ ਸੀ।

ਵੇਖਦਿਆਂ ਵੇਖਦਿਆਂ ਡੋਰ ਟੁੱਟ ਕੇ ਰੁਕ ਗਈ। ਚੁਫੇਰਿਓਂ ਛੱਤਾਂ 'ਤੇ ਚੜ੍ਹ ਕੇ ਪਤੰਗਾਂ ਉਡਾ ਰਹੇ ਬੱਚਿਆਂ ਦਾ ਰੌਲਾ ਸੁਣ ਰਿਹਾ ਸੀ। ਮੈਂ ਛੱਤ 'ਤੇ ਵਿਛੀ ਪਈ ਡੋਰ ਹੱਥਾਂ ਵਿਚ ਫੜ੍ਹ ਕੇ ਵੇਖਣ ਲਈ ਉਤਸੁਕ ਹੋ ਰਿਹਾ ਸਾਂ। ਅਜਿਹੀ ਡੋਰ ਮੈਂ ਪਹਿਲੀ ਵਾਰ ਵੇਖੀ ਸੀ। ਬਚਪਨ ਵਿਚ ਮੈਂ ਬੱਚਿਆਂ ਨੂੰ ਸੂਤ ਦੇ ਧਾਗੇ ਦੀ ਅੱਟੀ ਜਾਂ ਸੂਤੜੀ ਨਾਲ ਜਾਂ




ਫਿਰ ਹਲਕਾ ਜਿਹਾ ਮਾਂਝਾ ਲੱਗੀ ਡੋਰ ਨਾਲ ਪਤੰਗਾਂ ਉਡਾਉਂਦਿਆਂ ਵੇਖਿਆ ਸੀ। ਐਤਵਾਰ ਹੋਣ ਕਾਰਨ ਉਸ ਦਿਨ ਮੇਰਾ ਇੰਜੀਨੀਅਰ ਬੇਟਾ ਘਰ ਸੀ। ਉਸ ਨੇ ਦੱਸਿਆ ਕਿ ਇਹ ਤਾਂ ਚੀਨੀ ਡੋਰ ਹੈ। ਇਸ ਨੂੰ ਮੇਰਾ ਅਗਿਆਨ ਸਮਝੋ ਕਿ ਪਲਾਸਟਿਕ ਦੀ ਬਹੁਤ ਬਾਰੀਕ ਜਿਹੀ ਤਾਰ ਵਰਗੀ ਇਸ ਚੀਨੀ ਡੋਰ ਨੂੰ ਮੈਂ ਪਹਿਲੀ ਵਾਰ ਵੇਖ ਰਿਹਾ ਸਾਂ।

ਚੀਨੀ ਡੋਰ ਬਾਰੇ, ਉਸ ਨਾਲ ਹੁੰਦੇ ਹਾਦਸਿਆਂ ਬਾਰੇ, ਉਸ ਨਾਲ ਹੁੰਦੇ ਜਾਨੀ-ਮਾਲੀ ਨੁਕਸਾਨ ਬਾਰੇ ਹੁਣ ਤੱਕ ਪੜ੍ਹਿਆ ਸੁਣਿਆ ਤਾਂ ਬਹੁਤ ਕੁਝ ਸੀ, ਪਰ ਡੋਰ ਵੇਖਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਚੀਨੀ ਡੋਰ ਨੂੰ ਵੇਖਣਾ ਹੀ ਮੈਨੂੰ ਚੰਗਾ ਨਹੀਂ ਸੀ ਲੱਗ ਰਿਹਾ। ਪਿਛਲੇ ਕਈ ਸਾਲਾਂ ਤੋਂ ਇਹ ਡੋਰ ਲੋਕਾਂ ਦੀ ਜਾਨ ਦਾ ਖੌਅ ਬਣੀ ਚਲੀ ਆ ਰਹੀ ਹੈ। ਕਈ ਬੱਚੇ, ਕਈ ਰਾਹਗੀਰ, ਕਈ ਦੋਪਹੀਆ ਵਾਹਨ-ਚਾਲਕ ਅਣਭੋਲਪੁਣੇ ਵਿਚ ਹੀ ਇਸ ਦੀ ਲਪੇਟ ਵਿਚ ਆ ਕੇ ਆਪਣੀਆਂ ਕੀਮਤੀ ਜਾਨਾਂ ਗਵਾ ਚੁਕੇ ਹਨ। ਕਈ ਆਪਣੇ ਸਰੀਰ ਦਾ ਕੋਈ ਅੰਗ ਗਵਾ ਬੈਠੇ ਹਨ। ਕਈ ਹੋਰ ਲਹੂ ਲੁਹਾਨ ਹੋ ਚੁਕੇ ਹਨ। ਅਨੇਕ ਪਰਿੰਦੇ ਤੇ ਮਾਸੂਮ ਜਾਨਵਰ ਇਸ ਡੋਰ ਦੀ ਲਪੇਟ ਵਿਚ ਆ ਕੇ ਮਾਰੇ ਗਏ ਹਨ।

ਅਜਿਹਾ ਕਿਉਂ ਹੋ ਰਿਹਾ ਹੈ? ਇਸ ਪਿੱਛੇ ਕੀ ਕਾਰਨ ਹੋ ਸਕਦੇ ਹਨ? ਜਾਗਰੂਕ ਮਨੁੱਖ ਇਸ 'ਤੇ ਫਿਕਰਮੰਦੀ ਪ੍ਰਗਟ ਕਰਦਾ ਚਲਿਆ ਆ ਰਿਹਾ ਹੈ, ਪਰ ਵਪਾਰੀ ਬਿਰਤੀ ਵਾਲਾ ਮੁਨਾਫਾ ਕਮਾਉਣ ਵਾਲਾ ਮਨੁੱਖ (ਕਾਰੋਬਾਰੀ) ਹੈ ਕਿ ਉਸ ਦਾ ਮਨ ਨਹੀਂ ਪਸੀਜਦਾ? ਪੈਸਾ ਹੀ ਉਸ ਦਾ ਭਗਵਾਨ ਹੈ।

ਚੀਨੀ ਡੋਰ ਨੂੰ ਹੱਥਾਂ ਨਾਲ ਛੂਹਣ ਤੇ ਨੇੜਿਓਂ ਵੇਖਣ ਪਿੱਛੋਂ ਉਸ ਦਾ ਹੋਰ ਵਧੇਰੇ ਵਿਕਰਾਲ ਰੂਪ ਮੇਰੇ ਜ਼ਿਹਨ ਵਿਚ ਉਘੜ ਆਉਂਦਾ ਹੈ। ਉਹ ਡੋਰ ਜਦੋਂ ਇਕ ਕੋਝੇ, ਘਟੀਆ ਤੇ ਮਾਰੂ ਹਥਿਆਰ ਵਜੋਂ ਆਪਣਾ ਘਿਣਾਉਣਾ ਪ੍ਰਭਾਵ ਬਣਾ ਕਰ ਚੁਕੀ ਹੈ ਤਾਂ ਪਤੰਗ ਉਡਾਉਣ ਵਾਲੇ ਇਕ ਉਤਪਾਦ ਵਜੋਂ ਉਸ ਦੀ ਉਪਯੋਗਤਾ ਤੇ ਭਰੋਸੇਯੋਗਤਾ ਮਨੁੱਖੀ ਮਨ ਵਿਚੋਂ ਮਨਫੀ ਹੋ ਚੁਕੀ ਪ੍ਰਤੀਤ ਹੁੰਦੀ ਹੈ।

ਇਸ ਚੰਦਰੀ ਡੋਰ ਨਾਲ ਹੁੰਦੇ ਹਾਦਸਿਆਂ ਬਾਰੇ ਪੜ੍ਹ ਸੁਣ ਕੇ ਮਨ ਹਿਰਖ ਤੇ ਸੋਗ ਨਾਲ ਵਲੂੰਧਰਿਆ ਜਾਂਦਾ ਹੈ। ਡੋਰ ਵੇਖ/ਛੂਹ ਕੇ ਹੀ ਦਹਿਲ ਜਾਣ ਦੀ ਭਾਵੁਕਤਾ ਤੇ ਸੰਵੇਦਨਾ ਤੋਂ ਮੈਂ ਅਜੇ ਤੱਕ ਖਹਿੜਾ ਨਹੀਂ ਛੁਡਾ ਸਕਿਆ। ਮੈਂ ਪਤੰਗ ਉਡਾਉਣ ਵਾਲੀ ਸਾਧਾਰਨ ਡੋਰ, ਸਾਹਾਂ ਦੀ ਡੋਰ (ਤੰਦ), ਕਠਪੁਤਲੀ ਦੀ ਡੋਰ, ਅਧਿਆਤਮ ਦੇ ਖੇਤਰ ਵਿਚ ਚਰਚਾ ਵਿਚ ਆਉਂਦੀ ਡੋਰ (ਤੇ ਪਤੰਗ) ਆਦਿ ਬਾਰੇ ਸੋਚਣ ਲੱਗ ਜਾਂਦਾ ਹਾਂ। ਸਾਹਮਣੇ ਛੱਤਾਂ 'ਤੇ ਨਜ਼ਰ ਆਉਂਦੇ ਪਤੰਗ ਉਡਾ ਰਹੇ ਬੱਚਿਆਂ ਨੂੰ ਮੈਂ ਚੀਨੀ ਡੋਰ ਨਾ ਵਰਤਣ ਦੀ ਸਲਾਹ ਦੇਣੀ ਚਾਹੁੰਦਾ ਹਾਂ, ਪਰ ਉਹ ਪਤੰਗ ਉਡਾਉਣ ਦੇ ਲੁਤਫ ਵਿਚ ਇਸ ਹੱਦ ਤੱਕ ਮਸਤ ਹਨ ਕਿ ਉਨ੍ਹਾਂ ਕੋਲ ਕਿਸੇ ਨੂੰ ਸੁਣਨ ਦੀ ਵਿਹਲ ਨਹੀਂ।

ਸਟਰਲਿੰਗ ਹਾਈਟਸ ਫੰਡ ਰੇਜ਼ਿੰਗ ਕਮੇਟੀ ਵਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 11ਵਾਂ ਸਾਲਾਨਾ ਵਿਰਾਸਤ-ਏ-ਪੰਜਾਬ ਸਭਿਆਚਾਰਕ ਸ਼ਾਮ ਤੇ ਫੰਡ ਰੇਜ਼ਿੰਗ ਡਿਨਰ

**19 ਅਕਤੂਬਰ 2019** *ਸ਼ਾਮ 6 ਵਜੇ ਤੋਂ ਰਾਤ 11 ਵਜੇ ਤੱਕ*

**St. Lucy Croatian Catholic Church**
200 E. Wattles Road, Troy, MI 48085



ਸੱਤੀ ਸਤਵਿੰਦਰ

ਇਸ ਮੌਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆਵਾਂ ਬਾਰੇ ਬੱਚਿਆਂ ਤੇ ਵੱਡਿਆਂ ਲਈ ਸਵਾਲ-ਜਵਾਬ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ। ਬੱਚਿਆਂ ਦੇ ਦਸਤਾਰ ਅਤੇ ਕੇਸਕੀ ਸਜਾਉਣ ਸਬੰਧੀ ਵੀ ਪ੍ਰੋਗਰਾਮ ਹੋਵੇਗਾ।

ਇਸ ਤੋਂ ਇਲਾਵਾ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਵੰਨਗੀਆਂ ਵੇਖਣ ਨੂੰ ਮਿਲਣਗੀਆਂ। ਸਥਾਨਕ ਕਲਾਕਾਰ ਕੇ. ਵੀ. ਸਿੰਘ ਅਤੇ ਬੀਬੀ ਦਵਿੰਦਰ ਕੌਰ ਤੋਂ ਇਲਾਵਾ ਸੱਤੀ ਸਤਵਿੰਦਰ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਉਣਗੇ। 'ਰਾਖੇ ਵਿਰਸੇ ਦੇ' ਭੰਗੜਾ ਅਕੈਡਮੀ ਦੇ ਬੱਚੇ, ਜਵਾਨ ਤੇ ਮੁਟਿਆਰਾਂ ਭੰਗੜੇ ਤੇ ਗਿੱਧੇ ਦੇ ਜੌਹਰ ਦਿਖਾਉਣਗੇ।

ਪ੍ਰੋਗਰਾਮ ਦੌਰਾਨ ਸ਼ੁੱਧ ਵੈਸ਼ਨੂੰ ਭੋਜਨ ਪਰੋਸਿਆ ਜਾਵੇਗਾ। ਕਿਸੇ ਤਰ੍ਹਾਂ ਦਾ ਨਸ਼ਾ ਤੇ ਸ਼ਰਾਬ ਪੀ ਕੇ ਆਉਣ ਦੀ ਸਖਤ ਮਨਾਹੀ ਹੈ। ਸਿਕਿਉਰਿਟੀ ਦਾ ਖਾਸ ਪ੍ਰਬੰਧ ਹੋਵੇਗਾ।




**ਸਪਾਂਸਰ ਕਰਨ, ਟੇਬਲ ਬੁੱਕ ਕਰਨ ਅਤੇ ਟਿਕਟਾਂ ਲਈ ਸੰਪਰਕ ਕਰੋ:**

ਅਮਰੀਕ ਸਿੰਘ ਫੋਨ: 586-604-4928
ਸਤਗੁਰੂ ਸਿੰਘ 586-873-2044
ਗੁਰਮੀਤ ਸਿੰਘ 586-873-4479
ਸੁਰਿੰਦਰਜੀਤ ਸਿੰਘ ਫੋਨ: 586-873-3444
ਹਰਮੀਤ ਸਿੰਘ 586-489-8398

*ਇਸ ਪ੍ਰੋਗਰਾਮ ਦੇ ਖਰਚੇ ਤੋਂ ਬਾਅਦ 100% ਇਕੱਤਰ ਹੋਇਆ ਫੰਡ ਗੁਰਦੁਆਰਾ ਸਟਰਲਿੰਗ ਹਾਈਟਸ ਨੂੰ ਦਿੱਤਾ ਜਾਵੇਗਾ।*

## ਟਿਕਟਾਂ

**$250 ਫੈਮਿਲੀ ਟਿਕਟ**
**$150-ਜੋੜਾ ਤੇ $100-ਸਿੰਗਲ**
**ਸੀਨੀਅਰਾਂ ਲਈ ਡਿਸਕਾਊਂਟ**

ਬੱਚਿਆਂ ਦੇ ਮਨੋਰੰਜਨ ਲਈ ਜਾਦੂ ਦਾ ਸ਼ੋਅ ਸ਼ਾਮ 6 ਵਜੇ ਤੋਂ 6:45 ਵਜੇ ਤੱਕ ਹੋਵੇਗਾ



ਫੰਡ ਰੇਜ਼ਿੰਗ ਕਮੇਟੀ

## ਸਾਡੇ ਸਪਾਂਸਰ

**ਡਾ. ਮਨਦੀਪ ਸਿੰਘ ਅਟਵਾਲ, ਡਾ. ਸਚਿੰਦਰ ਸਿੰਘ ਹੰਸ, ਇੰਦਰਜੀਤ ਦਲਜੀਤ ਬਾਠ, ਨਿਰਮਲ ਸਿੰਘ ਬਾਠ, ਗੁਰਦੀਪ ਸਿੰਘ ਤੇ ਅੰਮ੍ਰਿਤਪਾਲ ਸਿੰਘ**

ਅਮਰਜੀਤ ਸਿੰਘ, ਅੰਗਦਪਾਲ ਸਿੰਘ, ਅਮਰੀਕ ਸਿੰਘ, ਅਭਿਨਵ ਸਿੰਘ ਦਿਓਲ, ਬਲਜਿੰਦਰ ਸਿੰਘ ਰੰਧਾਵਾ, ਬੂਟਾ ਸਿੰਘ, ਡਾ. ਸਰਬਜੀਤ ਸਿੰਘ ਨੀਲਮ, ਡਾ. ਰੁਪੀਨਾ ਸੰਘਾ, ਡਾ. ਲੋਪੋ, ਡਾ. ਇੰਦਰਜੀਤ ਸੈਣੀ, ਗੁਰਬਚਨ ਸਿੰਘ ਖਾਲਸਾ, ਗੁਰਦਰਸ਼ਨ ਸਿੰਘ ਧਾਲੀਵਾਲ, ਗੁਰਦੇਵ ਸਿੰਘ ਗਿੱਲ, ਗੁਰਮੀਤ ਸਿੰਘ ਸਰਾਓ, ਹਰਮੀਤ ਸਿੰਘ ਧਨੋਆ, ਜਸਜੀਤ ਸਿੰਘ ਗਿੱਲ, ਜਸਪਾਲ ਸਿੰਘ ਬਾਰਨ, ਜਸਵਿੰਦਰ ਸਿੰਘ ਜੱਸੜ, ਕੁਲਦੀਪ ਸਿੰਘ ਲਿੱਧੜ, ਕੁਲਵਿੰਦਰ ਸਿੰਘ ਗਿੱਲ, ਮਨਵਿੰਦਰ ਸਿੰਘ ਤਲਵਾਰ, ਨਰਿੰਦਰ ਪਰਮਜੀਤ ਹੀਰ, ਪਰਮਿੰਦਰ ਸਿੰਘ ਮਾਂਗਟ, ਪਰਵਿੰਦਰ ਸਿੰਘ ਸਰਾਓ, ਸਤਗੁਰੂ ਸਿੰਘ ਘੁੰਮਣ, ਸਿਮਰਨ ਸਿੰਘ ਅਲੱਗ, ਸੁਰਿੰਦਰਜੀਤ ਸਿੰਘ ਕਾਹਲੋਂ, ਜੀਤ ਸਿੰਘ, ਜਤਿੰਦਰ ਸਿੰਘ ਬੱਤਰਾ, ਦਲਜੀਤ ਸਿੰਘ ਅਰੋੜਾ, ਚਰਨਜੀਤ ਸਿੰਘ ਚਾਵਾ।

# ਸਫਰ ਦੀਆਂ ਛੱਲਾਂ



ਕਲਾ ਪਰਿਕਰਮਾ

ਮਨੁੱਖ ਦੇ ਜਨਮ ਤੋਂ ਲੈ ਕੇ ਉਸ ਦੀ ਜ਼ਿੰਦਗੀ ਦੇ ਸਫਰ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਮੰਜੇ 'ਤੇ ਪਿਆ ਬੱਚਾ ਉਪਰ-ਥੱਲੇ, ਅੱਗੇ-ਪਿੱਛੇ ਪੈਰ ਮਾਰਨੇ ਸ਼ੁਰੂ ਕਰ ਦਿੰਦਾ ਹੈ। ਬੈਠਦਾ ਹੈ, ਖੜ੍ਹਾ ਹੁੰਦਾ ਹੈ, ਕਦਮ ਪੁੱਟਦਾ ਹੈ ਤੇ ਹੌਲੀ-ਹੌਲੀ ਉਸ ਦਾ ਤੁਰਨ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਜੀਵਨ ਦੇ ਸਫਰ, ਚਾਲ, ਹਰ ਮੋੜ, ਰੰਗ-ਢੰਗ, ਹਰ ਦੌਰ ਦੇ ਪੜਾਵਾਂ, ਸਫਰ ਸਾਧਨਾਂ ਅਤੇ ਸਫਰ ਦੇ ਅਨੁਭਵ ਦਾ ਕਿਸੇ ਨਾ ਕਿਸੇ ਰੂਪ ਵਿਚ ਜ਼ਿਕਰ ਹੁੰਦਾ ਆਇਆ ਹੈ। ਪੈਦਲ ਤੁਰਦਿਆਂ ਸੈਂਕੜੇ ਕੋਹਾਂ ਦਾ ਪੈਂਡਾ ਕਰਦੇ ਰਹਿਣ ਤੋਂ ਲੈ ਕੇ ਲੋਕ ਊਠਾਂ-ਬੋਤਿਆਂ, ਘੋੜੇ-ਘੋੜੀਆਂ, ਗੱਡੇ, ਟਾਂਗਿਆਂ, ਯੱਕਿਆਂ, ਬੱਘੀਆਂ, ਪਾਲਕੀਆਂ, ਰੱਥਾਂ ਆਦਿ ਦੀ ਸਵਾਰੀ ਕਰਦੇ ਆਏ ਹਨ। ਮਨੁੱਖ ਨੇ ਪੈਦਲ

**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: +91-98885-10185**

ਚੱਲਦਿਆਂ ਸਦੀਆਂ ਲੰਮਾ ਪੰਧ ਤੈਅ ਕੀਤਾ ਹੈ। ਪੰਜਾਬੀ ਲੋਕ ਗੀਤਾਂ ਵਿਚ ਲੰਮੇ ਪੈਂਡਿਆਂ 'ਤੇ ਪੈਦਲ ਤੁਰਨ ਦੀ ਗੱਲ ਹੁੰਦੀ ਆਈ ਹੈ:

ਸਹੁਰੇ ਪਿੰਡ ਦੀਆਂ ਲੰਮੀਆਂ ਵਾਟਾਂ
ਹਾਏ ਪੁਆੜਾ ਪੈ ਗਿਆ
ਯੱਕਾ ਤਾਂ ਭਾੜੇ ਕੋਈ ਨਾ ਕੀਤਾ
ਮਾਹੀਆ ਪੈਦਲ ਲੈ ਗਿਆ

ਫਿਰ ਬੋਤੇ ਦੀ ਸਵਾਰੀ ਕਰ ਕੇ ਦੂਰ-ਨੇੜੇ ਆਉਣ ਜਾਣ ਦੀ ਸਹੂਲਤ ਮਿਲ ਜਾਣ 'ਤੇ ਪੈਦਲ ਚੱਲਣ ਵਾਲਾ ਮਨੁੱਖ ਕੁਝ ਹੱਦ ਤਕ ਸੁੱਖ ਦਾ ਸਾਹ ਲੈਂਦਾ ਹੈ। ਬੋਤੇ ਦੀ ਸਵਾਰੀ ਨੂੰ ਮਾਣ, ਟੌਹਰ ਤੇ ਸ਼ਾਨ ਵਾਲੀ ਗੱਲ ਸਮਝਿਆ ਜਾਂਦਾ ਸੀ।

ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ
ਸੋਨੇ ਦੇ ਤਵੀਤਾਂ ਵਾਲਿਆਂ...
ਜਿਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ
ਬੋਤਾ ਜੀਵੇ ਚੀਨੇ ਰੰਗ ਦਾ...
ਬੋਤਾ ਹੌਲੀ ਤੋਰ ਮਿੱਤਰਾ
ਮੇਰਾ ਨਰਮ ਕਾਲਜਾ ਧੜਕੇ...

ਪੁਰਾਣੇ ਸਮਿਆਂ ਵਿਚ ਊਠ ਮਨੁੱਖ ਦਾ ਨੇੜਲਾ ਸਾਥੀ ਸਮਝਿਆ ਜਾਂਦਾ ਸੀ। ਪੰਜਾਬ ਦੇ ਮਾਲਵਾ ਖਿੱਤੇ ਵਿਚ ਬੋਤਾ ਸਰਦੇ-ਪੁੱਜਦੇ ਘਰਾਂ ਦੀ ਸ਼ਾਨ ਹੁੰਦਾ ਸੀ। ਮਾਲਵੇ ਵਿਚ ਊਠ ਨੂੰ ਵਧੇਰੇ



ਕਰਕੇ ਬੋਤਾ ਕਿਹਾ ਜਾਂਦਾ ਹੈ। ਪੰਜਾਬੀ ਲੋਕ ਜੀਵਨ ਵਿਚ ਊਠ ਦਾ ਆਰਥਿਕ ਤੇ ਸਮਾਜਿਕ ਮਹੱਤਵ ਬਣਿਆ ਰਿਹਾ ਹੈ। ਮਾਲਵੇ ਵਿਚ ਹੀ ਨਹੀਂ ਪੰਜਾਬੀਆਂ ਵਿਚ ਊਠ ਨੂੰ ਬੋਤਾ ਕਹਿ ਕੇ ਵਡਿਆਉਣਾ ਵਧੇਰੇ ਪ੍ਰਚਲਿਤ ਰਿਹਾ ਹੈ। ਆਵਾਜਾਈ, ਢੋਆ-ਢੁਆਈ ਤੇ ਸਫਰ ਵਾਸਤੇ ਊਠ ਮਨੁੱਖ ਵਾਸਤੇ ਬੇਹਦ ਉਪਯੋਗੀ ਜਾਨਵਰ ਹੈ। ਦੂਰ-ਨੇੜੇ ਸਾਕਾਦਾਰੀ ਵਿਚ ਆਉਣ-ਜਾਣ, ਕੰਮਕਾਰ ਜਾਣ ਆਉਣ, ਮੌਜ-ਮਸਤੀ ਕਰਨ ਲਈ ਜਾਂ ਮੇਲੇ ਜਾਣ ਲਈ ਊਠਾਂ ਤੇ ਘੋੜਿਆਂ ਨੂੰ ਸ਼ਿੰਗਾਰਿਆ ਜਾਂਦਾ ਸੀ ਤੇ ਉਨ੍ਹਾਂ 'ਤੇ ਸਵਾਰੀ ਕੀਤੀ ਜਾਂਦੀ ਸੀ:

ਸੋਹਣੀ ਰੰਨ ਦੇ ਮੁਕੱਦਮੇ ਜਾਣਾ
ਊਠਣੀ ਸ਼ਿੰਗਾਰ ਮੁੰਡਿਆ...
ਊਠਾਂ ਵਾਲਿਆਂ ਨੂੰ ਨਾ ਦੇਈਂ ਮੇਰੀ ਮਾਏ
ਤੜਕੇ ਉਠ ਕੇ ਲੱਦ ਜਾਣਗੇ
ਸਾਡੇ ਧਰੇ ਮੁਕਲਾਵੇ ਛੱਡ ਜਾਣਗੇ...

ਘੋੜਾ ਮਨੁੱਖ ਦੇ ਮਿੱਤਰ ਤੇ ਵਫਾਦਾਰ ਜਾਨਵਰਾਂ ਵਿਚੋਂ ਬੜੇ ਸੁੰਦਰ ਤੇ ਚੁਸਤ ਜਾਨਵਰ ਵਜੋਂ ਜਾਣਿਆ ਜਾਂਦਾ ਹੈ। ਘੋੜੇ ਦੇ ਦੌੜਨ ਦੀ ਸਮਰੱਥਾ/ਸ਼ਕਤੀ ਉਸ ਦੇ ਦੌੜਨ ਦੀ ਗਤੀ ਤੇ ਉਸ ਦੇ ਫੁਰਤੀਲੇਪਣ ਤੋਂ ਕੁਲ ਦੁਨੀਆ ਵਾਕਿਫ ਹੈ। ਘੋੜੇ ਨੂੰ ਲੰਮੀ ਦੌੜ ਦੌੜਨ ਵਾਲੇ ਬੇਹੱਦ ਤਾਕਤਵਰ ਜਾਨਵਰ ਵਜੋਂ ਜਾਣਿਆ ਜਾਂਦਾ ਹੈ। ਘੋੜੇ ਦੀ ਸਵਾਰੀ ਕਰਨ ਵਿਚ ਮਨੁੱਖ ਹਮੇਸ਼ਾਂ ਮਾਣ ਮਹਿਸੂਸ ਕਰਦਾ ਆਇਆ ਹੈ:

ਤੂੰ ਘੋੜੇ ਮੈਂ ਪਾਲਕੀ
ਚੱਲਾਂਗੇ ਹੰਸਾਂ ਦੀ ਚਾਲ, ਮੈਂ ਵਾਰੀ...
ਵਿਹੜੇ ਤਾਂ ਸਾਡੀ ਹਰੀ ਫੁਲਾਹੀ
ਮੋੜ ਘੋੜਾ ਬਹਿ ਜਾਈਂ
ਛਾਵੇਂ ਵੀ ਬਹਿ ਗਿਆ, ਗੱਲਾਂ ਵੀ ਕਰ ਗਿਆ
ਉਹੋ ਮਾਹੀ ਸਾਨੂੰ ਛਲ ਗਿਆ

ਊਠ ਤੇ ਘੋੜੇ ਦੀ ਸਵਾਰੀ ਦੇ ਨਾਲ ਹਾਥੀ ਦੀ ਸਵਾਰੀ ਵੀ ਸ਼ਾਹੀ ਸਵਾਰੀ ਸਮਝੀ ਜਾਂਦੀ ਸੀ। ਰਾਜੇ-ਮਹਾਰਾਜੇ ਹਾਥੀ ਦੀ ਸਵਾਰੀ ਕਰਦੇ ਸਨ। ਕਾਫਲਿਆਂ ਵਿਚ ਸ਼ਾਹੀ ਠਾਠ ਨਾਲ ਨਿਕਲਦੇ ਸਨ। ਪੰਜਾਬੀ ਲੋਕ ਜੀਵਨ ਵਿਚ ਗੱਡੇ ਦੀ ਸਵਾਰੀ ਦਾ ਆਪਣਾ ਦੌਰ ਵੀ ਰਿਹਾ ਹੈ ਤੇ ਮਹੱਤਵ ਵੀ। ਗੱਡਾ ਅਸਲ ਵਿਚ ਭਾਰ ਢੋਣ ਵਾਲੀ ਅਤੇ ਆਵਾਜਾਈ ਵਾਸਤੇ ਵਰਤੋਂ ਵਿਚ ਲਿਆਉਣ ਵਾਲੀ ਬੈਲਗੱਡੀ ਹੁੰਦੀ ਸੀ। ਇਸ 'ਤੇ ਘਰ ਦਾ ਸਾਜ਼ੋ ਸਾਮਾਨ, ਖੇਤਾਂ ਵਿਚ ਵਰਤਣ ਵਾਲੀਆਂ ਚੀਜ਼ਾਂ ਤੇ ਫਸਲ ਦੀਆਂ ਜਿਣਸਾਂ ਨੂੰ ਢੋਇਆ ਜਾਂਦਾ ਸੀ। ਸਮਾਜਿਕ ਇਕੱਠਾਂ ਤੇ ਵਿਆਹਾਂ 'ਤੇ ਜਾਣ ਲਈ ਵੀ ਬੈਲਗੱਡੀ ਬੜੀ ਉਪਯੋਗੀ ਸਵਾਰੀ ਹੁੰਦੀ ਸੀ। ਲੰਮੇ ਸਫਰ 'ਤੇ ਨਿਕਲਣ ਲਈ ਬੈਲਗੱਡੀ ਦੇ ਪਿੱਛੇ ਵਾਧੂ ਬਲਦ ਬੰਨ੍ਹ ਲਿਆ ਜਾਂਦਾ ਸੀ। ਖਾਣ-ਪੀਣ ਦੇ ਪਦਾਰਥ ਵੀ ਨਾਲ ਲੈ ਲਏ ਜਾਂਦੇ ਸਨ। ਪਸ਼ੂਆਂ ਲਈ ਪੱਠਾ-ਦੱਥਾ ਵੀ ਗੱਡੇ 'ਤੇ ਰੱਖ ਲਿਆ ਜਾਂਦਾ ਸੀ। ਗੱਡੇ ਥੱਲੇ ਇਕ ਲਾਲਟੈਣ ਵੀ ਬੰਨ੍ਹ ਲਈ ਜਾਂਦੀ ਸੀ ਜਿਸ ਨੂੰ ਹਨੇਰਾ ਹੋਣ 'ਤੇ ਜਗਾ ਲਿਆ ਜਾਂਦਾ ਸੀ। ਜਿਨ੍ਹਾਂ ਲੋਕਾਂ ਕੋਲ ਗੱਡੇ ਹੁੰਦੇ ਸਨ, ਉਹ ਸਰਦੇ-ਪੁੱਜਦੇ ਹੁੰਦੇ ਸਨ ਤੇ ਪਿੰਡਾਂ ਵਿਚ ਉਨ੍ਹਾਂ ਦਾ ਚੰਗਾ ਮਾਣ ਸਤਿਕਾਰ ਹੁੰਦਾ ਸੀ। ਇਸ ਦੋਪਹੀਆ ਵਾਹਨ ਨੂੰ ਠੇਲ੍ਹਾ ਵੀ ਕਹਿ ਲਿਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਗੱਡੇ ਦਾ ਜ਼ਿਕਰ ਕਈ ਕੋਣਾਂ ਤੋਂ ਕੀਤਾ ਗਿਆ ਮਿਲਦਾ ਹੈ:

ਗੱਡ ਗਡੀਰੇ ਵਾਲਿਆ ਗੱਡ ਹੌਲੀ-ਹੌਲੀ ਤੋਰ
ਮੇਰੇ ਦੁਖਣ ਕੰਨਾਂ ਦੀਆਂ ਵਾਲੀਆਂ ਤੇ
ਦਿਲ ਨੂੰ ਪੈਂਦੇ ਹੌਲ...
ਸਣੇ ਬਲਦ ਗੱਡਾ ਪੁੰਨ ਕੀਤਾ
ਵੀਰ ਮੇਰੇ ਧਰਮੀ ਨੇ...
ਗੱਡਾ ਆ ਗਿਆ ਸੰਦੂਕੋਂ ਖਾਲੀ
ਬਹੁਤਿਆਂ ਭਰਾਵਾਂ ਵਾਲੀਏ...

ਗੱਡੇ ਨੂੰ ਘੋੜੇ, ਖੱਚਰ, ਬਲਦ ਆਦਿ ਜਾਨਵਰਾਂ ਨਾਲ ਖਿੱਚਿਆ ਜਾ ਸਕਦਾ ਹੈ। ਗੱਡੇ ਨੂੰ ਖਿੱਚਣ ਵਾਲੇ ਜਾਨਵਰ ਅਨੁਸਾਰ ਉਸ ਨੂੰ ਬੈਲਗੱਡੀ, ਘੋੜਾ ਗੱਡੀ ਜਾਂ ਖੱਚਰ ਗੱਡੀ ਜਾਂ ਖੱਚਰ ਰੇਹੜਾ ਕਹਿ ਲਿਆ ਜਾਂਦਾ ਹੈ। ਪਹਿਲਾਂ ਗੱਡੇ ਦੇ ਪਹੀਏ ਲੱਕੜ ਦੇ ਬਣੇ ਹੁੰਦੇ ਸਨ। ਫਿਰ ਹੌਲੀ-ਹੌਲੀ ਟਾਇਰ-ਟਿਊਬ ਵਾਲੇ ਪਹੀਆਂ ਵਾਲੇ ਗੱਡਿਆਂ ਦਾ ਰੁਝਾਨ ਵਧਦਾ ਗਿਆ।

ਰੱਥ 'ਤੇ ਸਵਾਰੀ ਕਰਨ ਨੂੰ ਮਾਣ ਵਾਲੀ ਗੱਲ ਸਮਝਿਆ ਜਾਂਦਾ ਸੀ। ਦੋ ਗੁੰਬਦਾਂ ਦੀ ਸ਼ਕਲ ਵਾਲੇ ਰੱਥ ਨੂੰ ਬਲਦਾਂ ਦੀ ਜੋੜੀ ਖਿੱਚਦੀ ਸੀ। ਰੱਥ 'ਤੇ ਬਹੁਤ ਜਚਦੇ-ਫੱਬਦੇ ਤੇ ਸੋਹਣੇ ਲੱਗਣ ਵਾਲੇ ਝੁੰਮਣ ਪਾਏ ਹੁੰਦੇ ਸਨ ਤੇ ਬਲਦਾਂ ਦੇ ਗਲਾਂ ਵਿਚ ਰੰਗਦਾਰ ਰੱਸੀਆਂ ਵਿਚ ਘੁੰਗਰੂ, ਮਣਕੇ, ਟੱਲੀਆਂ ਤੇ ਫੁੰਮਣੀਆਂ ਪਰੋ ਕੇ ਪਾਈਆਂ ਹੁੰਦੀਆਂ ਸਨ। ਬਲਦਾਂ ਨੂੰ ਬਹੁਰੰਗੀਆਂ ਰੱਸੀਆਂ ਨਾਲ ਸ਼ਿੰਗਾਰਿਆ ਜਾਂਦਾ ਸੀ। ਉਨ੍ਹਾਂ ਦੇ ਸਿੰਗਾਂ 'ਤੇ ਰੰਗ-ਬਿਰੰਗੀਆਂ ਚੁੰਨੀਆਂ ਬੰਨ੍ਹੀਆਂ ਜਾਂਦੀਆਂ ਸਨ। ਇੰਜ ਉਹ ਰੱਥ ਬੜੇ ਸੋਹਣੇ ਲੱਗਦੇ ਸਨ। ਬਰਾਤਾਂ ਰੱਥਾਂ, ਬਲਦਾਂ ਵਾਲੇ ਗੱਡੇ-ਗੱਡੀਆਂ, ਟਾਂਗਿਆਂ ਆਦਿ 'ਤੇ ਜਾਂਦੀਆਂ ਸਨ। ਵਿਆਹੁਲੀ ਲੜਕੀ ਨੂੰ ਡੋਲੀ ਵਿਚ ਬਿਠਾ ਕੇ ਲਿਜਾਇਆ ਜਾਂਦਾ ਸੀ। ਡੋਲੀ ਨੂੰ ਕੁਹਾਰ ਚੁੱਕਦੇ ਸਨ। ਉਸ ਸਮੇਂ ਨਾਲ ਸਬੰਧਿਤ ਪੰਜਾਬੀ ਦੇ ਕੁਝ ਲੋਕ ਗੀਤਾਂ ਦੀਆਂ ਤੁਕਾਂ ਲੋਕ ਮਨਾਂ ਨੂੰ ਟੁੰਬਦੀਆਂ ਆਈਆਂ ਹਨ:

ਤੇਰੇ ਮਹਿਲਾਂ ਦੇ ਵਿਚ ਵਿਚ ਵੇ
ਬਾਬਲ ਡੋਲਾ ਨਹੀਂ ਲੰਘਣਾ
ਇਕ ਇੱਟ ਪੁਟਾ ਦੇਵਾਂ
ਧੀਏ ਘਰ ਜਾ ਆਪਣੇ...
ਮੇਰੀ ਡੋਲੀ 'ਤੇ ਲੱਗੇ ਹੀਰੇ ਨੀ ਮਾਂ
ਮੈਨੂੰ ਵਿਦਾ ਕਰਨ ਮੇਰੇ ਵੀਰੇ ਨੀ ਮਾਂ...

ਸ਼ਾਹੀ ਘਰਾਣਿਆਂ, ਧਨਾਢਾਂ ਅਤੇ ਸਾਧਨਾਂ ਵਾਲੇ ਲੋਕਾਂ ਵਲੋਂ ਆਪਣੇ ਘਰਾਂ ਦੀਆਂ ਠਾਠ-ਬਾਠ ਵਾਲੀਆਂ ਔਰਤਾਂ ਦੇ ਆਉਣ-ਜਾਣ ਲਈ ਪਾਲਕੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਰਾਜੇ-ਮਹਾਰਾਜੇ ਹਾਥੀ-ਘੋੜਿਆਂ ਦੀ ਸਵਾਰੀ ਤਾਂ ਕਰਦੇ ਹੀ ਸਨ, ਉਹ ਪਾਲਕੀ ਦੀ ਸਵਾਰੀ ਕਰਨ ਦਾ ਸ਼ੌਕ ਵੀ ਰੱਖਦੇ ਸਨ।

ਹਾਥੀਆਂ-ਘੋੜਿਆਂ 'ਤੇ ਆਉਂਦੀਆਂ ਬਰਾਤਾਂ ਨੂੰ ਠਹਿਰਾਉਣ ਤੇ ਹਾਥੀ-ਘੋੜਿਆਂ ਨੂੰ ਬੰਨ੍ਹਣ ਦਾ ਲੋੜੀਂਦਾ ਪ੍ਰਬੰਧ ਕੀਤਾ ਜਾਂਦਾ ਸੀ। ਗੱਡੇ ਤੋਂ ਪਿੱਛੋਂ ਟਾਂਗੇ ਜਾਂ ਯੱਕੇ ਦੀ ਸਵਾਰੀ ਤਾਂ ਮਨੁੱਖ ਦੀ ਵੱਡੀ ਰੀਝ ਪੂਰੀ ਕਰ ਦਿੰਦੀ ਹੈ। ਟਾਂਗਾ ਮਨੁੱਖ ਵਾਸਤੇ ਸ਼ਾਹੀ ਸਵਾਰੀ ਬਣ ਕੇ ਪ੍ਰਗਟ ਹੁੰਦਾ ਹੈ। ਟਾਂਗੇ ਤੇ ਯੱਕੇ ਦੀ ਸਵਾਰੀ ਦੀ ਸਹੂਲਤ ਮਨੁੱਖ ਨੂੰ ਨਵਾਂ ਹੁਲਾਰਾ ਦਿੰਦੀ ਹੈ। ਸਮੇਂ ਦੀ ਤੋਰ ਦੇ ਨਾਲ ਪੰਜਾਬੀ ਲੋਕ ਗੀਤ ਵੀ ਟਾਂਗਿਆਂ-ਯੱਕਿਆਂ ਦੀ ਸਵਾਰੀ ਕਰਦੇ ਪ੍ਰਤੀਤ ਹੁੰਦੇ ਹਨ:

ਵੱਟਾ ਮਾਰਿਆ ਟਾਂਗੇ ਨੂੰ...
ਹੀਰ ਜੇ ਨਾ ਜੰਮਦੀ
ਦੁੱਖ ਲੱਗਦੇ ਨਾ ਰਾਂਝੇ ਨੂੰ...

ਸਮਾਂ ਬੀਤਦਾ ਜਾਂਦਾ ਹੈ। ਜਿਨ੍ਹਾਂ ਰਾਹਾਂ 'ਤੇ ਊਠਾਂ, ਘੋੜਿਆਂ, ਹਾਥੀਆਂ, ਟਾਂਗਿਆਂ ਆਦਿ ਦੀਆਂ ਸਵਾਰੀਆਂ ਦਾ ਡੰਕਾ ਵੱਜਦਾ ਸੀ, ਉਨ੍ਹਾਂ ਰਾਹਾਂ 'ਤੇ ਸਾਈਕਲ ਆ ਚੜ੍ਹਦਾ ਹੈ। ਸਾਈਕਲ ਦੀ ਟੌਹਰ ਉਦੋਂ ਤਕ ਦੀਆਂ ਬਾਕੀ ਸਵਾਰੀਆਂ ਦੇ ਰੰਗ ਨੂੰ ਫਿੱਕਾ ਪਾ ਦਿੰਦੀ ਹੈ। ਮਨੁੱਖ ਦੇ ਪੈਂਡੇ ਲੰਮੇਰੇ ਹਨ। ਪੰਜਾਬੀ ਲੋਕਧਾਰਾ ਦੇ ਪੈਰਾਂ ਤੇ ਪਹੀਆਂ 'ਤੇ ਸਵਾਰੀ ਕਰਦਾ ਆਉਂਦਾ ਮਨੁੱਖ ਬਹੁਤ ਦੂਰ ਤਕ ਨਿਕਲ ਆਇਆ ਹੈ। ਉਸ ਨੇ ਬੱਸਾਂ, ਲਾਰੀਆਂ, ਟਰੱਕਾਂ, ਕਾਰਾਂ, ਰੇਲ ਗੱਡੀ ਆਦਿ 'ਤੇ ਸਵਾਰੀ ਕਰਦਿਆਂ ਲੱਖਾਂ-ਕਰੋੜਾਂ ਕੋਹਾਂ ਦਾ ਪੰਧ ਤੈਅ ਕਰ ਲਿਆ ਹੈ। ਹੋਰ ਲੰਮੀਆਂ ਵਾਟਾਂ ਅਜੇ ਬਾਕੀ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਅਕਤੂਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-399



*ਬੁੱਕ ਭਰ ਭਰ ਕੇ ਪੀ ਲਈਦਾ ਸੀ, ਆੜ 'ਚ ਵਗਦਾ ਪਾਣੀ।*
*ਅੱਜ ਕੱਲ ਦੇ ਬੱਚਿਆਂ ਨੂੰ ਲੱਗੂ, ਇਹ ਕੋਈ ਗੱਪ-ਕਹਾਣੀ।*

## ਕੈਪਸ਼ਨ ਮੁਕਾਬਲਾ-397



ਗੋਦੀ ਵਾਲਾ ਮੰਮੀ ਨੂੰ ਵੱਧ ਪਿਆਰਾ,
ਮੈਂ ਵੀ ਪਤਾ ਹੁਣ ਦੱਸੂੰਗਾ।
ਕੱਚੀ ਨੀਂਦ ਉਠਾ ਕੇ ਉਸ ਨੂੰ,
ਅੱਖ ਬਚਾਅ ਕੇ ਨੱਸੂੰਗਾ।
*-ਦਵਿੰਦਰ ਕੌਰ*

---

ਕੰਮ ਧੰਦੇ ਦਾ ਵਕਤ ਹੋ ਗਿਆ
ਮੰਮੀ ਨੇ ਇੱਕ ਢੰਗ ਬਣਾਇਆ।
ਚੁੰਨੀ ਦੇ ਲੜ ਬੰਨ੍ਹ ਬਾਹੀ ਨੂੰ
ਨਿੱਕੜੇ ਤਾਈਂ ਵਿਚ ਸੁਲਾਇਆ।
ਚਿੱਤ ਕਰਦਾ ਸੀ ਖੇਡਣ ਜਾਵਾਂ
ਉਲਟਾ ਮੈਨੂੰ ਖਿਡਾਵਣ ਲਾਇਆ।
*-ਜਗਮੀਤ ਸਿੰਘ ਪੰਧੇਰ*
*ਵਿੰਨੀਪੈਗ, ਐਮ. ਬੀ. (ਕੈਨੇਡਾ)*
*ਫੋਨ: 1-431-887-7222*

---

ਮਾਂ ਕਰਦੀ ਹੈ ਗੋਹਾ ਕੂੜਾ,
ਵਿਚ ਬਾੜੇ ਮੰਜਾ ਡਾਹਿਆ।
ਚੁੰਨੀ ਲਾਹ, ਬਣਾ ਕੇ ਝੂਲਾ,
ਵਿਚ ਮਛੋਹਰ ਨੂੰ ਪਾਇਆ।
ਕਾਹਲੀ ਨਾਲ ਕੰਮ ਮੁਕਾਵੇ,
ਪਰ ਛੋਟੇ ਨੇ ਪਾਈ ਦੁਹਾਈ।
ਵੱਡੇ ਨੂੰ ਆਖੇ, 'ਝੂਟਾ ਦੇਹ ਵੇ!'
ਮੈਂਦਾਅ ਹਮੇਸ਼ਾ ਲਾਉਂਦਾ,
ਮਾਂ ਦੇ ਕੋਲੋਂ ਅੱਖ ਬਚਾ ਕੇ
ਬਾਹਰ ਖੇਡਣ ਭੱਜ ਜਾਂਦਾ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਸਾਦਾ ਸੋਚ ਸਾਦੇ ਤਰੀਕੇ
ਕੰਮ ਵੀ ਨਿਪਟਾਉਣਾ, ਬੱਚਾ ਵੀ ਵਰਾਉਣਾ।
ਲਾਹ ਚੁੰਨੀ ਸਿਰ ਤੋਂ ਆਪਣੀ ਹੀ
ਮੰਜੇ ਦੀ ਬਾਹੀ ਨਾਲ ਦੇ ਇਕ ਦੋ ਗੰਢਾਂ
ਬਣ ਗਿਆ ਝੂਲਾ ਬੱਚੇ ਲਈ
ਮਾਰੂ ਲੱਤਾਂ, ਝੂਲਾ ਝੂਲਦਾ ਰਹੂ
ਥੋੜ੍ਹਾ ਵੱਡਾ ਬਚਾ ਕੇ ਅੱਖ
ਵੱਢ ਚੂੰਡੀਆਂ ਲਾਡ ਲਡਾਉਂਦਾ।
ਅੱਖੋਂ ਪਰੇ ਹੋ ਜਾਂਦਾ
ਜਦ ਮਾਂ ਆਉਂਦੀ ਦੇਖਣ।
ਬੁੱਤਾ ਵੀ ਸਰ ਗਿਆ
ਕੰਮ ਵੀ ਘਰ ਦਾ ਮੁੱਕਿਆ
ਇਹੀ ਹੈ ਇਕ ਗਰੀਬ ਦੀ ਜ਼ਿੰਦਗੀ।
*-ਦਰਸ਼ਨਪਾਲ ਦੋਸਾਂਝ*

---

ਲਾਡੀ ਨੂੰ ਦੁੱਧ ਪਿਆ ਕੇ ਹੁਣੇ
ਮਸੀਂ ਚੁੰਨੀ ਦੇ ਝੂਲੇ ਸੰਵਾਇਆ ਹੈ।
ਵੱਡੇ ਹੋ ਕੇ ਪਤਾ ਨਹੀਂ ਕੇਹੀ ਸਾਂਝ ਰਹੂ
ਹਾਲੇ ਤਾਂ ਭਰਾ-ਪਿਆਰ ਦਿਖਾਇਆ ਹੈ।
ਮਨੀ ਤੈਨੂੰ ਤਾਂ ਸਕੂਲ ਸੀ ਭੇਜਿਆ
ਵੇ ਤੂੰ ਕਿਥੋਂ ਆਇਆ ਹੈਂ?
ਮੰਮੀ ਮੇਰੀਆਂ ਕਿਤਾਬਾਂ ਨ੍ਹੀਂ ਪੂਰੀਆਂ
ਤੈਨੂੰ 'ਭੈਣ ਜੀ' ਨੇ ਬੁਲਾਇਆ ਹੈ।
ਭਾਪੇ ਨੂੰ ਤੇਰੇ ਨੂੰ ਕਿੰਨੀ ਵਾਰੀ ਕਿਹੈ
ਉਸ ਨੇ ਵੀ ਬੜਾ ਸਤਾਇਆ ਹੈ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

# ਰੂਹ-ਝੀਤ 'ਚੋਂ ਝਾਕਦਿਆਂ...


## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਊਚ-ਨੀਚ ਦੀਆਂ ਪਰਤਾਂ ਫਰੋਲਦਿਆਂ ਦੱਸਦੇ ਹਨ, "ਛੋਟਾ ਜਾਂ ਵੱਡਾ ਸਿਰਫ ਮਨੁੱਖ ਨੇ ਹੀ ਬਣਾਇਆ। ਬਿਰਖਾਂ, ਪਰਿੰਦਿਆਂ ਜਾਂ ਕਾਇਨਾਤ ਵਿਚ ਕੁਝ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸਭ ਬਰਾਬਰ। ਸਭ ਦਾ ਇਕਸਾਰ ਤੇ ਆਪਣੀ ਵਿੱਤ ਅਨੁਸਾਰ ਬਣਦਾ-ਸਰਦਾ ਯੋਗਦਾਨ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਰੂਹ-ਝੀਤ ਦੀ ਗੱਲ ਕੀਤੀ ਹੈ, ਜਿਸ ਰਾਹੀਂ ਕਿਸੇ ਮਨੁੱਖ ਦੇ ਮਨ ਅੰਦਰ ਝਾਤੀ ਮਾਰੀ ਜਾ ਸਕਦੀ ਹੋਵੇ। ਉਹ ਕਹਿੰਦੇ ਹਨ, "ਰੂਹ-ਝੀਤ, ਰੋਸ਼ਨੀ ਦੀ ਕਾਤਰ ਜਿਹੀ ਹੁੰਦੀ, ਜੋ ਆਪਣੀ ਹੋਂਦ ਨੂੰ ਲਟਕਦੇ ਕਣਾਂ ਦੀ ਚਮਕ ਵਿਚੋਂ ਸਾਬਤ ਕਰਦੀ। ਕਣਾਂ ਤੋਂ ਬਿਨਾ ਕਾਤਰ ਦੀ ਹੋਂਦ ਨਹੀਂ ਹੁੰਦੀ। ਇਨ੍ਹਾਂ ਦੇ ਸੰਗ-ਸਾਥ ਵਿਚੋਂ ਹੀ ਝੀਤ ਨਜ਼ਰ ਆਉਂਦੀ।...ਰੂਹ-ਝੀਤ ਵਿਚੋਂ ਝਾਤੀ ਮਾਰਿਆਂ ਬਹੁਤ ਕੁਝ ਦਿਸਦਾ ਤੇ ਅਣਦਿਸਦਾ ਸਾਡੀਆਂ ਇੰਦਰੀਆਂ ਅਤੇ ਸੂਖਮ ਅਹਿਸਾਸਾਂ ਰਾਹੀਂ ਸਾਡਾ ਹਾਸਲ ਬਣਦਾ। ਇਸ ਵਿਚੋਂ ਹੀ ਅਸੀਂ ਕਿਸੇ ਦੇ ਸਮੁੱਚ ਨੂੰ ਸਮਝ ਸਕਦੇ।" -ਸੰਪਾਦਕ***

ਰੂਹ-ਝੀਤ, ਨਿੱਕਾ ਜਿਹਾ ਝਰੋਖਾ, ਅੰਤਰੀਵੀ ਝਾਤ ਪਾਉਣ ਲਈ ਮੋਰੀ, ਕਿਸੇ ਦੇ ਅੰਦਰ ਉਤਰਨ ਅਤੇ ਦਿਲ ਦੀ ਡੂੰਘਾਈ ਨੂੰ ਮਾਪਣ ਦਾ ਵਸੀਲਾ।

ਰੂਹ-ਝੀਤ, ਅਕਸਰ ਨਜ਼ਰ ਨਹੀਂ ਆਉਂਦੀ। ਇਹ ਅਦਿੱਖ। ਬਹੁਤੇ ਲੋਕ ਆਪਣੀ ਰੂਹ ਦੇ ਦਰਸ਼ਨ ਕਰਵਾਉਣ ਤੋਂ ਤ੍ਰਹਿੰਦੇ। ਦਰਅਸਲ ਬਹੁਤੇ ਲੋਕ ਤਾਂ ਰੂਹ-ਵਿਹੂਣੇ। ਪੱਥਰ ਜਿਹੇ ਲੋਕਾਂ ਨੂੰ ਸ਼ਾਇਦ ਰੂਹ ਦਾ ਪਤਾ ਹੀ ਨਾ ਹੋਵੇ। ਇਸ ਦੇ ਅਰਥਾਂ ਤੀਕ ਰਸਾਈ ਕਿੰਜ ਹੋਵੇ?

ਬਹੁਤੇ ਲੋਕਾਂ ਦਾ ਰੂਹ ਦਾ ਦਰ ਹਮੇਸ਼ਾ ਬੰਦ ਰਹਿੰਦਾ। ਮਨੁੱਖ ਤਾਂ ਵਿਰਲਾਂ ਨੂੰ ਵੀ ਪੂਰਨ ਰੂਪ ਵਿਚ ਢਕਦਾ। ਕਿਸੇ ਵੀ ਸੂਹ ਦੇ ਬਾਹਰ ਨਿਕਲਣ 'ਤੇ ਪਾਬੰਦੀ। ਪਹਿਰੇਦਾਰੀ ਵਿਚ ਰਹਿੰਦੀ ਰੂਹ ਦੀ ਬਿਰਤੀ ਕਿਹੋ ਜਿਹੀ ਹੋਵੇਗੀ? ਉਸ ਦੀ ਮਾਨਸਿਕ ਅਵਸਥਾ ਕੀ ਹੋਵੇਗੀ? ਰੂਹ ਨੂੰ ਕੀ ਹਾਸਲ ਹੋਵੇਗਾ? ਉਹ ਕਿਨ੍ਹਾਂ ਅੰਤਰੀਵੀ ਅਲਾਮਤਾਂ ਸੰਗ ਲੜਦਾ, ਖੁਦ ਦੀ ਜੰਗ 'ਚ ਉਲਝਿਆ ਰਹਿੰਦਾ ਹੋਵੇਗਾ? ਇਸ ਦਾ ਤਾਂ ਸਿਰਫ ਕਿਆਸ ਹੀ ਕੀਤਾ ਜਾ ਸਕਦਾ ਹੈ।

ਰੂਹ-ਝੀਤ, ਇਕ ਬੋੜਾ ਜਿਹਾ ਝੀਤ-ਦਰ ਜਿਸ ਰਾਹੀਂ ਦਰਸ਼ਨਾਂ ਦੀ ਆਸ ਵਿਚ ਮਨੁੱਖ ਉਤਾਵਲਾ ਰਹਿੰਦਾ। ਇਸ ਵਿਚੋਂ ਹੀ ਉਹ ਕਿਸੇ ਸ਼ਖਸ ਨੂੰ ਨਿਹਾਰਨ, ਚਿਤਾਰਨ ਅਤੇ ਉਸ ਦੀਆਂ ਸੰਗਤੀਆਂ, ਵਿਸੰਗਤੀਆਂ, ਕੁਸੰਗਤੀਆਂ, ਕੂੜ-ਕਪਟ, ਸੱਚ/ਝੂਠ ਅਤੇ ਅੰਦਰ ਫੈਲੇ ਚਾਨਣ ਜਾਂ ਕਾਲਖ ਨੂੰ ਦੇਖਣ ਦਾ ਸਾਧਨ ਬਣਾਉਂਦਾ।

ਮਨੁੱਖ ਦੀ ਕੇਹੀ ਫਿਤਰਤ ਕਿ ਉਹ ਦੂਸਰੇ ਦੇ ਘਰ ਵੰਨੀਂ ਹਮੇਸ਼ਾ ਹੀ ਕੰਧਾਂ ਉਪਰ ਦੀ ਝਾਤੀਆਂ ਮਾਰਦਾ, ਪਰ ਆਪਣੇ ਘਰ ਦੀਆਂ ਕੰਧਾਂ ਨੂੰ ਉਚੀਆਂ ਕਰ, ਇਸ ਉਪਰ ਵੀ ਕੱਚ ਦੀਆਂ ਚਿਪਰਾਂ ਲਾਉਂਦਾ ਤਾਂ ਕਿ ਕੋਈ ਝਾਤੀ ਨਾ ਮਾਰ ਸਕੇ। ਉਹ ਖੁਦ ਨੂੰ ਦੁਨੀਆਂ ਤੋਂ ਲੁਕਾ, ਦੂਜਿਆਂ ਨੂੰ ਨੰਗੀ ਅੱਖ ਨਾਲ ਦੇਖਣ ਲਈ ਕਾਹਲਾ। ਇਸ ਕਾਹਲ ਵਿਚੋਂ ਹੀ ਕਈ ਵਾਰ ਉਸ ਦੀ ਕਮੀਨਗੀ ਅਤੇ ਕਪਟ-ਨਜ਼ਰ ਦੇ ਦਰਸ਼ਨ ਹੁੰਦੇ।

ਰੂਹ-ਝੀਤ ਵਿਚ ਝਾਤੀ ਮਾਰਨ ਲਈ ਤੀਸਰੇ ਨੇਤਰ ਦੀ ਲੋੜ, ਜੋ ਤੁਹਾਡੇ ਮਸਤਕ ਵਿਚ ਹੁੰਦਾ। ਇਹ ਨੇਤਰ ਸੂਝ, ਸੋਚ ਅਤੇ ਦਿੱਭ-ਦ੍ਰਿਸ਼ਟੀ ਦਾ ਹੁੰਦਾ। ਕਿਸੇ ਦੇ ਅੰਗਾਂ ਵਿਚ ਪੈਦਾ ਹੋ ਰਹੀ ਹਰਕਤ, ਬੋਲਾਂ ਵਿਚ ਪੈਦਾ ਹੋਈ ਬੇਭਰੋਸਗੀ ਜਾਂ ਗੜਕ, ਆਤਮ-ਵਿਸ਼ਵਾਸ ਅਤੇ ਭਰੋਸੇ ਨੂੰ ਦੇਖ ਤੇ ਪੜ੍ਹ ਕੇ ਹੀ ਕਿਸੇ ਦੇ ਅੰਤਰੀਵ ਦੀ ਪ੍ਰਦਖਣਾ ਕਰ ਸਕਦੇ ਹੋ।

ਰੂਹ-ਝੀਤ, ਰੋਸ਼ਨੀ ਦੀ ਕਾਤਰ ਜਿਹੀ ਹੁੰਦੀ, ਜੋ ਆਪਣੀ ਹੋਂਦ ਨੂੰ ਲਟਕਦੇ ਕਣਾਂ ਦੀ ਚਮਕ ਵਿਚੋਂ ਸਾਬਤ ਕਰਦੀ। ਕਣਾਂ ਤੋਂ ਬਿਨਾ ਕਾਤਰ ਦੀ ਹੋਂਦ ਨਹੀਂ ਹੁੰਦੀ। ਇਨ੍ਹਾਂ ਦੇ ਸੰਗ-ਸਾਥ ਵਿਚੋਂ ਹੀ ਝੀਤ ਨਜ਼ਰ ਆਉਂਦੀ।

ਰੂਹ-ਝੀਤ ਖਿੜਕੀ ਜਾਂ ਰੋਸ਼ਨਦਾਨ ਵਾਲੀ ਝੀਤ ਨਹੀਂ ਹੁੰਦੀ, ਜਿਸ ਰਾਹੀਂ ਚਾਨਣ ਅੰਦਰ ਆ ਕੇ ਬਾਹਰ ਦੀ ਦੁਨੀਆਂ ਨੂੰ ਤੁਹਾਡੇ ਸਾਹਵੇਂ ਕਰਦਾ ਅਤੇ ਅੰਦਰੋਂ ਵੀ, ਬਾਹਰ ਦੇ ਦ੍ਰਿਸ਼ ਨੈਣਾਂ ਦੇ ਨਾਮ ਕਰ ਸਕਦੇ, ਸਗੋਂ ਰੂਹ-ਝੀਤ ਤਾਂ ਬਾਹਰੋਂ ਹੀ ਕਿਸੇ ਦੀ ਅੰਤਰ-ਆਤਮਾ ਨੂੰ ਦੇਖਣ ਦਾ ਨਾਮ ਹੈ।

ਰੂਹ-ਝੀਤ ਵਿਚੋਂ ਝਾਤੀ ਮਾਰਿਆਂ ਬਹੁਤ ਕੁਝ ਦਿਸਦਾ ਤੇ ਅਣਦਿਸਦਾ ਸਾਡੀਆਂ ਇੰਦਰੀਆਂ ਅਤੇ ਸੂਖਮ ਅਹਿਸਾਸਾਂ ਰਾਹੀਂ ਸਾਡਾ ਹਾਸਲ ਬਣਦਾ। ਇਸ ਵਿਚੋਂ ਹੀ ਅਸੀਂ ਕਿਸੇ ਦੇ ਸਮੁੱਚ ਨੂੰ ਸਮਝ ਸਕਦੇ।

ਰੂਹ-ਝੀਤ ਉਨ੍ਹਾਂ ਦੀਦਿਆਂ ਰਾਹੀਂ ਵੀ ਦ੍ਰਿਸ਼ਮਾਨ ਹੁੰਦੀ, ਜੋ ਕਿਸੇ ਦਰਦ ਵਿਚ ਨਮ ਹੋ ਜਾਂਦੇ, ਅੱਲ੍ਹੇ ਜਖਮ ਲਈ ਮਰਹਮ ਬਣਦੀ, ਹੰਝੂ ਪੂੰਝਣ ਲਈ ਪਹਿਲ ਕਰਦੀ, ਸਿਸਕਦੇ ਬੱਚੇ ਨੂੰ ਦੇਖ ਕੇ ਸਿਸਕੀ ਬਣ ਜਾਂਦੀ, ਤ੍ਰੇਲ-ਵਿਹੂਣੇ ਪੱਤੇ ਦੇ ਪਿੰਡੇ 'ਤੇ ਨਦਰ-ਏ-ਨਮੀ ਕਰਦੀ, ਪੀੜਤ ਮਨ ਦੀ ਵੈਰਾਨਗੀ 'ਚ ਵੈਰਾਗੀ ਜਾਂਦੀ ਅਤੇ ਵਿਛੜੀ ਕੂੰਜ ਦੇ ਮਿਲਾਪ ਲਈ ਓਹੜ-ਪੋਹੜ ਕਰਦੀ।

ਰੂਹ-ਝੀਤ ਵਿਚੋਂ ਅਸੀਂ ਉਸ ਸ਼ਖਸ ਨੂੰ ਵੀ ਦੇਖ ਸਕਦੇ, ਜੋ ਦਾਨੀ ਹੁੰਦਿਆਂ ਵੀ ਮੰਗਤਾ ਬਣ ਕੇ ਖੁਸ਼ ਹੁੰਦਾ। ਖੈਰਾਤਾਂ 'ਤੇ ਜਿਉਣ ਵਾਲੇ ਜਦ ਦਾਨੀ ਦਾ ਭੇਸ ਵਟਾਉਂਦੇ ਤਾਂ ਨੀਚਤਾ ਸ਼ਰਮਸਾਰ ਹੁੰਦੀ। ਮੰਗਤੇ, ਜਦ ਦਾਨ ਨੂੰ ਹੀ ਆਪਣੀ ਜੀਵਨ-ਜਾਚ ਬਣਾ ਲੈਂਦੇ ਤਾਂ ਰੂਹ ਨੂੰ ਮਰਨ ਲਈ ਪਾਣੀ ਦੀ ਚੂਲੀ ਵੀ ਨਸੀਬ ਨਾ ਹੁੰਦੀ।

ਰੂਹ-ਝੀਤ ਨੂੰ ਕਿਸੇ ਦੇ ਕਰਮ, ਜੀਵਨ-ਜਾਚ, ਕੀਰਤੀਆਂ, ਸਮਾਜਕ ਬਿੰਬ ਜਾਂ ਚੌਗਿਰਦੇ ਵਿਚ ਫੈਲੀ ਉਸ ਦੀ ਸੋਹਬਤ ਜਾਂ ਉਸ ਦੀ ਮਿੱਤਰ-ਮੰਡਲੀ ਵਿਚੋਂ ਬਹੁਤ ਚੰਗੀ ਤਰ੍ਹਾਂ ਕਿਆਸ ਸਕਦੇ ਹੋ। ਤੁਹਾਡੀ ਸੰਗਤ, ਕਿੱਤੇ ਜਾਂ ਵਿਚਾਰਾਂ ਦਾ ਪ੍ਰਭਾਵ ਹੀ ਰੂਹ-ਝੀਤ ਵਿਚੋਂ ਝਾਤੀਆਂ ਮਾਰਦਾ ਅਤੇ ਸਮਾਜ ਦੇ ਸਾਹਵੇਂ ਖਲਿਆਰਦਾ।

ਰੂਹ-ਝੀਤ ਰਾਹੀਂ ਕਿਸੇ ਵੰਨੀਂ ਝਾਕਣ ਤੋਂ ਪਹਿਲਾਂ ਲੋੜ ਹੈ ਕਿ ਆਪਣੀ ਰੂਹ ਨੂੰ ਨਿਹਾਰੀਏ, ਇਸ ਦੀਆਂ ਵਲਗਣਾਂ ਤੋੜੀਏ ਅਤੇ ਪਾਕ ਰੂਹ ਨੂੰ ਸਭ ਦੇ ਸਾਹਵੇਂ ਰੱਖੀਏ ਤਾਂ ਕਿ ਪਾਕੀਜ਼ਗੀ ਤੁਹਾਡਾ ਪ੍ਰਮਾਣ ਬਣ ਸਕੇ। ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਸੁਚੱਜੇ ਦ੍ਰਿਸ਼ਟੀਕੋਣ ਤੋਂ ਨਿਹਾਰਨ ਲਈ ਉਤੇਜਿਤ ਕਰੇ।

ਉਸ ਰੂਹ-ਝੀਤ ਨੂੰ ਕੀ ਕਹੋਗੇ ਜੋ ਆਪਣੀ ਲਿਖਤ, ਕਿਰਤ, ਕਲਾ ਜਾਂ ਕਰਮ ਰਾਹੀਂ ਨੇਕ ਨੀਤੀ ਦਾ ਸੰਦੇਸ਼ ਦਿੰਦੀ ਏ, ਪਰ ਰਾਤ ਦੇ ਓਹਲੇ ਜਾਂ ਹਨੇਰੇ ਦੀ ਪਰਦਾਦਾਰੀ ਵਿਚ ਕੁ-ਕਰਮਾਂ ਦੀ ਖੇਤੀ ਕਰਦਿਆਂ, ਮਨ ਵਿਚ ਭੈਅ ਨਹੀਂ ਖਾਂਦੀ। ਪਾਪ ਦੀ ਗਰਦ ਨੂੰ ਦਾਨ-ਪੁੰਨ ਰਾਹੀਂ ਧੋਣ ਦੀ ਅਸਫਲ ਕੋਸ਼ਿਸ਼ ਇਕ ਹੋਰ ਮਾਨਸਿਕ ਭਾਰ ਦਾ ਕਾਰਨ ਬਣਦੀ।

***ਰੂਹ-ਝੀਤ ਰਾਹੀਂ ਮਨ ਦੀਆਂ ਪਰਤਾਂ ਕਿਵੇਂ ਸਾਂਭੀਆਂ ਜਾਂ ਫਰੋਲੀਆਂ ਜਾਂਦੀਆਂ, ਇਸ ਨੂੰ ਸਮਝਣ ਲਈ ਕਿਸੇ ਬੱਚੇ ਨੂੰ ਕਿਸੇ ਪਾਲਤੂ ਪੰਛੀ ਜਾਂ ਜਾਨਵਰ ਨਾਲ ਕਲੋਲ ਕਰਦੇ ਦੇਖਣਾ? ਕਿਵੇਂ ਇਕ ਦੂਜੇ ਦੇ ਹਾਵ-ਭਾਵ ਜਾਣਦੇ? ਕਿਵੇਂ ਅਣਜਾਣ ਬੋਲੀ ਨੂੰ ਸਮਝ ਕੇ ਹਾਕ ਤੇ ਹੁੰਗਾਰਾ ਬਣਦੇ? ਕਿਸ ਤਰ੍ਹਾਂ ਇਕ ਦੂਜੇ ਨਾਲ ਮੋਹ ਜਤਾਉਂਦੇ ਅਤੇ ਸਦਕੇ ਜਾਂਦੇ? ਮਨੁੱਖ ਤਾਂ ਵੱਡਾ ਹੋ ਕੇ ਜਿਥੇ ਆਪਣੇ ਆਪ ਤੋਂ ਦੂਰ ਹੋ ਜਾਂਦਾ ਏ, ਉਥੇ ਉਹ ਭਾਵਹੀਣ ਹੋ ਆਪਣੀ ਰੂਹ ਨਾਲ ਵੀ ਫਰੇਬ ਕਮਾਉਣ ਤੋਂ ਬਾਜ਼ ਨਹੀਂ ਆਉਂਦਾ।***

***ਰੂਹ-ਝੀਤ ਵਿਚੋਂ ਸਿਰਫ ਪਾਕ ਰੂਹ ਹੀ ਝਾਕ ਸਕਦੀ ਅਤੇ ਮਨੁੱਖੀ ਬਿਰਤੀਆਂ ਤੇ ਕਾਮਨਾਵਾਂ ਨੂੰ ਉਸ ਦੇ ਅਸਲ ਰੂਪ ਵਿਚ ਨਿਹਾਰ ਸਕਦੀ। ਉਨ੍ਹਾਂ ਦੀ ਸੰਗਤ ਵਿਚ ਲੱਗਦੇ ਨੇ ਰੂਹਾਂ ਦੇ ਮੇਲੇ ਅਤੇ ਕੁਝ ਕੁ ਰੂਹਾਂ ਉਸ ਸੁੱਚੇ ਰੰਗ ਵਿਚ ਰੰਗੀਆਂ ਜਾਂਦੀਆਂ।***

ਰੂਹ-ਝੀਤ ਦੀ ਕਸ਼ੀਦਗੀ ਵਿਚੋਂ ਜਦ ਕੋਈ ਕਿਰਤ ਜਨਮਦੀ ਤਾਂ ਉਸ ਦਾ ਅਸਰ ਅਮਿੱਟ ਤੇ ਸਦੀਵੀ ਹੁੰਦਾ। ਮਨੁੱਖੀ ਭਲਾਈ ਦਾ ਮੁਹਾਵਰਾ ਬਣਦੀ। ਰੂਹ-ਝੀਤ ਵਿਚੋਂ ਨਿਕਲੇ ਬੋਲ ਕੂਕਦੇ ਕਿ ਕਵਿਤਾ ਨਿਰੀ ਕਲਪਨਾ ਨਹੀਂ ਹੁੰਦੀ। ਕਵਿਤਾ ਲਿਖਣ ਲਈ ਖੁਦ ਕਵਿਤਾ ਬਣਨਾ ਪੈਂਦਾ। ਹਰਫ-ਬ-ਹਰਫ ਸੰਵੇਦਨਾ ਰਮ ਜਾਂਦੀ। ਹਰਫ-ਮਸਤਕ 'ਤੇ ਚਿਪਕੇ ਅਰਥ-ਆਵੇਸ਼ ਦਾ ਆਗਮਨ ਹੁੰਦੀ। ਅਰਥਾਂ ਦੀ ਨੀਂਹ ਨੂੰ ਮਿੱਝ ਦੀ ਪਕਿਆਈ ਕਰਦਿਆਂ, ਵਾਕ-ਸੰਸਾਰ ਦੀ ਸਿਰਜਣਾ ਲਈ ਸਾਹ ਦੀ ਭੱਠੀ 'ਚ ਰਾੜ੍ਹਨਾ ਪੈਂਦਾ। ਅਕਾਰ ਤੇ ਰੂਪ ਦੇਣ ਲੱਗਿਆਂ ਔਕੜਾਂ, ਮੁਸ਼ਕਿਲਾਂ ਤੇ ਮੁਸੀਬਤਾਂ ਨੂੰ ਚੇਤਿਆਂ ਦੀ ਜੂਹ 'ਚ ਲਿਆਉਣਾ ਪੈਂਦਾ। ਕਾਵਿ-ਤਰਤੀਬ ਪੈਰਾਂ 'ਚ ਉਗੀਆਂ ਸੂਲਾਂ ਦੀ ਇਬਾਰਤ ਹੀ ਹੁੰਦੀ ਤੇ ਉਗਿਆ ਸਫਰ ਪਹਿਰੇ ਬਣ ਕੇ, ਹਰੇਕ ਕਾਂਡ ਦਾ ਆਦਿ ਤੇ ਅੰਤ ਹੁੰਦਾ। ਰੂਹ-ਕਾਵਿ ਸਿਰਫ ਅੱਖਰ ਜਾਂ ਸ਼ਬਦ ਹੀ ਨਹੀਂ ਹੁੰਦੇ। ਇਹ ਤਾਂ ਸਮੇਂ ਦੇ ਮੱਥੇ 'ਤੇ ਚਿਪਕੇ ਅਵਚੇਤਨਾ ਦੇ ਨਕਸ਼ ਨੇ, ਜੋ ਗੁੰਗੇ ਵਕਤ ਨੂੰ ਬੋਲਣ ਲਈ ਉਕਸਾਉਂਦੇ। ਲੀਰਾਂ, ਟੁੱਕਰਾਂ ਤੇ ਝੁੱਗੀਆਂ ਦਾ ਦਰਦ ਸਹਿਮੀ ਫਿਜ਼ਾ ਦੇ ਨਾਮ ਲਾਉਂਦੇ। ਰੂਹ-ਰਾਗ ਜਿਹੇ ਲੋਕ ਹੀ ਕਵਿਤਾ ਦੇ ਹਾਣੀ ਹੁੰਦੇ, ਜੋ ਮਾਸੂਮ, ਕੋਮਲ-ਭਾਵੀ ਅਹਿਸਾਸ ਭਰੀਤੇ ਅਤੇ ਸੰਵੇਦਨਾ ਸੰਗ ਲਬਰੇਜ਼ ਹੁੰਦੇ। ਅਜਿਹੇ ਲੋਕਾਂ ਦੀ ਰੂਹ ਵਿਚ ਸਭ ਦਾ ਹੀ ਆਉਣਾ-ਜਾਣਾ। ਉਹ ਸਭ ਲਈ ਸੁਮੱਤ ਅਤੇ ਸ਼ੁਭ-ਕਾਮਨਾ ਦਾ ਸੰਦੇਸ਼ ਹੁੰਦੇ।

ਕਲਾ ਤਾਂ ਦਰਅਸਲ ਰੂਹ ਦੀ ਬਾਣੀ, ਜੋ ਮਨੁੱਖ ਨੂੰ ਇਨਸਾਨੀਅਤ ਦੇ ਰਾਹ ਤੋਰਦੀ, ਬੁਰਾਈ ਤੋਂ ਭਲਾਈ ਵੰਨੀਂ ਮੋੜਦੀ ਅਤੇ ਫਿਰ ਆਪਣੀ ਨਿੱਕੜੀ ਜਿਹੀ ਹੋਂਦ ਵਿਚ ਗੁੱਛਾਮੁੱਛਾ ਹੋ ਅਚੇਤ ਹੀ ਅਲੋਪ ਹੋ ਜਾਂਦੀ। ਸਿਰਫ ਕਲਾ ਦੀ ਖੁਸ਼ਬੋਈ ਹੀ ਉਸ ਰੂਹ ਦਾ ਰੂਪ ਹੁੰਦੀ, ਜੋ ਵਕਤ ਦੀ ਸੀਮਾ ਤੋਂ ਪਰੇ, ਹਰ ਸਮੇਂ ਵਿਚ ਸਾਰਥਕ ਰਹਿੰਦੀ। ਅਜਿਹੇ ਲੋਕ ਸੱਚੀਆਂ ਰੂਹਾਂ ਦੇ ਹਮਰਾਜ਼ ਹੁੰਦੇ, ਜੋ ਸਦੀਵ ਰਹਿੰਦੀਆਂ। ਕੀਰਤੀ ਤਾਂ ਅਜਿਹੀਆਂ ਰੂਹਾਂ ਦਾ ਪ੍ਰਤੀਬਿੰਬ ਹੀ ਹੁੰਦੀ। ਅਜਿਹੀ ਰੂਹ-ਝੀਤ ਵਿਚੋਂ ਝਾਕਦਿਆਂ ਨੈਣਾਂ ਨੂੰ ਠੰਢਕ ਅਤੇ ਰੂਹ ਨੂੰ ਤਸਕੀਨ ਮਿਲਦੀ।

ਅਜਿਹੇ ਲੋਕ ਰੂਹ-ਝੀਤ ਹੀ ਨਹੀਂ ਸਗੋਂ ਰੂਹ-ਦਰ ਹੁੰਦੇ, ਜਿਸ ਵਿਚੋਂ ਕੋਈ ਵੀ ਅੰਦਰ ਆ ਸਕਦਾ, ਕੁਝ ਪਲ ਠਹਿਰ ਸਕਦਾ, ਵਿਸ਼ਰਾਮ ਕਰਦਾ ਅਤੇ ਫਿਰ ਅਗਲੇ ਪੜਾਅ ਦਾ ਸਫਰ ਸ਼ੁਰੂ ਕਰਦਾ।

ਰੂਹ-ਝੀਤ ਰਾਹੀਂ ਮਨ ਦੀਆਂ ਪਰਤਾਂ ਕਿਵੇਂ ਸਾਂਭੀਆਂ ਜਾਂ ਫਰੋਲੀਆਂ ਜਾਂਦੀਆਂ, ਇਸ ਨੂੰ ਸਮਝਣ ਲਈ ਕਿਸੇ ਬੱਚੇ ਨੂੰ ਕਿਸੇ ਪਾਲਤੂ ਪੰਛੀ ਜਾਂ ਜਾਨਵਰ ਨਾਲ ਕਲੋਲ ਕਰਦੇ ਦੇਖਣਾ? ਕਿਵੇਂ ਇਕ ਦੂਜੇ ਦੇ ਹਾਵ-ਭਾਵ ਜਾਣਦੇ? ਕਿਵੇਂ ਅਣਜਾਣ ਬੋਲੀ ਨੂੰ ਸਮਝ ਕੇ ਹਾਕ ਤੇ ਹੁੰਗਾਰਾ ਬਣਦੇ? ਕਿਸ ਤਰ੍ਹਾਂ ਇਕ ਦੂਜੇ ਨਾਲ ਮੋਹ ਜਤਾਉਂਦੇ ਅਤੇ ਸਦਕੇ ਜਾਂਦੇ? ਮਨੁੱਖ ਤਾਂ ਵੱਡਾ ਹੋ ਕੇ ਜਿਥੇ ਆਪਣੇ ਆਪ ਤੋਂ ਦੂਰ ਹੋ ਜਾਂਦਾ ਏ, ਉਥੇ ਉਹ ਭਾਵਹੀਣ ਹੋ ਆਪਣੀ ਰੂਹ ਨਾਲ ਵੀ ਫਰੇਬ ਕਮਾਉਣ ਤੋਂ ਬਾਜ਼ ਨਹੀਂ ਆਉਂਦਾ।

ਰੂਹ-ਝੀਤ ਵਿਚੋਂ ਸਿਰਫ ਪਾਕ ਰੂਹ ਹੀ ਝਾਕ ਸਕਦੀ ਅਤੇ ਮਨੁੱਖੀ ਬਿਰਤੀਆਂ ਤੇ ਕਾਮਨਾਵਾਂ ਨੂੰ ਉਸ ਦੇ ਅਸਲ ਰੂਪ ਵਿਚ ਨਿਹਾਰ ਸਕਦੀ। ਉਨ੍ਹਾਂ ਦੀ ਸੰਗਤ ਵਿਚ ਲੱਗਦੇ ਨੇ ਰੂਹਾਂ ਦੇ ਮੇਲੇ ਅਤੇ ਕੁਝ ਕੁ ਰੂਹਾਂ ਉਸ ਸੁੱਚੇ ਰੰਗ ਵਿਚ ਰੰਗੀਆਂ ਜਾਂਦੀਆਂ।

ਰੂਹ-ਝੀਤ ਵਿਚੋਂ ਝਾਕਣਾ, ਰੂਹ-ਨਾਦ ਦਾ ਨਗਮਾ। ਰੂਹ ਦਾ ਰੇਜ਼ਾ-ਰੇਜ਼ਾ ਹੋ ਕੇ ਆਪਣੇ ਸਭ ਰੰਗਾਂ ਨੂੰ ਮਾਨਵਤਾ ਲਈ ਅਰਪਿਤ ਕਰਨਾ ਅਤੇ ਕਿਸੇ ਦੇ ਜਿਉਣ ਲਈ ਖੁਦ ਹੀ ਮਰਨਾ।

ਕਿਸੇ ਰੂਹ-ਝੀਤ 'ਚ ਝਾਕਦਿਆਂ ਆਪਣੇ ਵੰਨੀਂ ਵੀ ਧਿਆਨ ਰੱਖਣਾ ਕਿਉਂਕਿ ਜਦ ਤੁਸੀਂ ਕਿਸੇ ਵੰਨੀਂ ਦੇਖਦੇ ਹੋ ਤਾਂ ਕੋਈ ਦੂਸਰਾ ਵੀ ਤੁਹਾਡੇ ਵੰਨੀਂ ਜਰੂਰ ਦੇਖ ਰਿਹਾ ਹੁੰਦਾ। ਦੂਸਰੇ ਦੇ ਨੈਣਾਂ ਵਿਚ ਤੁਹਾਡੇ ਬਿੰਬ ਨੇ ਹੀ ਤੁਹਾਡੀ ਅਮੁੱਲਤਾ ਨੂੰ ਹਾਸਲ ਬਣਾਉਣਾ ਹੁੰਦਾ।

ਯਾਦ ਰਹੇ, ਕਿਸੇ ਦੀ ਰੂਹ-ਝੀਤ ਵਿਚ ਝਾਤੀ ਮਾਰਿਆਂ ਕੁਝ ਵੀ ਨਸੀਬ ਨਹੀਂ ਹੋਣਾ। ਸਗੋਂ ਆਪਣੀ ਰੂਹ ਵਿਚ ਝੀਤ ਪੈਦਾ ਕਰੋ ਤਾਂ ਕਿ ਤੁਸੀਂ ਖੁਦ ਇਸ ਵਿਚ ਝਾਤੀ ਮਾਰ ਸਕੋ। ਖੁਦ ਦੀਆਂ ਕਮੀਆਂ, ਕੁਤਾਹੀਆਂ, ਕੁਰੀਤੀਆਂ ਤੇ ਕੁਕਰਮਾਂ ਨੂੰ ਪਛਾਣ, ਇਸ ਨੂੰ ਸੁਧਾਰਨ ਅਤੇ ਇਸ ਵਿਚੋਂ ਕੁਝ ਚੰਗੇਰਾ ਸਿਰਜਣ ਦੇ ਮਾਰਗ ਤੁਰਿਆ ਜਾ ਸਕੇ।

ਕੁਝ ਲੋਕਾਂ ਦੀ ਰੂਹ, ਬੰਦ-ਦਰਵਾਜ਼ੇ ਦੀ ਕੈਦੀ, ਜਿਸ ਦੇ ਜੰਗਾਲੇ ਜੰਦਰੇ ਦੀ ਚਾਬੀ ਵੀ ਗਵਾਚ ਗਈ ਹੁੰਦੀ। ਅਜਿਹੇ ਲੋਕ ਆਪਣੀ ਰੂਹ ਨਾਲ ਸੰਵਾਦ ਰਚਾਉਣਾ, ਇਸ ਦੇ ਰੂਬਰੂ ਹੋਣਾ, ਆਪਣੇ ਘਟੀਆਪਣ ਨੂੰ ਮੁਕਾਉਣਾ ਅਤੇ ਚੰਗੇਰੇਪਣ ਨੂੰ ਪਾਉਣਾ ਹੀ ਭੁੱਲ ਜਾਂਦੇ। ਉਹ ਰੂਹ ਦੇ ਬੋਲ ਸੁਣਨ ਤੋਂ ਆਕੀ। ਰੂਹ-ਬਾਤਾਂ ਦਾ ਹੁੰਗਾਰਾ ਬਣਨ ਤੋਂ ਨਾਬਰ ਅਤੇ ਇਸ ਨਾਬਰੀ ਵਿਚੋਂ ਹੀ ਉਹ ਆਪਣੀ ਰੂਹ ਦੇ ਕਾਤਲ ਬਣੇ, ਰੂਹ-ਵਿਰਲਾਪ ਸੁਣਨ ਤੀਕ ਹੀ ਸੀਮਤ। ਬੰਦ ਸਲਾਖਾਂ 'ਚ ਕੈਦ ਰੂਹ, ਮੂਕ-ਸੁੰਨ ਦੀ ਸਲਾਭ ਹੀ ਹੁੰਦੀ, ਜਿਸ ਵਿਚ ਸਲਾਭੀਆਂ ਜਾਂਦੀਆਂ ਸੋਚਾਂ, ਉਦਮ, ਹਿੰਮਤ, ਹੌਂਸਲਾ ਅਤੇ ਨਵੀਆਂ ਪੁਲਾਂਘਾਂ ਪੁੱਟਣ ਦਾ ਚਾਅ। ਉਹ ਤਾਂ ਸਿਰਫ ਜ਼ਰਜਰੀ ਹੋਂਦ ਦਾ ਨਿਗੁਣਾ ਹਾਸਲ ਬਣ ਕੇ ਹੀ ਰਹਿ ਜਾਂਦੇ।

ਰੂਹਾਂ ਵਾਲੇ ਹੀ ਬੋਲਦੇ ਰੂਹ-ਭਿੱਜੀ ਬਾਣੀ।
ਰੂਹਾਂ ਵਿਚ ਉਗਮਦੀ ਰੂਹ-ਰੰਗ ਰਿਝਾਣੀ
ਰੂਹ-ਚੌਂਤਰੇ ਖੜ ਕੇ ਉਹ ਦੇਵਣ ਹੋਕਾ।
ਕਿ ਕਰ ਰੂਹਾਂ ਦਾ ਵਣਜ ਵੇ ਰੂਹ-ਹੀਣਿਆ ਲੋਕਾ।
ਰੂਹ 'ਚੋਂ ਬੋਲੇ ਸ਼ਬਦ ਹੀ ਬਣਦੇ ਸੁਖਨ-ਸੰਵਾਦ।
ਰੂਹ ਦੀ ਨਗਰੀ ਗੂੰਜਦਾ ਰੂਹ-ਰੰਗਾ ਨਾਦ।
ਰੂਹ ਦੇ ਰੱਜ ਤੋਂ ਜੋ ਵੀ ਹੈ ਵਿਰਵਾ ਹੋਇਆ।
ਸਮਝੋ ਉਹ ਤਾਂ ਅੱਜ ਨਹੀਂ ਤਾਂ ਭਲਕੇ ਮੋਇਆ।
ਰੂਹ ਦੀ ਬੋਲੀ ਲੱਗਦੀ ਜਦ ਭਰੇ ਬਾਜ਼ਾਰ।
ਤਾਂ ਜੀਂਦੀ ਥੀਂਦੀ ਆਸਥਾ ਹੋ ਜਾਏ ਲਾਚਾਰ।
ਵਿਲਕਦੀ ਰੂਹ ਹੀ ਦੇਂਵਦੀ ਰੂਹ-ਫਿਟਕਾਰ।
ਮਾੜੇ ਰਾਹੀਂ ਤੁਰਨ ਤੋਂ ਪਹਿਲਾਂ ਵਕਤ-ਵਿਚਾਰ।
ਹੋਵੇ ਕੋਈ ਵੀ ਉਂਗਲ ਨਾ ਤੇਰੇ ਵੰਨੀਂ ਉਲਾਰ।
ਤੇਰਾ ਸੁੱਚਮ ਕਰੇ ਨਾ ਕਦੇ ਵੀ ਕੂੜ-ਵਪਾਰ।
ਰੂਹ-ਭੜੋਲੇ ਰੱਖ ਲੈ ਸੁੱਚੇ ਰੰਗ ਅਪਾਰ।
ਤੇ ਥੋੜੇ ਵਿਚੋਂ ਹੀ ਬਹੁਤੇ ਦਾ ਜੋ ਕਰੇ ਦੀਦਾਰ।
ਅਜਿਹੀ ਰੂਹ-ਰੰਗਰੇਜ਼ਤਾ ਦਾ ਨਾ ਪਾਰਾਵਾਰ।

***ਕੁਝ ਲੋਕਾਂ ਦੀ ਰੂਹ, ਬੰਦ-ਦਰਵਾਜ਼ੇ ਦੀ ਕੈਦੀ, ਜਿਸ ਦੇ ਜੰਗਾਲੇ ਜੰਦਰੇ ਦੀ ਚਾਬੀ ਵੀ ਗਵਾਚ ਗਈ ਹੁੰਦੀ। ਅਜਿਹੇ ਲੋਕ ਆਪਣੀ ਰੂਹ ਨਾਲ ਸੰਵਾਦ ਰਚਾਉਣਾ, ਇਸ ਦੇ ਰੂਬਰੂ ਹੋਣਾ, ਆਪਣੇ ਘਟੀਆਪਣ ਨੂੰ ਮੁਕਾਉਣਾ ਅਤੇ ਚੰਗੇਰੇਪਣ ਨੂੰ ਪਾਉਣਾ ਹੀ ਭੁੱਲ ਜਾਂਦੇ। ਉਹ ਰੂਹ ਦੇ ਬੋਲ ਸੁਣਨ ਤੋਂ ਆਕੀ। ਰੂਹ-ਬਾਤਾਂ ਦਾ ਹੁੰਗਾਰਾ ਬਣਨ ਤੋਂ ਨਾਬਰ ਅਤੇ ਇਸ ਨਾਬਰੀ ਵਿਚੋਂ ਹੀ ਉਹ ਆਪਣੀ ਰੂਹ ਦੇ ਕਾਤਲ ਬਣੇ, ਰੂਹ-ਵਿਰਲਾਪ ਸੁਣਨ ਤੀਕ ਹੀ ਸੀਮਤ। ਬੰਦ ਸਲਾਖਾਂ 'ਚ ਕੈਦ ਰੂਹ, ਮੂਕ-ਸੁੰਨ ਦੀ ਸਲਾਭ ਹੀ ਹੁੰਦੀ, ਜਿਸ ਵਿਚ ਸਲਾਭੀਆਂ ਜਾਂਦੀਆਂ ਸੋਚਾਂ, ਉਦਮ, ਹਿੰਮਤ, ਹੌਂਸਲਾ ਅਤੇ ਨਵੀਆਂ ਪੁਲਾਂਘਾਂ ਪੁੱਟਣ ਦਾ ਚਾਅ। ਉਹ ਤਾਂ ਸਿਰਫ ਜ਼ਰਜਰੀ ਹੋਂਦ ਦਾ ਨਿਗੁਣਾ ਹਾਸਲ ਬਣ ਕੇ ਹੀ ਰਹਿ ਜਾਂਦੇ।***

ਰੂਹ-ਝੀਤ ਰਾਹੀਂ ਹੀ ਸਿਰਜਿਆ ਜਾਂਦਾ ਸਬੰਧਾਂ, ਰਿਸ਼ਤਿਆਂ, ਸਕੀਰੀਆਂ ਅਤੇ ਸਾਕਾਂ ਵਿਚਲੀ ਅਪਣੱਤ ਅਤੇ ਮੋਹ ਦਾ ਮੁਹਾਂਦਰਾ। ਕਲਾ, ਕਿਰਤ ਜਾਂ ਕਾਰੀਗਰੀ ਦਾ ਸਬੱਬ ਵੀ ਰੂਹ-ਝੀਤ ਹੀ ਹੁੰਦੀ।

ਰੂਹ-ਝੀਤ ਰਾਹੀਂ ਹੀ ਆਪਣੇ ਤੇ ਪਰਾਏ ਦੀ ਪਛਾਣ, ਦੁੱਖ ਤੇ ਸੁੱਖ ਨੂੰ ਸਮਸਰ ਜਾਨਣ ਦੀ ਸੋਝੀ, ਹਉਕੇ ਤੇ ਹਾਸੇ ਨੂੰ ਹਾਸਲ ਬਣਾਉਣ ਦੀ ਸਿਆਣਪ ਅਤੇ ਦੂਰੀ ਤੇ ਨੇੜਤਾ ਵਿਚਲੀ ਇਕਸਾਰਤਾ ਨੂੰ ਮਨ ਵਿਚ ਉਪਜਾਉਣ ਦਾ ਹੁਨਰ।

ਕਲਮ ਅਕਸਰ ਹੀ ਰੂਹ ਦੀਆਂ ਬਾਤਾਂ ਪਾਉਂਦੀ। ਰੂਹ-ਰਾਗਣੀ ਬਣ ਜਾਂਦੀ,

ਰੂਹ-ਦਰਵਾਜਾ ਜਾਂ ਖੁੱਲ੍ਹਾ ਹੋਵੇ
ਤਾਂ ਮਹਿਕ ਹਵਾ 'ਚੋਂ ਆਵੇ
ਸੁਪਨਿਆਂ ਦੀ ਇਕ ਸੱਗਵੀਂ ਸੱਧਰ
ਦੀਦਿਆਂ ਦੇ ਨਾਮ ਲਾਵੇ
ਚਾਅ ਦੀ ਬਗਲੀ ਮੋਢੇ ਪਾ ਕੇ
ਮਨ-ਗਲੀਆਂ ਵਿਚ ਗਾਵੇ
ਕਦਮਾਂ ਦੇ ਵਿਚ ਸਫਰ ਉਗਮਿਆ,
ਪੈੜਾਂ ਬਣਦਾ ਜਾਵੇ
ਤੇ ਸੂਹੇ ਦਿਸਹੱਦਿਆਂ ਦੀ ਆਭਾ
ਸੋਚ-ਨਗਰੀਂ ਉਪਜਾਵੇ
ਮਸਤਕ ਦੇ ਸੱਖਣੇ ਆਲ੍ਹੇ ਵਿਚ
ਚਾਅ-ਚਿਰਾਗ ਜਗਾਵੇ
ਤੇ ਕਾਲਖ ਵਰਗੇ ਕਰਮ-ਰੇਖਾਵੀਂ
ਜਾਗ ਚਾਨਣ ਦਾ ਲਾਵੇ
ਤਾਂ ਕਿ
ਉਸਰੀਆਂ ਕੰਧਾਂ ਬਣ ਜਾਣ ਕਮਰੇ
ਤੇ ਕਮਰਿਆਂ ਦਾ ਘਰ ਹੋਵੇ
ਖਿੜਕੀਆਂ ਖੁੱਲੀਆਂ ਰਹਿਣ ਹਮੇਸ਼ਾ
ਤੇ ਪੌਣ ਸੁਗੰਧੀ ਚੋਵੇ
ਰੌਸ਼ਨਦਾਨਾਂ 'ਚੋਂ ਉਤਰੀ ਧੁੱਪ
ਅੰਤਰ ਰੂਹ ਨੂੰ ਪੋਹਵੇ
ਪੱਤੀਂ ਉਪਜੇ ਮਿੱਠੜੇ ਰਾਗ 'ਤੇ
ਕੋਈ ਪਾਬੰਦੀ ਨਾ ਹੋਵੇ
ਹੋਠਾਂ ਉਪਰ ਚਿਪਕੀ ਚੁੱਪ ਵੀ
ਬੋਲੀਂ ਹਾਰ ਪਰੋਵੇ
ਫੁੱਲਾਂ ਜੂਹੇ ਹਾਸ-ਮੁਸਕਣੀ
ਤੇ ਜ਼ਿਕਰ ਬਹਾਰ ਦਾ ਹੋਵੇ
ਰੂਹ ਮੌਲੇ ਤਾਂ
ਹਰਫ-ਡਾਰ ਵੀ ਰੰਗ 'ਚ ਰੰਗੀ
ਬਣੇ ਅਰਥ-ਅਰਦਾਸ
ਵਰਕਾ ਵਰਕਾ ਹੋ ਕੇ ਫੈਲੇ
ਮਨ-ਰਮਤਾ ਦੀ ਆਸ
ਤੇ ਹਰਖੇ ਦਿਲ ਦਾ ਦਾਰੂ ਬਣਦਾ
ਮਿੱਤਰ-ਮੋਢਾ ਧਰਵਾਸ।

ਰੂਹ-ਝੀਤ ਵਿਚੋਂ ਝਰਦੀ ਚਾਨਣੀ ਹੀ ਤਾਰਿਆਂ ਭਰੀ ਰਾਤ, ਮਨ ਬੰਨੇਰੇ 'ਤੇ ਉਤਰਦੀ ਪ੍ਰਭਾਤ, ਚਾਅ-ਤਲੀ 'ਤੇ ਸ਼ੁਭ ਪਲਾਂ ਦੀ ਸੌਗਾਤ। ਇਹ ਅਜਿਹੇ ਪਲਾਂ ਦੀ ਦਾਤ ਹੁੰਦੀ, ਜਿਥੇ ਕਿਸੇ ਦੀ ਕੋਈ ਨਾ ਜਾਤ ਹੁੰਦੀ।

ਰੂਹ-ਝੀਤ ਥੀਂ ਆਪ ਵੀ ਝਾਤੀ ਮਾਰੋ ਅਤੇ ਦੂਜਿਆਂ ਨੂੰ ਵੀ ਝਾਤੀ ਮਾਰਨ ਦਿਓ, ਕਿਉਂਕਿ ਜਦ ਤੁਸੀਂ ਪਾਕ ਤੇ ਪਾਰਦਰਸ਼ੀ ਹੋਵੋਗੇ ਤਾਂ ਦੂਜਿਆਂ ਨੂੰ ਵੀ ਆਪਣੇ ਅੰਤਰੀਵ ਨੂੰ ਪਵਿੱਤਰ ਕਰਨ ਅਤੇ ਪਾਕੀਜ਼ਗੀ ਦਾ ਪੈਗਾਮ ਬਣਨ ਦੀ ਤੌਫੀਕ ਹਾਸਲ ਹੋਵੇਗੀ।

# ਬਾਬੇ ਨਾਨਕ ਦੇ ਚਰਨਾਂ ਵਿਚ...

## ਲਾਲੋ ਦੀ ਕੁੱਲੀ ਵਿਚ ਬਾਬੇ ਦੇ ਦਰਸ਼ਨ

ਵਸੋਂ ਤੋਂ ਪਰੇਡੇ ਇਕ ਮਜ਼ਦੂਰ ਦੀ ਕੁੱਲੀ ਸੀ।
ਭਾਈਚਾਰੇ ਵਿਚ ਉਹਦੀ ਥਾਂ ਵੀ ਰੁੱਲੀ ਸੀ।
ਕਦੇ ਖਿਆਲ ਨਾ ਕੀਤਾ ਸੀ,
ਉਹਦਾ ਪੂੰਜੀਦਾਰਾਂ ਨੇ।
ਪਿੰਡ ਦਿਆਂ ਸਰਦਾਰਾਂ ਨੇ,
ਮਤਲਬ ਦਿਆਂ ਯਾਰਾਂ ਨੇ।
ਚੁੱਪ-ਚਾਪ ਉਹ ਰਹਿੰਦਾ ਸੀ
ਤੇ ਮਸਤ ਦੀਵਾਨਾ ਸੀ।
ਖੁਸ਼ੀਆਂ ਨਾਲ ਪੁਰ ਹੋਇਆ,
ਉਸ ਪਾਸ ਖਜਾਨਾ ਸੀ।
ਉਹ ਤੰਗ ਜ਼ਮਾਨੇ ਤੋਂ,
ਉਸ ਤੋਂ ਤੰਗ ਜ਼ਮਾਨਾ ਸੀ।

ਖੁੱਲ੍ਹੇ ਅਕਾਸ਼ ਥੱਲੇ
ਕਿਉਂਕਿ ਉਹ ਵਸਦਾ ਸੀ।
ਦੁਨੀਆਂ ਦੀ ਤੰਗਦਿਲੀ 'ਤੇ
ਖਿੱਲੀ ਪਾ ਹਸਦਾ ਸੀ।
ਉਹਦੇ ਪੱਧਰ ਜਿਹੇ ਦਿਲ ਵਿਚ,
ਨਾ ਵੱਟਾਂ-ਬੰਦੀਆਂ ਸਨ।
ਪਖੰਡੀ ਧਰਮ ਦੀਆਂ
ਨਾ ਫਾਹਿਆ-ਫੰਦੀਆਂ ਸਨ।
ਉਹ ਸੋਚੀਂ ਪੈ ਜਾਂਦਾ
ਤੇ ਗਮਾਂ ਵਿਚ ਵਹਿ ਜਾਂਦਾ।
ਉਹਦਾ ਤੇਸਾ ਫੜਿਆ ਹੋਇਆ,
ਹੱਥ ਵਿਚ ਹੀ ਰਹਿ ਜਾਂਦਾ।

ਦੁਨੀਆਂ ਦੇ ਧੱਕੇ ਨੂੰ
ਚੁਪ-ਚਾਪ ਉਹ ਸਹਿ ਗਿਆ।
ਅੰਦਰ ਦਾ ਜੋਸ਼ ਉਹਦਾ,
ਮੁੜ੍ਹਕਾ ਬਣ ਵਹਿ ਗਿਆ।
ਉਸੇ ਹੀ ਪਿੰਡ ਦੇ ਵਿਚ,
ਭਾਗੋ ਠੱਗ ਵਸਦਾ ਸੀ,
ਜੋ ਹੱਕ ਪਰਾਏ ਨੂੰ,
ਆਪਣਾ ਦੱਸ ਖੱਸਦਾ ਸੀ।
ਦਾਨ ਦਾ ਝਾਂਸਾ ਦੇ,
ਦਾਨੀ ਅਖਵਾਂਦਾ ਸੀ,
ਲੋਕਾਂ ਦਾ ਲੁੱਟ-ਪੁੱਟ ਕੇ
ਸਾਧਾਂ ਥੀਂ ਖਵਾਂਦਾ ਸੀ।
ਉਚ ਟੁਕੜ ਗਦਾਈ ਫਿਰ
ਉਸ ਨੂੰ ਵਡਿਆਂਵਦੇ ਸਨ,
ਉਹਦੇ ਚੰਗੇ ਹੋਵਣ ਦਾ
ਡੰਕਾ ਵਜਵਾਂਵਦੇ ਸਨ।

ਲਾਲੋ ਦੀ ਕੁੱਲੀ ਵਿਚ,
ਅੱਜ ਠੱਕ-ਠੱਕ ਜਾਰੀ ਸੀ।
ਖੁਸ਼ੀਆਂ ਵਿਚ ਮਸਤ ਹੋਈ,
ਸੂਰਤ ਉਹ ਪਿਆਰੀ ਸੀ।
ਕਿਸੇ ਬੂਹੇ ਆ ਕੇ ਸੀ,
ਅਲਖ ਜਗਾ ਦਿੱਤੀ।
ਜਿਉਂ ਜਾਦੂਗਰ ਨੇ ਆ,
ਪਈ ਹੋਸ਼ ਭੁਲਾ ਦਿੱਤੀ।
ਖੁਸ਼ੀਆਂ ਵਿਚ ਮਸਤ ਹੋਇਆ,
ਤੱਕ ਨਾਨਕ ਪਿਆਰੇ ਨੂੰ।
ਗਰੀਬਾਂ ਦੇ ਪਾਲਕ ਨੂੰ,
ਤੇ ਮਜ਼ਲੂਮਾਂ ਦੇ ਸਹਾਰੇ ਨੂੰ।

ਲਾਲੋ ਨੇ ਕਿਹਾ,
ਬਾਬਾ ਜੀ, ਮੈਥੋਂ ਕੀ ਲੈਣਾ ਸੀ?
ਤੁਸਾਂ ਮਲਕ ਭਾਗੋ ਦੇ
ਮਹਿਲੀਂ ਟਿਕ ਰਹਿਣਾ ਸੀ।

ਬਾਬਾ ਨਾਨਕ: ਭਾਗੋ ਦੇ ਮਹਿਲਾਂ ਵਿਚ
ਮੈਨੂੰ ਨੀਂਦ ਨਾ ਆਉਣੀ ਸੀ।
ਸਤੀਆਂ ਹੋਈਆਂ ਰੂਹਾਂ ਨੇ
ਮੇਰੀ ਰੂਹ ਸਤਾਉਣੀ ਸੀ।
ਭਾਗੋ ਦੇ ਮਹਿਲਾਂ ਵਿਚ,
ਮੈਨੂੰ ਚੈਨ ਨਾ ਆਉਣੀ ਸੀ।
ਕਿਉਂਕਿ ਹੱਕ ਪਰਾਏ ਦੀ,
ਉਸ ਰੱਤ ਖੁਆਉਣੀ ਸੀ।

ਲਾਲੋ ਫਿਰ ਸਮਝ ਗਿਆ,
ਇਹ ਸੰਤ ਅਨੋਖਾ ਏ।
ਠੱਗੀ ਨੂੰ ਠੱਗੀ ਆਖੇ,
ਧੋਖੇ ਨੂੰ ਧੋਖਾ ਏ।
ਰੱਜ ਸੇਵਾ ਕੀਤੀ ਸੂ,
ਆਪਣਾ ਚਾਅ ਲਾਹ ਲੀਤਾ।
ਦਰਸ਼ਨ ਗੁਰੂ ਨਾਨਕ ਦਾ,
ਰੱਜ-ਰੱਜ ਕੇ ਪਾ ਲੀਤਾ।

*-ਨਰੰਜਨ ਸਿੰਘ 'ਫਕੀਰ' (ਮਰਹੂਮ)*

---

## ਗੁਰੂ ਨਾਨਕ

**(ਉਸ ਅਨੁਪਮ ਮੌਕੇ ਦੀ ਖੁਸ਼ੀ ਦਰਸਾਉਂਦੀਆਂ ਰੁਬਾਈਆਂ)**

ਪੌਣ ਰੁਮਕੀ ਖੁਸ਼ਬੋਆਂ ਵੰਡਦੀ,
ਨੌਭੜ ਪ੍ਰੀਤਾਂ ਜਾਂਦੀ ਗੰਢਦੀ।
ਇਸ਼ਕੇ ਦਾ ਰੰਗ ਖੀਵਾ-ਖੀਵਾ,
ਭੋਰ ਗੁਲਾਬੀ ਸੂਰਜ ਰੰਗ ਦੀ।

ਰੰਗ ਰੰਗ ਵਿਚ ਅਨੇਕ ਰੰਗਣ,
ਹਰਕਤ ਦੇ ਸੰਗ ਛਣਕਣ ਕੰਗਣ।
ਸਧਰਾਂ ਮਨ ਵਿਚ ਬੁੱਲੀਂ ਸਿਜਦੇ,
ਪੀਰ ਆਪਣੇ ਤੋਂ ਮੰਨਤਾਂ ਮੰਗਣ।

ਕੁਦਰਤ ਸੁਰ ਤੇ ਤਾਲ 'ਚ ਆਈ,
ਬਹਾਰ ਹੋਈ ਦੂਣ-ਸੁਆਈ।
ਇਸ਼ਕੇ ਦੀ ਅੱਜ ਲੋਰ ਅਵੱਲੀ,
ਫੁੱਲ, ਕਲੀਆਂ ਗਲਵੱਕੜੀ ਪਾਈ।

ਖੁਸ਼ੀਆਂ ਚਾਈਂ-ਚਾਈਂ ਆਈਆਂ,
ਪ੍ਰੀਤਾਂ ਦੇ ਸੰਗ ਪੀਂਘਾਂ ਪਾਈਆਂ।
ਐਸਾ ਦੇਖ ਕੇ ਰੂਪ ਨਜ਼ਾਰਾ,
ਅੱਲ੍ਹੜ ਮਸਤੀਆਂ ਪੈਲਾਂ ਪਾਈਆਂ।

ਛਣਕਣ ਵੰਗਾਂ ਛਣਕਣ ਚੂੜੇ,
ਬਾਗਾਂ ਦੇ ਵਿਚ ਪਏ ਪੰਘੂੜੇ।
ਜਗਮਗ-ਜਗਮਗ ਆਲਮ ਹੋਇਆ,
ਰੱਬੀ ਰੰਗ ਅੱਜ ਗੂੜ੍ਹੇ-ਗੂੜ੍ਹੇ।

ਰੱਬੀ ਨੂਰ ਅਗੰਮੀ ਅੜਿਆ,
ਰਾਤ ਰਾਣੀ ਦਾ ਸੀਨਾ ਠਰਿਆ।
ਆ ਪਹੁੰਚੀ ਖੁਸ਼ੀਆਂ ਦੀ ਮੰਜ਼ਿਲ,
ਚੰਨ ਸਧਰਾਂ ਦਾ ਵਿਹੜੇ ਚੜ੍ਹਿਆ।

ਕੋਮਲ-ਕੋਮਲ ਕਲੀਆਂ ਖਿਲੀਆਂ,
ਝੂਮਣ ਡਾਲੀਆਂ ਗਿੱਲੀਆਂ-ਗਿੱਲੀਆਂ।
ਫਿਜ਼ਾ ਵੀ ਲਗਦੀ ਮਹਿਕੀ-ਮਹਿਕੀ
ਪ੍ਰੀਤਾਂ ਨੂੰ ਅੱਜ ਪ੍ਰੀਤਾਂ ਮਿਲੀਆਂ।

ਨਿੱਕੇ-ਨਿੱਕੇ ਚਾਅ ਕੁਆਰੇ,
ਮਹਿੰਦੀ ਦੇ ਨਾਲ ਹੱਥ ਸ਼ਿੰਗਾਰੇ।
ਲੈ ਨਿਸ਼ਾਨੀ ਗੋਦੀ ਬੈਠੀ,
ਹੌਲੀ-ਹੌਲੀ ਭਰੇ ਹੁੰਗਾਰੇ।

ਲੰਮੀਆਂ ਵਾਟਾਂ ਹੁਣ ਮੁੱਕ ਗਈਆਂ,
ਰੱਬ ਰਹਿਮਤਾਂ ਝੋਲੀ ਪਈਆਂ।
ਪਾਤਸ਼ਾਹੀਆਂ ਤੇ ਲੱਖਾਂ ਖੁਸ਼ੀਆਂ,
ਕੁਦਰਤ ਕਾਦਰ ਤੋਂ ਅੱਜ ਲਈਆਂ।

*-ਮਨਜੀਤ ਸਿੰਘ ਗਿੱਲ*
*ਡਿਟਰਾਇਟ, ਮਿਸ਼ੀਗਨ।*
*ਫੋਨ: 248-885-6680*

---

## ਮੱਕੇ ਦਾ ਪੀਰ ਨਾਨਕ ਸ਼ਾਹ ਫਕੀਰ

ਬਣਾ ਕੇ ਭੇਸ ਦਰਵੇਸ਼ ਦਾ,
ਸੰਗ ਭਾਈ ਮਰਦਾਨਾ।
ਤੁਰ ਪਏ ਨੇ ਸੁਲਤਾਨਪੁਰੋਂ,
ਮੱਕੇ ਦਾ ਸੇਧ ਨਿਸ਼ਾਨਾ।
ਪਾਕਪਟਨ ਤੋਂ ਸਾਂਭ ਲਈ,
ਬਾਬੇ ਫਰੀਦ ਦੀ ਬਾਣੀ।
ਕਰਾਚੀਓਂ ਅੱਗੇ ਠਿਲ੍ਹ ਪਏ,
ਫਿਰ ਸਮੁੰਦਰ ਥਾਣੀਂ।

ਜਾ ਪਹੁੰਚੇ ਜੇਦਾਹ ਸ਼ਹਿਰ,
ਸਾਊਦੀ ਅਰਬ ਦੇ ਦੇਸ਼।
ਦੇਣ 'ਰੱਬ ਭਾਈ ਇੱਕ ਹੈ,
ਨਾਮੁ ਜਪੋ ਦਾ ਉਪਦੇਸ਼।'
ਉਥੋਂ ਪੈਰੀਂ ਚਾਲੇ ਪਾ ਲਏ,
ਵੱਲ ਪਾਕ ਪਵਿੱਤਰ ਮੱਕੇ।
ਹਾਜੀ ਜ਼ਿਆਰਤ ਕਰਦੇ,
ਜਿੱਥੇ ਮੁਸਲਮਾਨ ਹੋ ਪੱਕੇ।
ਮੁਕਾਇਆ ਲੰਬਾ ਪੈਂਡਾ,
ਬਾਬੇ ਮੱਕੇ ਜਾ ਲਾਏ ਡੇਰੇ।
ਸੁੱਟ ਮੁਸੱਲਾ ਲੇਟ ਗਏ,
ਝੱਟ ਆ ਮੌਲਵੀਆਂ ਘੇਰੇ।
ਅਖੇ 'ਉਠ ਓਏ ਕਾਫਰਾ,
ਕਿਉਂ ਪੈਰ ਕਾਬੇ ਨੂੰ ਕੀਤੇ?
ਉਧਰ ਖੁਦਾ ਵੱਸਦਾ,
ਤੂੰ ਪਾਪਾਂ ਦੇ ਛਾਬੇ ਭਰ ਲੀਤੇ।'

ਅੱਗ ਬਬੂਲੇ ਮੌਲਵੀ ਨੂੰ,
ਕਹੇ ਬਾਬਾ ਸ਼ਾਂਤ ਹੋ ਜਾਵੋ।
'ਜਿਧਰ ਰੱਬ ਨਾ ਵਸੇ,
ਉਧਰ ਚੁੱਕ ਪੈਰ ਖਿਸਕਾਵੋ।'
ਗੁੱਸੇ 'ਚ ਆਏ ਖਾਦਿਮਾਂ,
ਫਿਰ ਚੁੱਕ ਲੱਤਾਂ ਘੁੰਮਾਏ।
ਨਾਲੇ ਕਾਬਾ ਘੁੰਮਦਾ,
ਮੌਲਵੀ ਤੱਕਦਿਆਂ ਚਕਰਾਏ।

ਢਹਿ ਪਏ ਚਰਨਾਂ 'ਤੇ,
ਕਹਿਣ ਗੁਨਾਹ ਸਾਡੇ ਬਖਸ਼ੋ।
ਭੁੱਲ ਚੁੱਕ ਕਰੋ ਮਾਫ,
ਨਜ਼ਰ-ਏ-ਰਹਿਮਤਾਂ ਬਖਸ਼ੋ।
ਤਰਕ ਦੇ ਕੇ ਸਮਝਾਏ,
ਇੱਕ ਥਾਂਹ ਨਹੀਂ ਬੱਝਿਆ।
ਖੁਦਾ ਵਸੇ ਹਿਆਲੀਐ,
ਜਿਨ੍ਹਾਂ ਟੋਲ੍ਹਿਆ ਲੱਭਿਆ।

ਵੰਡ ਕੇ ਸੰਦੇਸ਼ ਮੱਕੇ ਤੋਂ,
ਪਾਏ ਮਦੀਨੇ ਵਲ ਨੂੰ ਚਾਲੇ।
ਭੁੱਲੇ ਨੂੰ ਰਾਹ ਪਾਉਣ ਦੀ,
ਤੀਬਰ ਚਾਹਤ ਸੀ ਹਾਲੇ।
ਕੁਵੈਤ, ਬਸਰਾ, ਕਰਬਲਾ,
ਬਗਦਾਦ ਨੂੰ ਤੁਰਦੇ ਜਾਂਦੇ।
ਜਪਦੇ ਜਾਂਦੇ ਨਾਮੁ ਖੁਦ,
ਨਾਲੇ ਹੋਰਾਂ ਨੂੰ ਜਪਾਉਂਦੇ।

ਇਰਾਨ, ਤੁਰਕਸਤਾਨ,
ਕਾਬੁਲ ਵੱਲ ਮੋੜੇ ਪਾਏ।
ਸਿੱਖੀ ਪਰਪੱਕ ਕਰੀ,
ਅਬਦਾਲ ਹਸਨ ਸਿਧਾਏ।
ਸਿਤਾਵੇ ਵਲੀ ਕੰਧਾਰੀ,
ਸੁਣਾਏ ਲੋਕਾਂ ਦੁੱਖ ਡਾਢੇ।
ਲਾ ਪੰਜਾ ਪਹਾੜੀ 'ਤੇ,
ਗੁਰੂ ਝੀਲ ਨੂੰ ਲਾਏ ਵਾਢੇ।

*-ਸੇਵਾ ਸਿੰਘ ਨੂਰਪੁਰੀ*

---

## ਬਾਬਾ ਫਰੀਦ

ਲੇਖਾਂ ਵੱਲ ਨਾ ਵੇਖੀਂ ਫਰੀਦਾ
ਸਾਡੇ ਪਾਪਾਂ ਵਾਲੀ ਪੰਡ ਵੱਡੀ ਏ।
ਦਰਸ਼ਨ ਦੇ ਕੇ ਹਿਸਾਬ ਬਰਾਬਰ ਕਰ ਦੇਵੀਂ
ਸਭਨਾਂ ਵਿਚ ਹੀ ਕੋਈ ਨਾ ਕੋਈ
ਕਮੀ ਹੁੰਦੀ ਏ।

ਮੈਂ ਤੇਰੇ ਦਰ ਦਾ ਕੂਕਰ
ਭੱਜਿਆ ਆਵਾਂ ਵੱਲ ਤੇਰੇ
ਦੁੱਖ ਮੁਸੀਬਤ ਸੁਣਾ ਕੇ ਤੈਨੂੰ
ਮੁੱਕ ਜਾਂਦੇ ਫਿਕਰ ਸਭ ਮੇਰੇ
ਮਾਖਿਓਂ ਮਿੱਠੀ ਤੇਰੀ ਬਾਣੀ ਸੁਣ ਕੇ
ਰੂਹ ਨੂੰ ਸ਼ਾਂਤੀ ਨਸੀਬ ਹੁੰਦੀ ਏ।

ਹਰ ਇੱਕ ਦੀਆਂ ਤੂੰ
ਮੁਰਾਦਾਂ ਪੂਰੀਆਂ ਕਰਦਾ
ਸਭਨਾਂ ਦਾ ਹੈਂ ਤੂੰ ਸਾਂਝਾ ਬਾਬਾ
ਗੁਰੂ ਗ੍ਰੰਥ ਸਾਹਿਬ ਵਿਚ
ਮਿਲਿਆ ਸਤਿਕਾਰ ਤੈਨੂੰ
ਤਾਂਹੀਓਂ ਤੇਰੇ ਦਰ 'ਤੇ ਦੁਨੀਆਂ ਝੁਕਦੀ ਏ।

ਪੈਰ-ਪੈਰ 'ਤੇ ਮਾਰਗ ਦਰਸ਼ਨ ਕਰਦਾ ਰਹੀਂ
ਭੇੜ ਨਾ ਲਈਂ ਕਿਤੇ ਦਿਲਾਂ ਦੇ ਬੂਹੇ
ਸੰਜਮ ਦੇ ਵਿਚ ਰੱਖੀਂ ਸਾਡੇ ਮਨ ਨੂੰ
ਫੇਰ ਹੀ ਜੀਵਨ ਦੀ ਬਾਜੀ ਜਿੱਤ ਹੁੰਦੀ ਏ।

ਉਚਾ ਰੁਤਬਾ ਤੇਰਾ ਸਾਂਈਆਂ
ਫਰੀਦਕੋਟ ਵਸਿਆ ਤੇਰੇ ਨਾਂ 'ਤੇ
ਤੇਰੇ ਨਾਂ 'ਤੇ ਪਾਕ ਪਵਿੱਤਰ ਮੇਲਾ ਲੱਗਦਾ
ਪੈਰ ਧਰਨ ਨੂੰ ਭੋਰਾ ਵੀ ਨਾ ਥਾਂ ਹੁੰਦੀ ਏ।

*-ਸਰਬਜੀਤ ਸਿੰਘ ਜਿਉਣ ਵਾਲਾ*

# ਸਵਾਗਤ ਗੁਰੂ ਨਾਨਕ ਦੇਵ ਜੀ

ਚਲੋ ਨਾਨਕ ਜੀ! ਇਕ ਹੋਰ ਉਦਾਸੀ,
ਨਵੇਂ ਹੱਦ ਬੰਨੇ ਘੁੰਮ ਕੇ ਆਓ।
ਜੰਮ ਜੰਮ ਆਓ, ਫੇਰਾ ਪਾਓ ਜਲਦੀ,
ਨਿੱਘਰਦੀ ਜਾਂਦੀ ਮੇਰੀ ਧਰਤੀ 'ਤੇ।
ਬਹੁ-ਪੱਖੀ ਵੀਜ਼ੇ ਨੇ ਸਾਰੇ ਤੁਹਾਡੇ ਕੋਲ।
ਪ੍ਰਯੋਜਨ ਦੀ ਲੋੜ ਨਹੀਂ ਤੁਹਾਨੂੰ,
ਅਮਰੀਕਾ-ਕੈਨੇਡਾ ਉਡਾਰੀ ਲਾਓ।
ਸਮੁੰਦਰੀ ਜਹਾਜਾਂ, ਕਾਰਗੋ ਵਿਚ ਨਹੀਂ!
ਉਡਣ-ਖਟੋਲੇ ਦੀਆਂ ਚਾਬੀਆਂ,
ਤੁਹਾਨੂੰ ਭੇਟ ਕਰਾਂਗਾ।

ਸੋਧਣ ਵਾਲੀ ਹੋ ਗਈ ਫੇਰ ਧਰਤ ਲੋਕਾਈ।
ਲੱਖਾਂ ਆਗਾਸ ਪਤਾਲ ਤੇ
ਬ੍ਰਹਿਮੰਡ ਘੁੰਮਣੇ ਬਾਕੀ ਨੇ ਹੋਰ।
ਖੂਨ ਪੀਣੇ ਮਲਕ ਭਾਗੋਆਂ ਨੂੰ ਮਿਲੋਗੇ,
ਸੱਜਣ ਠੱਗਾਂ ਨੂੰ ਨੰਗਾ ਕਰੋਗੇ,
ਵਲੀ ਕੰਧਾਰੀ ਨੂੰ ਚਰਨੀਂ ਪੁਆਉਗੇ।
ਭੂਮੀਏਂ ਚੋਰ ਵੀ ਮਿਲਣਗੇ ਉਥੇ,
ਜੋ ਦਸਾਂ ਨਹੁੰਆਂ? ਉਂਗਲਾਂ ਦੀ ਕਿਰਤ ਕਰ ਕੇ
ਮਾਲ ਲੁੱਟਦੇ ਪੰਡਾਂ ਬੰਨ੍ਹ ਲੈਂਦੇ ਨੇ,
ਲੂਣਾ ਸਲੂਣਾ ਦਾਰੂ ਮੁਰਗਾ ਚੱਟਮ ਕਰ ਕੇ,
ਥਾਲੀ ਵਿਚ ਛੇਕ ਕਰਦੇ ਨੇ,
ਤੇ ਸਭ ਕੁਝ ਉਠਾ ਲੈ ਜਾਂਦੇ ਨੇ ਥਾਲੀ ਸਮੇਤ।

ਊੜਾ, ਐੜਾ, ਅੰਗਰੇਜ਼ੀ, ਸਪੇਨੀ ਬਹੁਭਾਸ਼ਾਈ,
ਕਲਾਸਾਂ ਲੱਗਦੀਆਂ ਨੇ ਮਦਰੱਸਿਆਂ ਵਿਚ।
ਪੰਡਿਤ, ਮੁੱਲਾਂ-ਮੌਲਵੀ ਜਾਣਦੇ ਸਾਰੇ,
ਮੁਨਸ਼ੀ ਪੜ੍ਹਾਕੂ ਨੂੰ ਤੇ ਬੱਚੇ 'ਸਰ' ਨੂੰ
ਸਬਕ ਸਿਖਾਉਂਦੇ ਨੇ ਹੁਣ।
ਤੁਹਾਡਾ ਲਾਇਆ ਸਿੱਖੀ ਦਾ ਬੂਟਾ,
ਵਧ ਰਿਹਾ ਸਾਰੀ ਦੁਨੀਆਂ 'ਤੇ,
ਸ਼ਾਨ ਵਧਾ ਰਿਹਾ ਸਿੱਖ ਫੁਲਵਾੜੀ ਦੀ।

ਤੁਹਾਡੇ ਸੇਵਕਾਂ ਦੇ ਕਰ ਕਮਲਾਂ ਨਾਲ,
ਨਿੱਤ ਨਵੇਂ ਉਸਰਦੇ ਰੱਬ ਦੇ ਨਵੇਂ ਘਰ,
ਮੰਦਿਰ, ਗੁਰਦੁਆਰਿਆਂ ਦੇ ਨੀਂਹ ਪੱਥਰ,
ਤੁਹਾਡੇ ਹੱਥੋਂ ਰਖਾਵਾਂਗਾ ਕੀਰਤੀ ਕਮਾਵਾਂਗਾ।
ਲਾਲੋਆਂ ਦੀ ਕੋਧਰਾ ਰੋਟੀ 'ਚੋਂ ਦੁੱਧ ਵਗਾ ਕੇ,
ਟੀ. ਵੀ., ਅਖਬਾਰਾਂ ਵਿਚ ਫੋਟੋ ਲਵਾਵਾਂਗਾ,
ਕਿਰਤ ਕਰਨ ਦੀ ਫਿਲਾਸਫੀ ਪ੍ਰਚਾਰਾਂਗਾ।

ਪੰਥ ਨੂੰ ਦਰਪੇਸ਼ ਮਸਲੇ ਬੜੇ ਲਟਕ ਰਹੇ ਨੇ,
ਤੁਹਾਡੇ ਵਿਚਾਰ ਗੋਚਰੇ।
ਤੱਪੜ ਨਹੀਂ ਮਿਲਦੇ ਪੰਗਤ ਵਾਸਤੇ,
ਪੈਂਟ ਕੋਟ ਦੀ ਕਰੀਜ਼ ਟੁੱਟਣ ਦਾ ਖਤਰਾ ਹੈ।
ਫਾਸਟ ਫੂਡ, ਕੜਾਹ ਪੂਰੀ, ਪੀਜ਼ਾ, ਬਰਗਰ,
ਮੇਜ਼, ਸੋਫੇ, ਕੁਰਸੀਆਂ 'ਤੇ ਵਰਤੇਗੀ।

ਸਮਾਰਟ ਡਰੱਗ ਵਰਤਾਵਾਂਗਾ, ਸਿਰ ਫੇਰਾਂਗਾ,
ਦੁਨੀਆਂ ਘੁਮਾਵਾਂਗਾ, ਕਰਾਮਾਤ ਦਿਖਾਵਾਂਗਾ।
ਮੈਰਾਥਨ ਦੌੜ ਦੀ ਅਗਵਾਈ ਕਰੋਗੇ।
ਮਾਨਵਤਾ ਪੈਗਾਮ ਦੂਰ ਦੂਰ ਪਹੁੰਚਾਉਗੇ।
ਗਲੋਬਲ ਪਿੰਡ ਭਰਮਣ ਕਰ ਕੇ,
ਉਦਾਸੀਆਂ ਲਾ ਕੇ ਚਾਰ ਚੁਫੇਰੇ।
ਤੁਹਾਡੇ ਪੈਰਾਂ ਵਿਚ ਹੁਣ
ਬਿਆਈਆਂ ਨਹੀਂ ਪਾਟਣਗੀਆਂ।
ਫਸਟ ਏਡ ਕਿੱਟ ਬਕਸਾ, ਬੈਂਡ-ਏਡ,
ਨਾਲ ਰਹਿਣਗੇ ਹੈਂਡ ਬੈਗ ਵਿਚ।

ਅਣਗਿਣਤ ਬਾਲੇ ਤੇ ਮਰਦਾਨੇ,
ਸਿੱਖਿਅਤ ਕੀਰਤਨੀਏ, ਕਥਾਕਾਰ,
ਰਾਹਦਾਰੀ ਲੈਣ ਲਈ ਤੁਹਾਡੇ ਜਥੇ ਵਿਚ,
ਤੁਹਾਡੇ ਸੱਜੇ ਖੱਬੇ ਚੌਰ ਝੁਲਾਉਣਗੇ,
ਗਲ ਵਿਚ ਪੱਲਾ ਪਾ ਪਰਿਕਰਮਾ ਕਰਨਗੇ,
ਗਤਕਾ ਖੇਡਣਗੇ, ਰਬਾਬ ਵਜਾਉਣਗੇ।
ਉਨ੍ਹਾਂ ਦੀ ਰਾਖੀ ਕਰਨੀ ਪਵੇਗੀ ਪਰ,
ਕਬੂਤਰ ਬਣ ਕੇ ਨਾ ਉਡ ਜਾਣ ਕਿਧਰੇ।

ਕੰਪਿਊਟਰ ਤੋਂ ਦੂਰ-ਵਰਤੀ ਕਬਜ਼ਾ,
ਸਮਾਜਕ ਕੁਰੀਤੀਆਂ ਤੋਂ ਸੁਰੱਖਿਆ,
ਧਰਮ-ਸੰਕਟ ਕਸ਼ਟ-ਨਿਵਾਰਕ ਸ਼ਬਦ,
ਤੁਹਾਡੇ ਅੰਗ-ਸੰਗ ਰਹਿਣਗੇ।
ਬੰਗਲੇ 'ਚ ਕਾਊਚ 'ਤੇ ਬੈਠੇ,
ਸਾਰੀ ਦੁਨੀਆਂ ਦੀਆਂ ਤੜਾਵਾਂ,
ਤੁਹਾਡੀ ਮਾਊਸ ਵਿਚ ਹੋਣਗੀਆਂ।

ਨਵਾਬ ਦੇ ਮੋਦੀਖਾਨੇ ਤੇਰਾ ਤੇਰਾ ਬੋਲੋਗੇ।
ਪਾਸਕੂ ਰਹਿਤ ਤੱਕੜੀ ਤੋਲੋਗੇ।
ਬੇਘਰੇ ਭੁੱਖਿਆਂ ਲਈ,
ਸੱਚੇ ਸੌਦੇ ਦੀ ਪਿਰਤ ਪੰਗਤ ਬਿਠਾਉਗੇ।
ਲੰਗਰ ਲਾਉਗੇ, ਮੁਫਤ ਫੂਡ ਛਕਾਉਗੇ।
ਢੱਗੇ ਝੋਟੇ ਵਾਲੇ ਹਲ ਦੀ ਜੰਘੀ ਭੁੱਲ ਜਾਓ,
ਤਾਂਹਾਂ ਤਾਂਹਾਂ ਤੱਤਾ ਤੱਤਾ ਨਹੀਂ ਹੁਣ ਕਹਿਣਾ,
ਵਾਤਾਨਕੂਲ ਟਰੈਕਟਰ ਮਿਲਣ ਬਥੇਰੇ।

ਮੱਝਾਂ ਚਰਾਉਗੇ ਬਿਗਾਨੇ ਖੇਤੀਂ,
ਫਨੀਅਰ ਸੱਪ ਤੋਂ ਛਾਂ ਕਰਵਾਉਗੇ।
ਉਜੜੀ ਖੇਤੀ ਹਰੀ ਭਰੀ ਦਿਖਾਉਗੇ,
ਰਾਏ ਬੁਲਾਰ ਨੂੰ ਭਰਮਾਉਗੇ, ਨਿਵਾਉਗੇ।
ਭੁੱਖ ਜੰਗ ਮੰਦਹਾਲੀ ਝਗੜੇ ਵਾਲੇ,
ਬਗਦਾਦ ਮਦੀਨੇ ਹੁਣ ਨਹੀਂ ਜਾਣਾ,
ਮੱਕਾ ਹੁਣ ਨਹੀਂ ਘੁੰਮਦਾ,
ਸਾਇੰਸ ਕੰਬਖਤ ਵੱਸ ਗਈ ਉਥੇ।

ਭੰਡ ਨੂੰ ਮਾਰੇ ਨਾ ਮੰਦਾ ਬੋਲੇ ਕੋਈ,
ਭੰਡ ਨੂੰ ਭੰਡ ਆਪੇ ਮਾਰੀ ਦੁਰਕਾਰੀ ਜਾਏ,
ਵੱਡੀ ਮੱਛੀ ਛੋਟੀ ਨੂੰ ਖਾਏ।
ਪਾਪ ਦੀ ਜੰਜ, ਦਾਜ ਦੇ ਲੋਭੀ,
ਨਸ਼ੇ ਦੇ ਸੌਦਾਗਰ, ਚਿੱਟੇ ਦੇ ਵਪਾਰੀ,
ਕੁੜੀ ਮਾਰ, ਛੁਰੀ ਮਾਰ, ਨੜੀ ਮਾਰ,
ਮਾਣਸ ਖਾਣੇ ਥਾਂ ਥਾਂ ਫਿਰਦੇ,
ਸ਼ਰਮ ਧਰਮ ਦੀ ਓੜ ਕੇ ਲੋਈ।

ਸੋਨੇ ਕੰਗਣ ਕੈਂਠੇ, ਗਲ ਹੀਰਿਆਂ ਦੀ ਮਾਲਾ,
ਕੰਨ ਪੜਵਾ ਕੇ ਭੇਸ ਵਟਾਈ ਮੁਖੌਟੇ ਪਾਈ,
ਨਜੂਮੀ ਨਾਥ ਜੋਗੀ ਨਕਲੀ ਕੁਸੰਤ ਭੇਖੀ,
ਭਵਿੱਖ ਸਵਾਰਦੇ ਰਿੱਧੀਆਂ ਸਿੱਧੀਆਂ ਦੱਸਦੇ,
ਰੂਹਾਨੀ ਜਾਮ ਪਿਲਾਉਂਦੇ ਬੇਹਿੰਮਤੀ ਮਨਮੁਖ,
ਪ੍ਰਵਚਨ ਕਰਦੇ, ਕਲਗੀ ਮੁਕਟ ਸਜਾਈ।
ਧੂਣੀਆਂ ਲਾਈ ਬੈਠੇ ਡੇਰੇ ਜਮਾਈ।

ਤਮ੍ਹਾ ਲਾਲਚ, ਨਫਰਤ, ਈਰਖਾ,
ਸੜਦੇ ਤੇਲ ਕੜਾਹੇ ਅਤਿਵਾਦ ਵਾਲੇ,
ਅਗਿਆਨ, ਮਹਿੰਗਾਈ, ਭ੍ਰਿਸ਼ਟਾਚਾਰੀ,
ਦੈਂਤ ਕੌਡੇ ਰਾਖਸ਼ ਮੂੰਹ ਅੱਡੀ ਖੜ੍ਹੇ
ਦਨਦਨਾਉਂਦੇ ਦੰਦ ਦਿਖਾ ਰਹੇ ਨੇ।
ਦੁਨੀਆਂ ਨੂੰ ਉਂਗਲਾਂ 'ਤੇ ਨਚਾਉਂਦੇ,
ਥਾਂ ਥਾਂ ਪੰਗਾ ਲੈਂਦੇ ਚਵਾਤੀਆਂ ਲਾਉਂਦੇ,
ਕਸਾਈ ਰਾਜੇ ਸ਼ੀਂਹ ਨੂੰ ਮਿਲਾਵਾਂਗਾ ਉਥੇ।
ਨਵੇਂ ਸ਼ਾਸਕ ਟਰੰਪ ਨੂੰ ਮਿਲਾਵਾਂਗਾ,
ਬਦਲ ਜਾਏ ਉਸ ਦੀ ਵਿਉਂਤਬੰਦੀ ਸ਼ਾਇਦ,
ਉਸ ਦਾ ਤਪਦਾ ਖੂਨ-ਪਿਆਸਾ ਹਿਰਦਾ,
ਸ਼ਾਂਤ ਹੋ ਜਾਏ ਤੁਹਾਡੇ ਰੂਹਾਨੀ ਦਰਸ਼ਨ ਕਰ ਕੇ
ਤੁਹਾਡੇ ਪ੍ਰਵਚਨ ਉਪਦੇਸ਼ ਨੂੰ ਕੰਨੀਂ ਪਾ ਕੇ।

ਜਾਬਰ ਬਾਬਰ ਵਾਲੀ ਚੱਕੀ ਨਹੀਂ ਚੱਲਣੀ ਆਪੇ,
ਹੱਥੀਂ ਪੀਹਣਾ ਪੈਣਾ ਹੁਣ ਆਟਾ।
ਪਾਪ ਦੇ ਸੋਹਲੇ ਲਿਖਣ-ਗਾਉਣ ਵਾਲੇ,
ਭੁਗਤਦੇ ਦੇਸ਼ ਧ੍ਰੋਹੀ ਦੇ ਮੁਕੱਦਮੇ
ਚੜ੍ਹਦੇ ਨੇ ਸੂਲੀ ਫਾਂਸੀ ਦੇਸ਼ ਨਿਕਾਲੇ।
ਕਰਨੀ ਪੈਣੀ ਗੁਰੀਲਾ ਗੁੰਗੀ ਕਲਮੀ ਵਾਰ,
ਉਡਣ ਤਸ਼ਤਰੀਆਂ ਤੇ ਅਗਨ ਬਾਣ,
ਕਰਨੇ ਠੰਢੇ ਲਿਖਤਾਂ ਨਾਲ, ਪ੍ਰੇਰਨਾ ਨਾਲ।

ਰੱਬੀ ਬਾਣੀ ਗੰਢਾਂ ਵਿਚ ਬੰਨ੍ਹ ਕੇ,
ਸੂਰਜ ਨੂੰ ਬੁੱਕਲ ਵਿਚ ਲੈਣ ਵਾਂਗ,
ਲੁਕਾ ਕੇ ਰੱਖਦੇ ਬੰਦਿਸ਼ਾਂ ਵਿਚ।
ਧੂਫ ਦਿੰਦੇ, ਮੱਥਾ ਟੇਕਦੇ,
ਪੂਜਾ ਦਾ ਵੱਲ ਸਿਖਾਉਂਦੇ ਘੜੰਮ ਚੌਧਰੀ,
ਅੱਖਰ ਸ਼ਬਦ ਅਰਥ ਤੋਂ ਕੋਰੇ ਅਗਿਆਨੀ।
ਛੇਤੀ ਚੱਲ, ਖੋਲ੍ਹ ਦੇਹ ਸੱਭੇ ਗੁਪਤ ਗੰਢਾਂ।

ਗੁਰੂ ਗ੍ਰੰਥ ਸਾਹਿਬ ਤੇ ਗੁਰਧਾਮਾਂ ਦੇ,
ਖੁੱਲ੍ਹੇ ਦਰਸ ਦੀਦਾਰ ਮੈਂ ਚਾਹਵਾਂ
ਦਰਸ਼ਨ ਦੀਜੈ ਖੋਲ੍ਹ ਕਿਵਾੜ।
ਖੁੱਲ੍ਹ ਜਾਏ ਕਰਤਾਰਪੁਰ ਲਾਂਘਾ ਸੰਗਤ ਵਾਸਤੇ।
ਏਕ ਨੂਰ, ਏਕ ਪਿਤਾ ਏਕਸ ਕੇ ਸਭ ਬਾਰਿਕ,
ਦੁਸ਼ਮਣੀ ਕਿਸੇ ਨਾਲ ਕਰੇ ਨਾ ਕੋਈ,
ਇਨਸਾਨੀਅਤ, ਪਿਆਰ,
ਪਰਸਪਰ ਸਾਂਝੀਵਾਲਤਾ,
ਚਹੁੰ ਕੂਟਾਂ ਵੱਲ ਘਰ ਘਰ ਪਹੁੰਚਾਓ।

ਮੁਆਫ ਕਰੀਂ, ਮੈਂ ਬੰਦਾ ਤੇਰਾ ਭੁੱਲਣਹਾਰ,
ਨਾ ਮੰਦੇ ਸ਼ਬਦ ਕਹਾਈਂ ਮੈਥੋਂ,
ਸੋਈ ਕਰਾਈਂ, ਸੋਈ ਕਹਾਈਂ ਜੋ ਤੈਨੂੰ ਭਾਵੇ,
ਨਾ ਮੰਦੇ ਕਰਮ ਕਰਾਈਂ ਨਿਮਾਣੇ 'ਪੰਨੂ' ਕੋਲੋਂ।

*-ਚਰਨਜੀਤ ਸਿੰਘ ਪੰਨੂ*
*ਕੈਲੀਫੋਰਨੀਆ।*

ਗੁਰਪੁਰਬ 'ਤੇ ਵਿਸ਼ੇਸ਼

# ਅਨਾਥਾਂ ਦੇ ਨਾਥ ਗੁਰੂ ਰਾਮਦਾਸ

ਚੌਥੀ ਪਾਤਿਸ਼ਾਹੀ ਗੁਰੂ ਰਾਮਦਾਸ ਦਾ ਜਨਮ 1534 ਈ. ਵਿਚ ਅਕਤੂਬਰ ਮਹੀਨੇ ਸੋਢੀ ਹਰਿਦਾਸ ਜੀ ਦੇ ਘਰ ਲਾਹੌਰ ਸ਼ਹਿਰ ਦੀ ਚੂਨਾ ਮੰਡੀ ਬਸਤੀ ਵਿਚ ਹੋਇਆ। ਗੁਰੂ ਜੀ ਦਾ ਨਾਂ 'ਰਾਮਦਾਸ' ਸੀ, ਪਰ ਘਰ ਵਿਚ ਸਭ ਤੋਂ ਵੱਡਾ ਪੁੱਤਰ ਹੋਣ ਕਰਕੇ ਉਨ੍ਹਾਂ ਨੂੰ 'ਜੇਠਾ' ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ। ਉਹ ਸਿਰਫ ਸੱਤ ਸਾਲਾਂ ਦੇ ਸਨ, ਜਦੋਂ ਪਹਿਲਾਂ ਉਨ੍ਹਾਂ ਦੇ ਮਾਤਾ ਜੀ ਅਤੇ ਫਿਰ ਪਿਤਾ ਜੀ ਚਲਾਣਾ ਕਰ ਗਏ। ਉਨ੍ਹਾਂ ਨੂੰ ਨਾਨੀ ਲਾਹੌਰ ਤੋਂ ਆਪਣੇ ਪਿੰਡ ਬਾਸਰਕੇ ਲੈ ਆਈ।




**ਡਾ. ਜਸਵਿੰਦਰ ਸਿੰਘ**
**ਸਿੱਖ ਸੈਂਟਰ, ਸਿੰਗਾਪੁਰ**
**ਫੋਨ: +65-98951996**


ਉਥੇ ਪਰਿਵਾਰਕ ਜ਼ਿੰਮੇਵਾਰੀਆਂ ਵਿਚ ਆਪਣਾ ਯੋਗਦਾਨ ਪਾਉਣ ਲਈ ਉਨ੍ਹਾਂ ਘੁੰਗਣੀਆਂ ਵੇਚਣ ਦਾ ਕੰਮ ਸ਼ੁਰੂ ਕੀਤਾ।

ਜਦੋਂ ਉਹ 12 ਵਰ੍ਹਿਆਂ ਦੇ ਹੋਏ ਤਾਂ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਬਾਸਰਕੇ ਦੀ ਸੰਗਤ ਨਾਲ ਗੋਇੰਦਵਾਲ ਆਏ ਅਤੇ ਅਜਿਹੇ ਪ੍ਰਭਾਵਿਤ ਹੋਏ ਕਿ ਬਾਸਰਕੇ ਪਰਤਣ ਦਾ ਵਿਚਾਰ ਛੱਡ ਕੇ ਸਦਾ ਲਈ ਉਥੇ ਗੁਰੂ-ਸੇਵਾ ਵਿਚ ਮਗਨ ਰਹਿਣ ਲੱਗ ਗਏ। ਉਨ੍ਹਾਂ ਦੀ ਅਦੁੱਤੀ ਸੇਵਾ, ਧਾਰਮਿਕ ਸਾਧਨਾ ਅਤੇ ਹਲੀਮ ਸ਼ਖਸੀਅਤ ਤੋਂ ਗੁਰੂ ਅਮਰਦਾਸ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਸੰਨ 1553 ਈ. ਵਿਚ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਉਨ੍ਹਾਂ ਨਾਲ ਵਿਆਹ ਕਰ ਦਿੱਤਾ। ਲਤੀਫ ਦੇ ਕਹਿਣ ਅਨੁਸਾਰ ਉਨ੍ਹਾਂ ਦਾ ਨਾਂ ਮੋਹਨੀ ਸੀ, ਪਰ ਸਦਾ ਭਾਣੇ ਵਿਚ ਰਹਿਣ ਕਾਰਨ ਭਾਨੀ ਪੈ ਗਿਆ।

ਕਬ ਪਹਰ ਰਾਤ ਰਹੈ ਅੰਮ੍ਰਿਤ ਵੇਲਾ।
ਗੁਰ ਕਰੈ ਇਸ਼ਨਾਨ ਭਗਤ ਸੁਖ ਕੇਲਾ।
ਤਿਸੀ ਸਮੇਂ ਬੀਬੀ ਜੀ ਦਰਸ਼ਨ ਕਰੈ।
ਗੁਰ ਕੀ ਭਗਤ ਸਦ ਹਿਰਦੈ ਧਰੈ।
(ਮਹਿਮਾ ਪ੍ਰਕਾਸ਼)

ਗੁਰੂ ਰਾਮਦਾਸ ਨੇ ਇਕ ਸਫਲ ਗ੍ਰਹਿਸਥੀ ਦੇ ਨਾਲ ਨਾਲ ਅਧਿਆਤਮਕ ਸਾਧਨਾ ਵੀ ਪੂਰੀ ਸ਼ਿੱਦਤ ਅਤੇ ਨਿਸ਼ਠਾ ਨਾਲ ਨਿਭਾਈ। ਉਨ੍ਹਾਂ ਦੇ ਘਰ ਤਿੰਨ ਪੁੱਤਰਾਂ-ਪ੍ਰਿਥੀਚੰਦ, ਮਹਾਂਦੇਵ ਅਤੇ ਅਰਜਨ ਦੇਵ ਨੇ ਜਨਮ ਲਿਆ। ਪ੍ਰਿਥੀਚੰਦ ਸ਼ੁਰੂ ਤੋਂ ਹੀ ਪਿਤਾ-ਗੁਰੂ ਦੇ ਆਦੇਸ਼ਾਂ ਦੀ ਪਾਲਣਾ ਕਰਨ ਅਤੇ ਅਧਿਆਤਮੀ ਰੁਚੀ ਵਾਲਾ ਜੀਵਨ ਬਤੀਤ ਕਰਨ ਦੀ ਥਾਂ ਪ੍ਰਭੁਤਾ ਦਾ ਪ੍ਰਦਰਸ਼ਨ ਕਰਦਾ ਸੀ ਅਤੇ ਗੁਰੂ ਜੀ ਲਈ ਕਈ ਤਰ੍ਹਾਂ ਦੇ ਕਲੇਸ਼ਾਂ ਦਾ ਕਾਰਨ ਬਣਦਾ ਸੀ। ਕਈ ਵਾਰ ਪਰਿਵਾਰਕ ਅਤੇ ਜਾਇਦਾਦ ਸਬੰਧੀ ਮਾਮਲਿਆਂ ਨੂੰ ਲੈ ਕੇ ਗੁਰੂ ਜੀ ਨਾਲ ਤਕਰਾਰ ਵੀ ਕਰਦਾ। ਇਸ ਸਬੰਧੀ ਗੁਰੂ ਰਾਮਦਾਸ ਦੀ ਬਾਣੀ ਵਿਚ ਸੰਕੇਤ ਮਿਲ ਜਾਂਦੇ ਹਨ,

ਕਾਹੈ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ॥
(ਗੁਰੂ ਗ੍ਰੰਥ ਸਾਹਿਬ, ਪੰਨਾ 1200)

ਦੂਜਾ ਪੁੱਤਰ ਮਹਾਂਦੇਵ ਬੇਲਾਗ ਬਿਰਤੀ ਵਾਲਾ ਸੀ। ਤੀਜੇ ਸਪੁੱਤਰ ਅਰਜਨ ਦੇਵ ਨੂੰ ਨਾਨੇ ਗੁਰੂ ਅਮਰਦਾਸ ਦਾ 'ਦੋਹਿਤਾ-ਬਾਣੀ ਕਾ ਬੋਹਿਥਾ' ਹੋਣ ਦਾ ਵਰਦਾਨ ਪ੍ਰਾਪਤ ਸੀ। ਗੁਰੂ ਰਾਮਦਾਸ ਦੀ ਸ਼ਖਸੀਅਤ ਇਕ ਸੱਚੇ ਸਾਧਕ ਦਾ ਬਿੰਬ ਸਿਰਜਦੀ ਹੈ। ਜਦੋਂ ਉਹ ਗੁਰੂ ਅਮਰਦਾਸ ਦੀ ਸ਼ਰਨ ਵਿਚ ਆਏ ਅਤੇ ਮਕਬੂਲ ਚੜ੍ਹੇ ਤਾਂ ਸ਼ੁਕਰਾਨੇ ਵਜੋਂ ਜੋ ਭਾਵ ਪ੍ਰਗਟਾਏ, ਉਹ ਸੱਚਮੁਚ ਨਿਮਰਤਾ ਦਾ ਮਰਮ-ਸਪਰਸ਼ੀ ਚਿਤਰਣ ਹੈ,

ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ
ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ॥
ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ
ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥
ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
(ਪੰਨਾ 167)

ਜਦੋਂ ਅਸੀਂ ਨਿਮਰਤਾ ਦੀ ਗੱਲ ਕਰਦੇ ਹਾਂ ਤਾਂ ਬਾਬਾ ਸ੍ਰੀ ਚੰਦ ਅਤੇ ਗੁਰੂ ਰਾਮਦਾਸ ਦਾ ਮਿਲਾਪ ਯਾਦ ਆ ਜਾਂਦਾ ਹੈ। ਸ੍ਰੀ ਚੰਦ ਨੇ ਗੁਰੂ ਜੀ ਦਾ ਦਾੜ੍ਹਾ ਵੇਖ ਕੇ ਕਿਹਾ ਸੀ, ਇਹ ਕਿਸ ਲਈ ਵਧਾਇਆ ਹੈ?

ਸਿਰੀਚੰਦ ਬੋਲੇ ਤਤਕਾਲੂ।
ਕਰਤਿ ਪਰਖਣਾ ਪਰੇਮ ਦਿਆਲੂ।
ਇਤਨਾ ਦਾੜ੍ਹਾ ਕੈਸ ਬਧਾਯੋ?
ਸੁਨਿਕੇ ਸਤਿਗੁਰ ਭੇ ਨਿੰਮਾਯੋ।

ਗੁਰੂ ਜੀ ਨੇ ਉੱਤਰ ਦਿਤਾ ਕਿ ਆਪ ਦੇ ਚਰਨਾਂ ਨੂੰ ਪ੍ਰੇਮ ਨਾਲ ਪੂੰਝਣ ਵਾਸਤੇ ਵਧਾਇਆ ਹੈ। ਭਾਈ ਸੰਤੋਖ ਜੀ ਆਪਣੀ ਰਚਨਾ ਵਿਚ ਲਿਖਦੇ ਹਨ,

ਚਰਨ ਗਹੇ ਕਰਿ ਪ੍ਰੇਮ
ਸੋ ਪੋਛਹਿ ਬਾਰੰਬਾਰ।
ਇਸ ਹੀ ਹੇਤੁ ਵਧਾਤਿ ਭੇ
ਸੁਨੀਏ ਗੁਰ ਸੁਤ ਦਯਾਰ।

ਗੁਰੂ ਦੀ ਆਗਿਆ ਦਾ ਪਾਲਣ ਕਰਨ ਵਿਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਸੀ। ਇਸੇ ਆਗਿਆ-ਪਾਲਣ ਦੀ ਰੁਚੀ ਕਾਰਨ ਉਹ ਇਕ ਯਤੀਮ ਬੱਚੇ ਤੋਂ ਅਧਿਆਤਮਕ ਤੌਰ 'ਤੇ ਯਤੀਮਾਂ ਦੇ ਸਰਪ੍ਰਸਤ ਬਣ ਸਕੇ। ਰਾਏ ਬਲਵੰਡ ਅਤੇ ਸੱਤੇ ਡੂਮ ਅਨੁਸਾਰ ਉਨ੍ਹਾਂ ਦਾ ਗੁਰੂ-ਪਦ ਪ੍ਰਾਪਤ ਕਰਨਾ ਇਕ ਕਰਾਮਾਤ ਸੀ। ਅਸਲ ਵਿਚ ਪ੍ਰਭੂ ਜਿਸ ਨੂੰ ਪੈਦਾ ਕਰਦਾ ਹੈ, ਉਸ ਨੂੰ ਸੰਵਾਰਦਾ ਵੀ ਹੈ,

ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ
ਆਪਿ ਸਿਰਜਣਹਾਰੈ ਧਾਰਿਆ॥
(ਪੰਨਾ 968)

ਗੁਰੂ ਰਾਮਦਾਸ ਇਕ ਚੰਗੇ ਵਿਵਸਥਾਪਕ ਅਤੇ ਨਿਰਮਾਤਾ ਵੀ ਸਨ। ਗੋਇੰਦਵਾਲ ਵਿਚ ਬਾਉਲੀ ਅਤੇ ਗੁਮਟਾਲਾ, ਸੁਲਤਾਨਵਿੰਡ ਆਦਿ ਪਿੰਡਾਂ ਦੀ ਜ਼ਮੀਨ ਖਰੀਦ ਕੇ 'ਗੁਰ ਕਾ ਚਕ' ਨਗਰ ਅਤੇ ਸਰੋਵਰ ਦਾ ਨਿਰਮਾਣ ਉਨ੍ਹਾਂ ਦੀ ਲਗਨ ਦਾ ਫਲ ਹੈ। ਭਾਈ ਗੁਰਦਾਸ ਲਿਖਦੇ ਹਨ,

ਬੈਠਾ ਸੋਢੀ ਪਾਤਿਸਾਹੁ
ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ
ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।
(ਵਾਰ 1, ਪਉੜੀ 47)


ਗੁਰੂ ਜੀ ਨੇ ਸਿੱਖ ਦੇ ਦਿਨ ਦਾ ਵੇਰਵਾ ਦੇ ਕੇ ਨਵੇਂ ਸਿੱਖ ਸਭਿਆਚਾਰ ਦਾ ਬਿੰਬ ਪੇਸ਼ ਵੀ ਕੀਤਾ,

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
(ਪੰਨਾ 305)

'ਸਵਈਏ ਮਹਲੇ ਚਉਥੇ ਕੇ' ਵਿਚ ਭੱਟ ਕਵੀਆਂ ਨੇ ਗੁਰੂ ਜੀ ਵਿਚ ਪਰਮਾਤਮਾ ਦੀਆਂ ਸੱਭੇ ਸ਼ਕਤੀਆਂ ਅਤੇ ਸਮਰਥਾਵਾਂ ਦਾ ਜ਼ਿਕਰ ਕਰਕੇ ਬੜੇ ਸੁੰਦਰ ਢੰਗ ਨਾਲ ਚਿਤਰਣ ਕੀਤਾ ਹੈ ਅਤੇ ਜਿਗਿਆਸੂਆਂ ਨੂੰ ਦਸਿਆ ਹੈ ਕਿ ਗੁਰੂ ਰਾਮਦਾਸ ਕਲਿਯੁਗ ਅੰਦਰ ਭਵਸਾਗਰ ਤੋਂ ਤਾਰਨ ਵਿਚ ਸਮਰਥ ਅਜਿਹੀ ਸ਼ਖਸੀਅਤ ਹਨ, ਜਿਨ੍ਹਾਂ ਦੇ ਸ਼ਬਦ ਸੁਣਦਿਆਂ ਹੀ ਸਮਾਧੀ ਲੱਗ ਜਾਂਦੀ ਹੈ। ਉਸ ਦੁਖ-ਨਾਸ਼ਕ ਅਤੇ ਸੁਖਦਾਇਕ ਸ਼ਕਤੀ ਦਾ ਕੇਵਲ ਧਿਆਨ ਧਰਨ ਨਾਲ ਹੀ ਉਹ ਨੇੜੇ ਪ੍ਰਤੀਤ ਹੋਣ ਲਗਦੀ ਹੈ,

ਤਾਰਣ ਤਰਣ ਸਮ੍ਰਥੁ ਕਲਿਜੁਗਿ
ਸੁਨਤ ਸਮਾਧਿ ਸਬਦ ਜਿਸੁ ਕੇਰੇ॥
ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ
ਜੋ ਧਰਤ ਧਿਆਨੁ ਬਸਤ ਤਿਹ ਨੇਰੇ॥
(ਪੰਨਾ 1400)

ਗੁਰੂ ਰਾਮਦਾਸ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਰਾਗਾਂ ਵਿਚੋਂ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਉਨ੍ਹਾਂ ਜੋ ਅਧਿਆਤਮਕ ਵਿਚਾਰ ਆਪਣੀ ਬਾਣੀ ਰਾਹੀਂ ਪੇਸ਼ ਕੀਤੇ, ਉਨ੍ਹਾਂ ਦਾ ਮੂਲ ਆਧਾਰ ਗੁਰੂ-ਪਰੰਪਰਾ ਤੋਂ ਪ੍ਰਾਪਤ ਜੀਵਨ-ਦਰਸ਼ਨ ਹੈ। ਅਧਿਆਤਮਕ ਸਾਧਨਾ ਵਿਚ ਬ੍ਰਹਮ ਦੇ ਮੁੱਖ ਤੌਰ 'ਤੇ ਦੋ ਰੂਪਾਂ ਦੀ ਕਲਪਨਾ ਹੋਈ ਹੈ-ਨਿਰਗੁਣ ਅਤੇ ਸਰਗੁਣ। ਗੁਰੂ ਰਾਮਦਾਸ ਨੇ ਗੁਰੂ-ਪਰੰਪਰਾ ਅਨੁਸਾਰ ਨਿਰਗੁਣ ਨਿਰਾਕਾਰ ਬ੍ਰਹਮ ਪ੍ਰਤੀ ਆਸਥਾ ਪ੍ਰਗਟ ਕੀਤੀ ਹੈ। ਉਨ੍ਹਾਂ ਅਨੁਸਾਰ ਪਰਮਾਤਮਾ ਆਦਿ ਪੁਰਖ, ਅਪਰ ਅਪਾਰ, ਸ੍ਰਿਸ਼ਟੀ ਕਰਤਾ, ਅਦੁੱਤੀ, ਯੁਗਾਂ-ਯੁਗਾਂਤਰਾਂ ਤਕ



ਇਕੋ ਇਕ, ਸਦੀਵੀ ਅਤੇ ਸਥਿਰ ਹੈ,

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ
ਤੁਧੁ ਜੇਵਡੁ ਅਵਰੁ ਨ ਕੋਈ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ
ਤੂੰ ਨਿਹਚਲੁ ਕਰਤਾ ਸੋਈ॥ (ਪੰਨਾ 348)

ਗੁਰੂ ਜੀ ਨੇ ਆਪਣੀ ਧਰਮ ਸਾਧਨਾ ਪੂਰੀ ਕਰਨ ਲਈ ਗੁਰੂ, ਸਾਧ ਸੰਗਤ, ਨਾਮ ਸਿਮਰਨ, ਸਦ-ਬਿਰਤੀਆਂ ਨੂੰ ਅਪਨਾਉਣ ਅਤੇ ਦੁਰ-ਬਿਰਤੀਆਂ ਨੂੰ ਤਿਆਗਣ 'ਤੇ ਥਾਂ ਥਾਂ ਜ਼ੋਰ ਦਿੱਤਾ ਹੈ। ਅਜਿਹੀ ਧਰਮ-ਵਿਧੀ ਨੂੰ ਅਪਨਾਉਣ ਤੋਂ ਇਲਾਵਾ ਗੁਰੂ ਰਾਮਦਾਸ ਨੇ ਸਮਾਜਕ ਤੌਰ 'ਤੇ ਵੀ ਮਨੁੱਖ ਨੂੰ ਸੁਚੇਤ ਕੀਤਾ ਹੈ। ਵਰਣਾਂ ਨੂੰ ਕੋਈ ਮਹੱਤਵ ਨਾ ਦਿੰਦਿਆਂ ਆਪਣੇ ਆਪ ਨੂੰ ਜਾਤ-ਪਾਤ ਦੀਆਂ ਹੱਦਾਂ ਤੋਂ ਪਰੇ ਮੰਨਿਆ ਹੈ,

ਹਮਰੀ ਜਾਤਿ ਪਾਤਿ ਗੁਰ ਸਤਿਗੁਰ
ਹਮ ਵੇਚਿਓ ਸਿਰੁ ਗੁਰ ਕੇ॥ (ਪੰਨਾ 731)

ਅਸਲ ਵਿਚ ਚੜ੍ਹਿਆਂ ਜਾਤਾਂ ਵਿਚੋਂ ਉਹੀ ਪ੍ਰਧਾਨ ਹੈ, ਜੋ ਹਰਿ-ਭਗਤੀ ਵਿਚ ਰੁਚੀ ਰੱਖੇ। ਸਤਿਸੰਗਤ ਵਿਚ ਜਾਣ ਨਾਲ ਪਤਿਤ ਵੀ ਪ੍ਰਵਾਨ ਚੜ੍ਹ ਜਾਂਦੇ ਹਨ। ਜਿਸ ਦੇ ਹਿਰਦੇ ਵਿਚ ਪਰਮਾਤਮਾ ਵਸਦਾ ਹੈ, ਉਹੀ ਉਚਾ ਅਤੇ ਸੁੱਚਾ ਹੈ। ਕਥਿਤ ਨੀਚ ਜਾਤਿ ਵਾਲਾ ਸੇਵਕ ਤਾਂ ਸਭ ਤੋਂ ਵੱਧ ਸ੍ਰੇਸ਼ਠ ਹੈ। ਇਸ ਤਰ੍ਹਾਂ ਹਰਿ-ਭਗਤੀ ਦੇ ਖੇਤਰ ਵਿਚ ਜਾਤੀ ਭੇਦ-ਭਾਵ ਨੂੰ ਗੁਰੂ ਜੀ ਨੇ ਵਿਅਰਥ ਦਸ ਕੇ ਤਥਾ-ਕਥਿਤ ਨੀਚ ਜਾਤਾਂ ਵਾਲੇ ਸਾਧਕਾਂ ਨੂੰ ਵੱਧ ਗੌਰਵਸ਼ਾਲੀ ਦਸਿਆ ਹੈ,

ਓਹੁ ਸਭ ਤੇ ਊਚਾ ਸਭ ਤੇ ਸੂਚਾ
ਜਾ ਕੈ ਹਿਰਦੈ ਵਸਿਆ ਭਗਵਾਨੁ॥
ਜਨ ਨਾਨਕੁ ਤਿਸ ਕੇ ਚਰਨ ਪਖਾਲੈ
ਜੋ ਹਰਿ ਜਨੁ ਨੀਚੁ ਜਾਤਿ ਸੇਵਕਾਨੁ॥
(ਪੰਨਾ 861)

ਗੁਰੂ ਰਾਮਦਾਸ ਨੇ ਸਮਾਜਕ ਵਿਕਾਸ ਵਿਚ ਸੇਵਾ ਦੀ ਵਿਸ਼ੇਸ਼ ਦੇਣ ਮੰਨੀ ਹੈ। ਹਉਮੈ ਵਿਚ ਆਪਣੇ ਆਪ ਲਈ ਜੀਵਿਆ ਜਾਂਦਾ ਹੈ, ਪਰ ਸੇਵਾ ਦੀ ਬਿਰਤੀ ਦੇ ਵਿਕਾਸ ਨਾਲ ਦੂਜਿਆਂ ਲਈ ਜੀਵਿਆ ਜਾਂਦਾ ਹੈ। ਅਸਲ ਸੇਵਾ ਉਹ ਹੈ, ਜਿਸ ਨੂੰ ਪਰਮਾਤਮਾ ਵਲੋਂ ਪੂਰੀ ਸਵੀਕ੍ਰਿਤੀ ਪ੍ਰਾਪਤ ਹੋਵੇ,

ਵਿਚਿ ਹਉਮੈ ਸੇਵਾ ਥਾਇ ਨ ਪਾਏ॥
ਜਨਮਿ ਮਰੈ ਫਿਰਿ ਆਵੈ ਜਾਏ॥
ਸੋ ਤਪੁ ਪੂਰਾ ਸਾਈ ਸੇਵਾ
ਜੋ ਹਰਿ ਮੇਰੇ ਮਨਿ ਭਾਣੀ ਹੇ॥
(ਪੰਨਾ 1071)

ਇਸ ਦੇ ਨਾਲ ਗੁਰੂ ਜੀ ਨੇ ਅਨੰਦ ਵਿਆਹ ਦੀ ਰਸਮ ਨੂੰ ਹੋਰ ਪੱਕਿਆਂ ਕਰਨ ਲਈ ਸੂਹੀ ਰਾਗ ਵਿਚ ਚਾਰ ਲਾਵਾਂ ਉਚਾਰੀਆਂ, ਜਿਨ੍ਹਾਂ ਰਾਹੀਂ ਜੀਵਨ ਸਫਰ ਵਿਚ ਦੰਪਤੀ ਨੂੰ ਕਾਮਯਾਬੀ ਦਾ ਰਸਤਾ ਮਿਲਦਾ ਹੈ। ਗੁਰੂ ਜੀ ਨੇ ਸੰਸਾਰ ਵਿਚ ਚੰਗੀ ਤਰ੍ਹਾਂ ਰਹਿਣ ਦੀ ਜਾਚ ਵੀ ਦੱਸੀ। ਜੋੜੇ ਨੂੰ ਯਾਦ, ਨਿਰਮਲ ਭਉ, ਵਿਛੋੜੇ, ਬਿਰਹਾ ਤੇ ਸਹਿਜ ਅਵਸਥਾ ਵਿਚ ਵਿਚਰਨ ਦੀ ਜਾਚ ਇਨ੍ਹਾਂ ਚਾਰ ਲਾਵਾਂ ਰਾਹੀਂ ਦਰਸਾਈ ਗਈ ਹੈ,

ਹਰਿ ਪਹਿਲੜੀ ਲਾਵ ਪਰਵਿਰਤੀ
ਕਰਮ ਦ੍ਰਿੜਾਇਆ ਬਲਿ ਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ
ਪਾਪ ਤਜਾਇਆ ਬਲਿ ਰਾਮ ਜੀਉ॥
(ਪੰਨਾ 773)

ਗੁਰੂ ਰਾਮਦਾਸ ਦੀ ਬਾਣੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਦਾ ਹੀ ਵਿਕਾਸ ਕਰਦੀ ਹੈ। ਕਈ ਪ੍ਰਸੰਗਾਂ ਵਿਚ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਕਿਸੇ ਪੂਰਵ-ਵਰਤੀ ਗੁਰੂ ਦੇ ਸ਼ਬਦ ਅਥਵਾ ਸਲੋਕ ਦੀ ਆਪਣੇ ਢੰਗ ਨਾਲ ਵਿਆਖਿਆ ਕਰ ਰਹੇ ਹਨ। ਅਸਲ ਵਿਚ ਗੁਰਬਾਣੀ ਵਿਚ ਕਈ ਅਧਿਆਤਮਕ ਤੱਥ ਵਾਰ ਵਾਰ ਦੋਹਰਾਏ ਗਏ ਹਨ ਤਾਂ ਜੋ ਜਿਗਿਆਸੂ ਦੀ ਮਾਨਸਿਕਤਾ ਨੂੰ ਬਦਲਿਆ ਜਾ ਸਕੇ। ਇਸ ਤਰ੍ਹਾਂ ਸਾਰੀ ਬਾਣੀ ਦੇ ਉਪਦੇਸ਼ਾਂ ਅਤੇ ਸੰਦੇਸ਼ਾਂ ਵਿਚ ਇਕ ਖਾਸ ਕਿਸਮ ਦੀ ਸਾਂਝ ਹੈ, ਪਰ ਹਰ ਗੁਰੂ ਅਥਵਾ ਭਗਤ ਦੇ ਕਹਿਣ ਦਾ ਆਪਣਾ ਅੰਦਾਜ਼ ਹੈ ਅਤੇ ਇਹ ਅੰਦਾਜ਼ ਸ਼ੈਲੀ, ਬਿੰਬ, ਪ੍ਰਤੀਕ, ਭਾਸ਼ਾ ਆਦਿ ਕਾਵਿ-ਸੋਹਜ ਦੇ ਸਾਧਨਾਂ ਉਤੇ ਨਿਰਭਰ ਕਰਦਾ ਹੈ। ਗੁਰੂ ਜੀ ਨੇ ਸਪੱਸ਼ਟ ਮੰਨਿਆ ਹੈ ਕਿ ਉਹ ਜੋ ਕੁਝ ਬੋਲ ਅਥਵਾ ਲਿਖ ਰਹੇ ਹਨ, ਉਸ ਪਿਛੇ ਬ੍ਰਹਮੀ ਪ੍ਰੇਰਨਾ ਹੈ,

ਆਪੇ ਲੇਖਣਿ ਆਪਿ ਲਿਖਾਰੀ
ਆਪੇ ਲੇਖੁ ਲਿਖਾਹਾ॥ (ਪੰਨਾ 606)

# ਜੋ ਕਿਛੁ ਕਰੈ ਸੋਈ ਸੁਖੁ ਜਾਨਾ

ਗੁਰਬਾਣੀ ਗਿਆਨ

**ਰਾਮਕਲੀ ਮਹਲਾ ੫॥**
ਜੋ ਕਿਛੁ ਕਰੈ ਸੋਈ ਸੁਖੁ ਜਾਨਾ॥
ਮਨੁ ਅਸਮਝੁ ਸਾਧ ਸੰਗਿ ਪਤੀਆਨਾ॥
ਡੋਲਨ ਤੇ ਚੂਕਾ ਠਹਰਾਇਆ॥
ਸਤਿ ਮਾਹਿ ਲੇ ਸਤਿ ਸਮਾਇਆ॥
ਦੂਖੁ ਗਇਆ ਸਭੁ ਰੋਗੁ ਗਇਆ॥
ਪ੍ਰਭ ਕੀ ਆਗਿਆ ਮਨ ਮਹਿ ਮਾਨੀ
ਮਹਾ ਪੁਰਖ ਕਾ ਸੰਗੁ ਭਇਆ॥ ਰਹਾਉ॥
ਸਗਲ ਪਵਿਤ੍ਰ ਸਰਬ ਨਿਰਮਲਾ॥
ਜੋ ਵਰਤਾਏ ਸੋਈ ਭਲਾ॥
ਜਹ ਰਾਖੈ ਸੋਈ ਮੁਕਤਿ ਥਾਨੁ॥
ਜੋ ਜਪਾਏ ਸੋਈ ਨਾਮੁ॥
ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠੁ ਜਹ ਨਾਮੁ ਉਚਰਹਿ॥
ਸਰਬ ਅਨੰਦ ਜਬ ਦਰਸਨੁ ਪਾਈਐ॥
ਰਾਮ ਗੁਣਾ ਨਿਤ ਨਿਤ ਹਰਿ ਗਾਈਐ॥
ਆਪੇ ਘਟਿ ਘਟਿ ਰਹਿਆ ਬਿਆਪਿ॥
ਦਇਆਲ ਪੁਰਖ ਪਰਗਟ ਪਰਤਾਪ॥
ਕਪਟ ਖੁਲਾਨੇ ਭ੍ਰਮ ਨਾਠੇ ਦੂਰੇ॥
ਨਾਨਕ ਕਉ ਗੁਰ ਭੇਟੇ ਪੂਰੇ॥

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, ਹੇ ਭਾਈ ਜਿਸ ਮਨੁੱਖ ਨੂੰ ਗੁਰੂ ਦਾ ਮਿਲਾਪ ਹੋ ਜਾਂਦਾ ਹੈ, ਉਹ ਸਦਾ ਥਿਰ ਪ੍ਰਭੂ ਦਾ ਨਾਮ ਲੈ ਕੇ ਉਸ ਸਦਾ ਥਿਰ ਪ੍ਰਭੂ ਵਿਚ ਹੀ ਲੀਨ ਰਹਿੰਦਾ ਹੈ; ਗੁਰੂ ਦੀ ਮਿਹਰ ਨਾਲ ਪ੍ਰਭੂ ਚਰਨਾਂ ਵਿਚ ਟਿਕਿਆ ਹੋਇਆ ਉਸ ਦਾ ਮਨ ਫਿਰ ਡੋਲਣ ਤੋਂ ਹਟ ਜਾਂਦਾ ਹੈ। ਮਨੁ ਅਸਮਝੁ, ਗੁਰੂ ਨਾਲ ਮਿਲਣ ਤੋਂ ਪਹਿਲਾਂ ਦਾ ਅਸਮਝੁ ਇਆਣਾ ਮਨ ਗੁਰੂ ਦੀ ਸੰਗਤ ਵਿਚ ਆ ਕੇ ਪਤਿਆ ਗਿਆ ਭਾਵ ਸਿਆਣਾ ਹੋ ਗਿਆ; ਫਿਰ ਜੋ ਕੁਝ ਪਰਮਾਤਮਾ ਕਰਦਾ ਹੈ, ਉਸੇ ਨੂੰ ਉਹ ਸੁਖ ਸਮਝਦਾ ਹੈ ਅਤੇ ਅਨੰਦ ਵਿਚ ਰਹਿੰਦਾ ਹੈ।

ਡੋਲਨ ਤੇ ਚੂਕਾ ਠਹਰਾਇਆ॥
ਸਤਿ ਮਾਹਿ ਲੇ ਸਤਿ ਸਮਾਇਆ॥
ਦੂਖੁ ਗਇਆ ਸਭੁ ਰੋਗੁ ਗਇਆ॥
ਪ੍ਰਭ ਕੀ ਆਗਿਆ ਮਨ ਮਹਿ ਮਾਨੀ
ਮਹਾ ਪੁਰਖ ਕਾ ਸੰਗੁ ਭਇਆ॥ ਰਹਾਉ॥

ਰਹਾਉ ਦੀ ਪੰਕਤੀ ਵਿਚ ਜਗਤ ਦੇ ਜੀਵਾਂ ਨੂੰ ਉਪਦੇਸ਼ ਕਰਦਿਆਂ ਪੰਚਮ ਪਾਤਿਸ਼ਾਹ ਆਖਦੇ ਹਨ, ਹੇ ਭਾਈ! ਜਿਸ ਮਨੁੱਖ ਨੂੰ ਜਦ ਪੂਰੇ ਗੁਰੂ ਦਾ ਮਿਲਾਪ ਹੋ ਜਾਂਦਾ ਹੈ, ਫਿਰ ਪ੍ਰਭੂ ਪਰਮਾਤਮਾ ਦੀ ਰਜ਼ਾ ਉਸ ਦੇ ਮਨ ਨੂੰ ਮਿੱਠੀ ਲੱਗਣ ਲੱਗ ਪੈਂਦੀ ਹੈ; ਉਸ ਮਾਲਕ ਦੀ ਰਜ਼ਾ ਵਿਚ ਰਹਿਣ ਨਾਲ ਉਸ ਦਾ ਸਾਰਾ ਦੁੱਖ, ਸਾਰਾ ਰੋਗ ਦੂਰ ਹੋ ਜਾਂਦਾ ਹੈ।

ਸਗਲ ਪਵਿਤ੍ਰ ਸਰਬ ਨਿਰਮਲਾ॥
ਜੋ ਵਰਤਾਏ ਸੋਈ ਭਲਾ॥
ਜਹ ਰਾਖੈ ਸੋਈ ਮੁਕਤਿ ਥਾਨੁ॥
ਜੋ ਜਪਾਏ ਸੋਈ ਨਾਮੁ॥

ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਦਾ ਮਿਲਾਪ ਹੋ ਜਾਂਦਾ ਹੈ, ਗੁਰੂ ਫਿਰ ਉਸ ਤੋਂ ਮਿਹਰਬਾਨ ਪ੍ਰਭੂ ਦਾ ਨਾਮ ਸਦਾ ਹੀ ਜਪਾਉਂਦਾ ਹੈ। ਗੁਰੂ ਉਸ ਮਨੁੱਖ ਨੂੰ ਜਿਥੇ ਰੱਖਦਾ ਹੈ, ਉਹੀ ਉਸ ਲਈ ਵਿਕਾਰਾਂ ਤੋਂ ਖਲਾਸੀ/ਮੁਕਤੀ ਪਾਉਣ ਦਾ ਥਾਂ ਹੁੰਦਾ ਹੈ। ਗੁਰੂ ਦੇ ਹੁਕਮ ਵਿਚ ਰਹਿ ਕੇ ਉਸ ਮਨੁੱਖ ਦੇ ਸਾਰੇ ਉਦਮ ਪਵਿੱਤਰ ਹੁੰਦੇ ਹਨ। ਗੁਰੂ ਦੇ ਹੁਕਮ ਵਿਚ ਰਹਿ ਕੇ ਮਨੁੱਖ ਦੇ ਸਾਰੇ ਕੰਮ ਨਿਰਮਲ ਹੁੰਦੇ ਹਨ। ਹੇ ਭਾਈ, ਫਿਰ ਜੋ ਕੁਝ ਵੀ ਪਰਮਾਤਮਾ ਕਰਦਾ ਹੈ, ਉਸ ਮਨੁੱਖ ਨੂੰ ਉਹੀ ਕੰਮ ਭਲਾ ਭਾਵ ਚੰਗਾ ਲਗਦਾ ਹੈ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠੁ ਜਹ ਨਾਮੁ ਉਚਰਹਿ॥
ਸਰਬ ਅਨੰਦ ਜਬ ਦਰਸਨੁ ਪਾਈਐ॥
ਰਾਮ ਗੁਣਾ ਨਿਤ ਨਿਤ ਹਰਿ ਗਾਈਐ॥

ਸਤਿਗੁਰੂ ਆਖਦੇ ਹਨ, ਹੇ ਭਾਈ! ਜਿਥੇ ਉਸ ਮਿਹਰਬਾਨ ਪ੍ਰਭੂ ਦੇ ਪਿਆਰੇ ਆਪਣੇ ਪੈਰ ਧਰਦੇ ਹਨ, ਉਸ ਥਾਂ ਨੂੰ ਅਠਾਹਠ ਤੀਰਥ ਹੀ ਸਮਝੋ, ਕਿਉਂਕਿ ਜਿਥੇ ਸੰਤ ਜਨ ਪਰਮਾਤਮਾ ਦਾ ਨਾਮ ਸਿਮਰਦੇ ਹਨ, ਉਹ ਥਾਂ ਬੈਕੁੰਠ ਭਾਵ ਸੱਚਖੰਡ ਬਣ ਜਾਂਦਾ ਹੈ; ਜਦੋਂ ਉਨ੍ਹਾਂ ਗੁਰਮੁਖਾਂ ਦਾ ਦਰਸ਼ਨ ਕਰੀਦਾ ਹੈ ਤਾਂ ਸਾਰੇ ਆਤਮਕ ਅਨੰਦ ਪ੍ਰਾਪਤ ਹੋ ਜਾਂਦੇ ਹਨ, ਗੁਰਮੁਖਾਂ ਦੀ ਸੰਗਤ ਵਿਚ ਉਸ ਮਾਲਕ ਦੇ ਗੁਣ ਸਦਾ ਹੀ ਗਾਏ ਜਾ ਸਕੀਦੇ ਹਨ।

ਆਪੇ ਘਟਿ ਘਟਿ ਰਹਿਆ ਬਿਆਪਿ॥
ਦਇਆਲ ਪੁਰਖ ਪਰਗਟ ਪਰਤਾਪ॥
ਕਪਟ ਖੁਲਾਨੇ ਭ੍ਰਮ ਨਾਠੇ ਦੂਰੇ॥
ਨਾਨਕ ਕਉ ਗੁਰ ਭੇਟੇ ਪੂਰੇ॥

ਗੁਰਦੇਵ ਆਖਦੇ ਹਨ, ਹੇ ਭਾਈ ਸੁਣੋ! ਨਾਨਕ ਨੂੰ ਹੁਣ ਪ੍ਰਭੂ ਕਿਰਪਾ ਨਾਲ ਪੂਰੇ ਗੁਰੂ ਦਾ ਮਿਲਾਪ ਹੋ ਗਿਆ ਹੈ, ਹੁਣ ਨਾਨਕ ਨੂੰ ਦਿਸ ਰਿਹਾ ਹੈ ਕਿ ਉਹ ਮਿਹਰਬਾਨ ਕਰਤਾ ਪੁਰਖ ਪਰਮਾਤਮਾ ਆਪ ਹੀ ਹਰ ਇਕ ਸਰੀਰ ਵਿਚ ਮੌਜੂਦ ਹੈ। ਹੁਣ ਉਸ ਦਇਆ ਦੇ ਸੋਮੇ ਅਕਾਲ ਪੁਰਖ ਪਰਮਾਤਮਾ ਦਾ ਤੇਜ ਪ੍ਰਤਾਪ ਹਰ ਥਾਂ ਪ੍ਰਤੱਖ ਦਿਖਾਈ ਦੇ ਰਿਹਾ ਹੈ; ਗੁਰੂ ਦੀ ਕਿਰਪਾ ਨਾਲ ਹੁਣ ਮਨ ਦੇ ਕਿਵਾੜ ਭਾਵ ਬੂਹੇ ਖੁਲ੍ਹ ਗਏ ਹਨ ਅਤੇ ਸਾਰੇ ਹੀ ਭਰਮ ਭੁਲੇਖੇ ਕਿਤੇ ਬਹੁਤ ਦੂਰ ਭੱਜ ਗਏ ਹਨ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-8

# ਹਿੰਦੂ ਏਕਿਆ ਵੇਦੀ

## ਹਿੰਦੂਤਵੀ ਲਸ਼ਕਰ



ਧੀਰੇਂਦਰ ਕੁਮਾਰ ਝਾਅ

**ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਸੂਬਿਆਂ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਕੇਰਲਾ ਵਿਚ ਆਰ. ਐਸ. ਐਸ. ਦੇ ਪੈਰ ਜਮਾਉਣ ਵਾਲੀ ਜਥੇਬੰਦੀ 'ਹਿੰਦੂ ਏਕਿਆ ਵੇਦੀ' ਦੇ ਬਣਨ ਅਤੇ ਉਸ ਦੇ ਕਾਰਿਆਂ ਬਾਰੇ ਖੁਲਾਸੇ ਕੀਤੇ ਗਏ ਹਨ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਕਾਲੀ ਚਾਹ ਦੀ ਇਕ ਹੋਰ ਚੁਸਕੀ। ਥੋੜ੍ਹਾ ਠਹਿਰਾਓ। ਫਿਰ ਉਸ ਦੇ ਨਾਲ ਬੈਠਾ ਸ਼ਖਸ ਮਲਿਆਲਮ ਵਿਚ ਘੁਸਰ-ਮੁਸਰ ਕਰਦਿਆਂ ਉਸ ਨੂੰ ਕੁਝ ਸਮਝਾਉਂਦਾ ਹੈ। ਫਿਰ ਅਧਿਆਪਕਾ ਕੇ. ਪੀ. ਸ਼ਸ਼ੀਕਲਾ ਦੀ ਆਵਾਜ਼ ਗੂੰਜਦੀ ਹੈ, ਜੋ ਹਿੰਦੂ ਏਕਿਆ ਵੇਦੀ (ਐਚ. ਏ. ਵੀ.) ਦੀ ਪ੍ਰਧਾਨ ਹੈ, "ਪਿਛਲੀਆਂ ਸਦੀਆਂ 'ਚ ਬਹੁਤਾ ਸਮਾਂ ਕੇਰਲਾ ਦੇ ਹਿੰਦੂਆਂ ਨੂੰ ਮੁਸੀਬਤ ਝਾਕਣੀ ਪਈ ਹੈ, ਕਿਉਂਕਿ ਉਨ੍ਹਾਂ ਦਾ ਸਫਾਇਆ ਕਰਨ ਦੀ ਗਿਣੀ-ਮਿਥੀ ਕੋਸ਼ਿਸ਼ ਹੋ ਰਹੀ ਸੀ। ਪਹਿਲਾਂ ਇਹ ਸਭ ਕੁਝ ਮੁਸਲਮਾਨ ਅਤੇ ਇਸਾਈ ਤਲਵਾਰਾਂ ਦੇ ਜ਼ੋਰ ਕਰਦੇ ਸਨ, ਹੁਣ ਉਹ ਚਿਹਰੇ 'ਤੇ ਮੁਸਕਰਾਹਟ ਲਿਆ ਕੇ ਕਰ ਰਹੇ ਹਨ।"

ਉਹ ਫਿਰ ਥੋੜ੍ਹਾ ਰੁਕਦੀ ਹੈ, ਵਾਹ ਵਾਹ ਦੀ ਉਡੀਕ ਵਿਚ; ਤੇ ਵਾਹ ਵਾਹ ਤਾਂ ਹਮੇਸ਼ਾ ਹੁੰਦੀ ਹੈ। ਉਨ੍ਹਾਂ ਲੋਕਾਂ ਨੂੰ ਯਕੀਨ ਹੈ ਕਿ ਉਹ ਆਪਣੇ ਉਪਦੇਸ਼ਾਂ ਰਾਹੀਂ ਕੇਰਲਾ ਨੂੰ ਉਨ੍ਹਾਂ ਦੀ ਸਿਆਸਤ ਲਈ ਮੁਆਫਕ ਬਣਾ ਸਕਦੀ ਹੈ।

ਹਿੰਦੂ ਏਕਿਆ ਵੇਦੀ ਕੇਰਲਾ ਵਿਚ ਭਾਜਪਾ ਦੀ ਸਿਆਸਤ ਲਈ ਜ਼ਮੀਨ ਤਿਆਰ ਕਰਨ ਲਈ ਬਣਾਇਆ ਗਿਆ ਆਰ. ਐਸ. ਐਸ. ਦਾ ਵਿੰਗ ਹੈ। ਸ਼ਸ਼ੀਕਲਾ ਦੀ ਜਾਦੂਮਈ ਭਾਸ਼ਣ ਕਲਾ ਦਾ ਕੋਈ ਮੁਕਾਬਲਾ ਨਹੀਂ; ਪਰ ਜਦੋਂ ਕਿਸੇ ਰਸਮੀ ਇੰਟਰਵਿਊ ਦੌਰਾਨ ਔਖੇ ਸਿਆਸੀ ਸਵਾਲਾਂ ਨਾਲ ਨਜਿੱਠਣਾ ਪਵੇ ਤਾਂ ਉਸ ਨੂੰ ਲਗਾਤਾਰ ਮਦਦ ਦੀ ਲੋੜ ਪੈਂਦੀ ਹੈ। ਜੋ ਸ਼ਖਸ ਉਸ ਦੇ ਗੱਲਬਾਤ ਕਰਨ ਦੌਰਾਨ ਲਗਾਤਾਰ ਵਾਹ ਵਾਹ ਕਰਦੇ ਹਨ, ਇਹ ਉਸ ਦੀ ਇਸ ਕੰਮ ਵਿਚ ਮਦਦ ਕਰਨ ਵਾਲੇ ਆਰ. ਐਸ. ਐਸ. ਦੇ ਵਿਸ਼ਵਾਸਪਾਤਰ ਕਾਰਕੁਨ ਹਨ। ਉਹ ਉਸ ਕੋਲ ਬੈਠੇ ਰਹਿੰਦੇ ਅਤੇ ਜਿਉਂ ਹੀ ਉਹ ਕਿਸੇ ਸਵਾਲ ਦੇ ਜਵਾਬ ਲਈ ਇਧਰ ਉਧਰ ਝਾਕਣ ਲੱਗਦੀ ਹੈ, ਉਹ ਉਸ ਦੇ ਕੰਨ ਵਿਚ ਘੁਸਰ-ਮੁਸਰ ਕਰਨੀ ਸ਼ੁਰੂ ਕਰ ਦਿੰਦੇ। ਮੰਚ 'ਤੇ ਉਹ ਪੂਰੀ ਤਰ੍ਹਾਂ ਬਦਲ ਜਾਂਦੀ ਹੈ, ਇਥੇ ਉਹ ਬੇਰੋਕ-ਟੋਕ ਹਿੰਦੂਤਵੀ ਏਜੰਡੇ ਦੇ ਪ੍ਰਚਾਰ ਵਿਚ ਜੁਟ ਜਾਂਦੀ ਹੈ ਅਤੇ ਇਸ ਨੂੰ ਪੂਰੀ ਦ੍ਰਿੜਤਾ ਨਾਲ ਅੱਗੇ ਵਧਾਉਂਦੀ ਹੈ।

ਸ਼ਸ਼ੀਕਲਾ ਦੀ ਅਡੰਬਰੀ ਅਲਫਾਜ਼ੀ ਅਤੇ ਵਿਚ-ਵਿਚ ਨਾਟਕੀ ਢੰਗ ਨਾਲ ਠਹਿਰਾਓ, ਖਾਸ ਕਰਕੇ ਜਦੋਂ ਉਹ ਬਾਕਾਇਦਾ ਗੱਲਬਾਤ ਦੌਰਾਨ ਬੋਲਦੀ ਹੈ, ਅਕਸਰ ਸੁਭਾਵਿਕ ਪੇਸ਼ਕਾਰੀ ਦਾ ਪ੍ਰਭਾਵ ਦਿੰਦਾ ਹੈ। ਸਾਫ ਪਤਾ ਲੱਗਦਾ ਹੈ ਕਿ ਇਹ ਕਵਾਇਦ ਉਹ ਪਹਿਲਾਂ ਵੀ ਕਈ ਵਾਰ ਕਰ ਚੁਕੀ ਹੋਵੇਗੀ। ਉਸ ਦੇ 2003 ਵਿਚ ਹਿੰਦੂ ਏਕਿਆ ਵੇਦੀ ਵਿਚ ਸ਼ਾਮਲ ਹੋਣ ਤੋਂ ਲੈ ਕੇ ਉਸ ਦੀ ਜਨਤਕ ਜ਼ਿੰਦਗੀ ਅਜਿਹੀ ਝਾਕੀ ਵਾਂਗ ਚੱਲ ਰਹੀ ਹੈ, ਜੋ ਆਰ. ਐਸ. ਐਸ. ਦੀ ਲਿਖੀ ਪਟਕਥਾ 'ਤੇ ਆਧਾਰਿਤ ਹੈ। ਉਸ ਨੇ ਇਸੇ ਲਈ ਉਸ ਨੂੰ ਪ੍ਰਧਾਨਗੀ ਨਾਲ ਨਿਵਾਜਿਆ। ਇਸ ਨੂੰ ਉਸ ਦੀ ਕੇਰਲਾ ਦੇ ਸਮਾਜ ਨੂੰ ਚਕਨਾਚੂਰ ਕਰ ਦੇਣ ਦੀ ਕਾਬਲੀਅਤ 'ਤੇ ਡੂੰਘਾ ਭਰੋਸਾ ਸੀ, ਤਾਂ ਜੋ ਭਾਜਪਾ ਅਜਿਹੇ ਰਾਜ ਵਿਚ ਫੈਲ ਸਕੇ, ਜੋ ਹੁਣ ਤਕ ਆਪਣੀ ਦੋ-ਪਾਰਟੀ ਸਿਆਸਤ ਲਈ ਮਸ਼ਹੂਰ ਰਿਹਾ ਹੈ-ਮਾਰਕਸੀ (ਸੀ. ਪੀ. ਐਮ.) ਅਗਵਾਈ ਵਾਲਾ ਖੱਬਾ ਮੁਹਾਜ ਅਤੇ ਕਾਂਗਰਸ ਦੀ ਅਗਵਾਈ ਵਾਲਾ ਯੂਨਾਈਟਿਡ ਡੈਮੋਕਰੈਟਿਕ ਫਰੰਟ।

ਇਸੇ ਦਾ ਨਤੀਜਾ ਹੈ ਕਿ ਹਿੰਦੂਤਵੀ ਗੁੱਟਾਂ ਵੱਲੋਂ ਕੇਰਲਾ ਵਿਚ ਕੀਤੇ ਜਾਣ ਵਾਲੇ ਹਰ ਇਕੱਠ ਵਿਚ ਉਸ ਦੀ ਮੰਗ ਸਭ ਤੋਂ ਵੱਧ ਹੁੰਦੀ ਹੈ; ਜਦਕਿ ਸਥਾਨਕ ਵਾਸੀ ਹੋਣ ਕਾਰਨ ਉਹ ਦੱਖਣੀ ਮਾਲਾਬਾਰ ਦੇ ਜ਼ਿਲਿਆਂ-ਪਾਲਾਕਡ, ਤ੍ਰਿਸੂਰ ਅਤੇ ਮੱਲਾਪੁਰਮ ਵਿਚ ਵੱਧ ਧਿਆਨ ਕੇਂਦ੍ਰਿਤ ਕਰਨ ਨੂੰ ਪਹਿਲ ਦਿੰਦੀ ਹੈ।

1981 ਵਿਚ ਸ਼ਸ਼ੀਕਲਾ ਪਾਲਾਕਡ ਜ਼ਿਲੇ ਦੀ ਸਬ ਤਹਿਸੀਲ ਪਟਾਂਬੀ ਵਿਚ ਪ੍ਰਾਇਮਰੀ ਸਕੂਲ ਅਧਿਆਪਕਾ ਨਿਯੁਕਤ ਹੋਈ। 1993 ਵਿਚ ਤਰੱਕੀ ਕਰ ਕੇ ਉਹ ਸਰਕਾਰੀ ਹਾਈ ਸਕੂਲ ਵਿਚ ਅਧਿਆਪਕਾ ਬਣ ਗਈ, ਜਿਥੇ ਉਸ ਨੇ ਸਮਾਜਿਕ ਵਿਗਿਆਨ ਪੜ੍ਹਾਇਆ (ਇਤਿਹਾਸ ਉਸ ਦਾ ਮਨਪਸੰਦ ਵਿਸ਼ਾ ਸੀ)। ਸ਼ਸ਼ੀਕਲਾ ਹਿੰਦੂ ਏਕਿਆ ਵੇਦੀ ਵਿਚ ਸ਼ਾਮਲ ਹੋ ਕੇ 2003 ਵਿਚ ਇਸ ਦੀ ਮੀਤ ਪ੍ਰਧਾਨ ਬਣੀ। ਜਦੋਂ ਇਸ ਜਥੇਬੰਦੀ ਨੂੰ ਮੁੜ ਸੁਰਜੀਤ ਕਰਕੇ ਆਰ. ਐਸ. ਐਸ. ਵਲੋਂ ਇਸ ਦਾ ਢਾਂਚਾ ਮੁੜ ਬਣਾਇਆ ਗਿਆ ਤਾਂ 2007 ਵਿਚ ਉਸ ਨੂੰ ਪ੍ਰਧਾਨ ਬਣਾਇਆ ਗਿਆ, ਹੁਣ ਤਕ ਇਹ ਅਹੁਦਾ ਉਸੇ ਕੋਲ ਹੈ।

ਸ਼ਸ਼ੀਕਲਾ ਦੇ ਭਾਸ਼ਣ ਜਾਹਰਾ ਤੌਰ 'ਤੇ ਸਮਾਜ ਵਿਚ ਫਿਰਕੂ ਪਾੜਾ ਪਾਉਣ ਵਾਲੇ ਹੁੰਦੇ ਹਨ। ਉਹ ਦਾਅਵੇ ਨਾਲ ਕਹਿੰਦੀ ਹੈ ਕਿ ਉਹ ਤਾਂ ਆਪਣੀ ਭਾਸ਼ਣ ਕਲਾ ਹਿੰਦੂਆਂ ਨੂੰ 'ਜਗਾਉਣ' ਲਈ ਵਰਤ ਰਹੀ ਹੈ। ਮਜ਼ੇ ਦੀ ਗੱਲ ਇਹ ਹੈ ਕਿ ਭਾਸ਼ਣ ਦੇਣ ਵੇਲੇ ਉਹ ਵਾਲੁਵਨਾਦਨ ਉਪ-ਬੋਲੀ ਬੋਲਦੀ ਹੈ, ਜੋ ਮੁੱਖ ਤੌਰ 'ਤੇ ਵਾਲੂ ਵਨਾਦੂ ਇਲਾਕੇ ਦੇ ਬ੍ਰਾਹਮਣਾਂ ਅਤੇ ਹੋਰ ਉਚ ਜਾਤੀਆਂ ਦੀ ਪ੍ਰਚਲਿਤ ਬੋਲੀ ਹੈ। ਇਹ ਖੇਤਰ ਪਾਲਾਕਡ, ਤ੍ਰਿਸੂਰ ਅਤੇ ਮੱਲਾਪੁਰਮ ਜ਼ਿਲਿਆਂ ਦੇ ਹਿੱਸਿਆਂ ਦਾ ਬਣਿਆ ਹੋਇਆ ਹੈ। ਉਸ ਦੇ ਆਲੋਚਕ



ਹਿੰਦੂ ਏਕਿਆ ਵੇਦੀ ਦੀ ਆਗੂ ਕੇ. ਪੀ. ਸ਼ਸ਼ੀਕਲਾ

ਮਹਿਸੂਸ ਕਰਦੇ ਹਨ ਕਿ ਉਸ ਦੇ ਭਾਸ਼ਣਾਂ ਦਾ ਮਜ਼ਮੂਨ ਅਤੇ ਬੋਲੀ-ਸ਼ੈਲੀ ਉਚ ਜਾਤੀਆਂ, ਖਾਸ ਕਰ ਬ੍ਰਾਹਮਣਾਂ ਵਲੋਂ ਆਪਣੀ ਰਾਜਸੀ ਧੌਂਸ ਮੁੜ ਜਮਾਉਣ ਦੇ ਯਤਨਾਂ ਦੀ ਨੁਮਾਇੰਦਗੀ ਕਰਦੇ ਹਨ, ਜਿਵੇਂ ਕਦੇ ਅਤੀਤ ਵਿਚ ਉਨ੍ਹਾਂ ਦਾ ਸਿੱਕਾ ਚਲਦਾ ਸੀ।

ਸ਼ਸ਼ੀਕਲਾ ਦਾ ਹਰ ਭਾਸ਼ਣ ਹੀ ਭਾਵੇਂ ਫਿਰਕੂ ਪਾੜਾ ਪਾਉਣ ਵਾਲਾ ਹੁੰਦਾ ਹੈ, ਕਈ ਵਾਰ ਤਾਂ ਉਹ ਨਿਹਾਇਤ ਘਿਨਾਉਣੇ ਤਰੀਕੇ ਨਾਲ ਵਾਰ ਕਰਦੀ ਹੈ। ਕੇਰਲਾ ਦੇ ਸਹਿਕਾਰਤਾ ਮੰਤਰੀ ਜੀ. ਸੁਧਾਕਰਨ ਨੂੰ ਨਿਸ਼ਾਨਾ ਬਣਾਉਣ ਵਾਲੇ ਉਸ ਦੇ ਭਾਸ਼ਣ ਦੀ ਮਿਸਾਲ ਲੈ ਲਓ, ਜਿਸ ਨੇ ਮਸ਼ਹੂਰ ਗੁਰੂ ਵਾਯੂਰ ਮੰਦਿਰ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਕੇ ਮਸ਼ਹੂਰ ਇਸਾਈ ਗਾਇਕ ਕੇ. ਜੇ. ਯੇਸੂਦਾਸ ਨੂੰ ਮੰਦਿਰ ਵਿਚ ਜਾਣ ਦੀ ਇਜਾਜ਼ਤ ਦੇਣ ਬਾਰੇ ਸੋਚ-ਵਿਚਾਰ ਕਰਨ ਦੀ ਗੁਜ਼ਾਰਿਸ਼ ਕੀਤੀ ਸੀ। ਜਦੋਂ ਸ਼ਸ਼ੀਕਲਾ ਹਿੰਦੂ ਏਕਿਆ ਵੇਦੀ ਦੀ ਪ੍ਰਧਾਨ ਬਣੀ ਹੀ ਸੀ, ਉਸ ਨੇ ਵਿਵਾਦਪੂਰਨ ਭਾਸ਼ਣ ਦਿੰਦਿਆਂ ਸਵਾਲ ਕੀਤਾ ਸੀ, "ਕੀ ਉਹ ਅਜਿਹੀ ਚਿੱਠੀ ਸਾਊਦੀ ਅਰਬ ਦੇ ਅਧਿਕਾਰੀਆਂ ਨੂੰ ਵੀ ਲਿਖਣਗੇ ਕਿ ਉਹ ਮੱਕਾ ਵਿਖੇ ਯੇਸੂਦਾਸ ਦਾ ਜਾਣਾ ਯਕੀਨੀ ਬਣਾਉਣ? ਕੀ ਉਹ ਅਜਿਹਾ ਕਰਨ ਦਾ ਜੇਰਾ ਕਰੇਗਾ?"

ਇਕ ਹੋਰ ਮਿਸਾਲ ਦੇ ਲਓ, "1921 ਵਿਚ ਜਦੋਂ ਮੁਲਾਣਿਆਂ (ਮੋਪਲਾ) ਦੀ ਟੋਲੀ ਨੇ ਮਾਲਾਬਾਰ ਵਿਚ ਸਾੜ੍ਹਸਤੀ ਮਚਾਈ ਤਾਂ ਹਿੰਦੂ ਆਪਣਾ ਸਭ ਕੁਝ ਛੱਡ ਕੇ ਭੱਜ ਗਏ ਸਨ, ਆਪਣੇ ਘਰ-ਬਾਰ, ਧਨ-ਦੌਲਤ ਅਤੇ ਆਪਣੇ ਮੰਦਿਰ। ਇਹ ਕੇਰਲਾ ਦੇ ਇਤਿਹਾਸ ਦੀ ਸਭ ਤੋਂ ਸ਼ਰਮਨਾਕ ਘਟਨਾ ਸੀ। ਹੁਣ ਜ਼ਮਾਨਾ ਬਦਲ ਗਿਆ ਹੈ। ਮਰਾੜ ਵਿਚ ਜਦੋਂ ਅੱਠ ਲੋਕਾਂ ਦਾ ਕਤਲ ਕੀਤਾ ਗਿਆ ਅਤੇ ਪੰਦਰਾਂ ਹੋਰ ਗੰਭੀਰ ਜ਼ਖਮੀ ਹੋਏ ਤਾਂ ਹਿੰਦੂ ਭੱਜੇ ਨਹੀਂ, ਡਟੇ ਰਹੇ। ਇਹ ਹੌਸਲਾ ਆਪਣੇ ਆਪ ਨਹੀਂ ਆਇਆ। ਇਹ ਆਰ. ਐਸ. ਐਸ. ਦੇ ਅਨੁਸ਼ਾਸਤ ਅਤੇ ਬੱਝਵੇਂ ਯਤਨ ਸਨ, ਜਿਨ੍ਹਾਂ ਨੇ ਹਿੰਦੂਆਂ ਵਿਚ ਇਹ ਹੌਸਲਾ ਭਰਿਆ। ਇਸੇ ਤਰ੍ਹਾਂ ਜਦ 1950ਵਿਆਂ ਵਿਚ ਇਸਾਈ ਮੂਲਵਾਦੀਆਂ ਨੇ ਸ਼ਬਰੀਮਾਲਾ ਮੰਦਿਰ ਸਾੜ ਕੇ ਸੁਆਹ ਕਰ ਦਿੱਤਾ, ਹਿੰਦੂ ਕੁਝ ਨਹੀਂ ਸੀ ਕਰ ਸਕੇ। ਉਹ ਸਿਰਫ ਭਗਵਾਨ ਅੱਯੱਪਾ ਅੱਗੇ ਪ੍ਰਾਰਥਨਾਵਾਂ ਕਰਦੇ ਰਹੇ ਕਿ ਜਿਨ੍ਹਾਂ ਨੇ ਇਹ ਕਾਰਾ ਕੀਤਾ ਹੈ, ਉਨ੍ਹਾਂ ਦੇ ਹੱਥ ਵੱਢ ਦਿਓ। ਉਸ ਵਕਤ ਉਹ ਪ੍ਰਾਰਥਨਾਵਾਂ ਹੀ ਕਰ ਸਕਦੇ ਸਨ, ਕਿਉਂਕਿ ਉਸ ਸਮੇਂ ਆਰ. ਐਸ. ਐਸ. ਨੇ ਕੇਰਲਾ ਵਿਚ ਸਰਗਰਮੀਆਂ ਸ਼ੁਰੂ ਹੀ ਕੀਤੀਆਂ ਸਨ; ਪਰ 1980ਵਿਆਂ ਵਿਚ ਜਦ ਸ਼ਬਰੀਮਾਲਾ ਦੇ ਜੰਗਲਾਂ ਵਿਚ ਅਚਾਨਕ ਇਕ ਇਸਾਈ ਨਿਸ਼ਾਨ ਪ੍ਰਗਟ ਹੋਇਆ ਤਾਂ ਹਿੰਦੂਆਂ ਨੇ ਉਸ ਅੱਗੇ ਔਥਰੂ ਨਹੀਂ ਕੇਰੇ। ਉਨ੍ਹਾਂ ਨੇ ਭਗਵਾਨ ਅੱਯੱਪਾ ਅੱਗੇ ਪ੍ਰਾਰਥਨਾਵਾਂ ਕੀਤੀਆਂ, ਖੁਦ ਜਥੇਬੰਦ ਹੋਏ ਅਤੇ ਇਸਾਈ ਨਿਸ਼ਾਨ ਨੂੰ ਪੱਟ ਕੇ ਵਗਾਹ ਮਾਰਿਆ। ਮੁੜ ਇਹ ਹੌਸਲਾ ਸਾਲਾਂ ਬਾਅਦ ਆਪਣੇ ਆਪ ਨਹੀਂ ਆਇਆ। ਇਹ ਆਰ. ਐਸ. ਐਸ. ਵਲੋਂ ਹਿੰਦੂ ਸਵੈਭਿਮਾਨ ਦੀ ਰਾਖੀ ਲਈ ਕੀਤੇ ਜਥੇਬੰਦਕ ਕੰਮ ਦਾ ਨਤੀਜਾ ਸੀ।"

ਇਤਿਹਾਸ ਦੀ ਅਧਿਆਪਕਾ ਹੋਣ ਦੇ ਬਾਵਜੂਦ ਸ਼ਸ਼ੀ ਕਲਾ ਇਤਿਹਾਸਕ ਤੱਥਾਂ ਨਾਲ ਛੇੜ-ਛਾੜ ਕਰਕੇ, ਉਨ੍ਹਾਂ ਨੂੰ ਜਜ਼ਬਾਤ ਭੜਕਾਉਣ ਲਈ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਮਿਸਾਲ ਵਜੋਂ ਮਾਲਾਬਾਰ ਵਿਚ ਫਿਰਕੂ ਦੰਗੇ ਨਹੀਂ ਸੀ ਹੋਏ। ਇਹ ਤਾਂ ਅਸਲ ਵਿਚ ਕਿਸਾਨ ਬਗਾਵਤ ਸੀ। ਖੋਜਕਾਰਾਂ ਦੀ ਖੋਜ ਕਹਿੰਦੀ ਹੈ ਕਿ 1921 ਵਿਚ ਇਸ ਖੇਤਰ ਦੇ ਮੁਸਲਿਮ ਕਿਸਾਨਾਂ, ਜਿਨ੍ਹਾਂ ਨੂੰ ਮੋਪਲਾ ਕਿਹਾ ਜਾਂਦਾ ਸੀ, ਨੇ ਜਗੀਰਦਾਰ ਭੋਇੰਪਤੀਆਂ ਵਿਰੁਧ ਬਗਾਵਤ ਕੀਤੀ ਸੀ, ਜੋ ਨੰਬੂਦਰੀ ਅਤੇ ਨਾਇਰ ਬ੍ਰਾਹਮਣ ਸਨ। ਇਸ ਉਚ ਜਾਤੀ ਜਗੀਰੂ ਲੁੱਟ-ਖਸੁੱਟ ਖਿਲਾਫ ਉਠੀ ਕਿਸਾਨ ਬਗਾਵਤ ਨੂੰ ਅੰਗਰੇਜ਼ ਹਕੂਮਤ ਨੇ ਕੁਚਲ ਦਿੱਤਾ ਅਤੇ ਇਸ ਨੂੰ ਫਿਰਕੂ ਰੰਗ ਦਿੱਤਾ ਗਿਆ।

ਸ਼ਸ਼ੀਕਲਾ ਦੇ ਭਾਸ਼ਣਾਂ ਨੇ ਕਈ ਪ੍ਰਸ਼ੰਸਕ ਬਣਾ ਲਏ, ਜੋ ਉਸ ਨੂੰ 'ਝਾਂਸੀ ਕੀ ਰਾਨੀ' ਕਹਿੰਦੇ ਹਨ; 'ਝਾਂਸੀ ਕੀ ਰਾਨੀ' ਇਕ ਜਾਂਬਾਜ਼ ਔਰਤ, ਜਿਸ ਨੇ ਅੰਗਰੇਜ਼ ਰਾਜ ਨਾਲ ਟੱਕਰ ਲਈ; ਪਰ ਬਹੁਤੇ ਮਲਿਆਲੀ ਲੋਕ ਉਸ ਨੂੰ ਵਿਸ਼ਕਲਾ ਸਮਝਦੇ ਹਨ, ਕਿਉਂਕਿ ਆਪਣੇ ਭਾਸ਼ਣਾਂ ਦੌਰਾਨ ਉਹ 'ਵਿਸ਼' ਜਾਂ ਜ਼ਹਿਰ ਹੀ ਉਗਲਦੀ ਹੈ।

ਲੈਕਚਰ ਸਟੈਂਡ ਤੋਂ ਦੂਰ ਹੋਣ ਸਮੇਂ ਅਤੇ ਸਰੋਤਿਆਂ ਦੀ ਅਣਹੋਂਦ ਵਿਚ ਉਹ ਪ੍ਰਭਾਵਸ਼ਾਲੀ ਵਕਤਾ ਨਹੀਂ ਹੈ। ਜੇ ਉਸ ਨੂੰ ਚੋਣ ਲੜਨ ਬਾਰੇ ਸਵਾਲ ਪੁੱਛਿਆ ਜਾਵੇ ਤਾਂ ਉਸ ਦੀ ਜ਼ਬਾਨ ਥਥਲਾ ਜਾਂਦੀ ਹੈ: "ਨਹੀਂ, ਨਹੀਂ, ਨਹੀਂ! ਮੈਂ ਸਿਆਸਤ ਦੇ ਫਿਟ ਨਹੀਂ ਹਾਂ।" ਉਹਦਾ ਇਹੀ ਜਵਾਬ ਹੁੰਦਾ ਹੈ ਅਤੇ ਫਿਰ ਰੁਕ ਕੇ ਆਲੇ-ਦੁਆਲੇ ਦੇਖਦੀ ਹੈ, ਜਿਵੇਂ ਉਸ ਦੇ ਜਵਾਬ ਵਿਚ ਕੋਈ ਗੱਲ ਰਹਿ ਗਈ ਹੋਵੇ। ਜਦੋਂ ਉਸ ਨੂੰ ਕਿਸੇ ਆਰ. ਐਸ. ਐਸ. ਵਾਲੇ ਸਹਿਯੋਗੀ ਦੀ ਘੁਸਰ-ਮੁਸਰ ਤੋਂ ਕੋਈ ਵਿਆਖਿਆ-ਨੁਮਾ ਸੰਕੇਤ ਮਿਲ ਜਾਂਦਾ ਹੈ ਤਾਂ ਉਹ ਤੁਰੰਤ ਕਹਿੰਦੀ ਹੈ, "ਮੈਂ ਆਰ. ਐਸ. ਐਸ. ਦੀ ਅਨੁਸ਼ਾਸਿਤ ਸਿਪਾਹੀ ਹਾਂ। ਜਦ ਸੰਘ ਨੇ ਮੈਨੂੰ ਹਿੰਦੂ ਏਕਿਆ ਵੇਦੀ ਲਈ ਕੰਮ ਕਰਨ ਲਈ ਕਿਹਾ, ਮੈਂ ਬਿਨਾ ਸਵਾਲ ਕੀਤੇ ਇਸ ਕੰਮ ਵਿਚ ਜੁਟ ਗਈ। ਜੇ ਸੰਘ ਮੈਨੂੰ ਚੋਣ ਲੜਨ ਲਈ ਕਹੇਗਾ, ਮੈਂ ਉਹ ਵੀ ਕਰਾਂਗੀ। ਮੈਂ ਤਾਂ 1996 ਵਿਚ ਵੀ ਭਾਜਪਾ ਵਲੋਂ ਪਟੰਬੀ ਤੋਂ ਚੋਣ ਲੜੀ ਸੀ, ਉਦੋਂ ਮੈਂ ਭਾਜਪਾ ਦੀ ਮੈਂਬਰ ਵੀ ਨਹੀਂ ਸਾਂ। ਮੈਂ ਚੋਣ ਲੜੀ, ਕਿਉਂਕਿ ਸੰਘ ਨੇ ਮੈਨੂੰ ਅਜਿਹਾ ਕਰਨ ਲਈ ਕਿਹਾ ਸੀ। ਮੈਂ ਉਦੋਂ ਵੀ ਸਿਆਸਤ ਵਿਚ ਨਹੀਂ ਸੀ, ਜਿਵੇਂ ਹੁਣ ਵੀ ਮੈਂ ਸਿਆਸਤ ਵਿਚ ਨਹੀਂ ਹਾਂ।" ਉਹ ਪਟੰਬੀ ਚੋਣ ਬੁਰੀ ਤਰ੍ਹਾਂ ਹਾਰ ਗਈ ਸੀ ਅਤੇ ਉਸ ਨੇ ਮੁੜ ਚੋਣ ਲੜਨ ਤੋਂ ਤੌਬਾ ਕਰ ਲਈ ਸੀ।

—

ਕੇਰਲਾ ਦੀ ਸਾਰੀ ਹਿੰਦੂਤਵੀ ਸਿਆਸਤ, ਉਹ ਭਾਵੇਂ ਹਿੰਦੂ ਏਕਿਆ ਵੇਦੀ ਦੀ ਹੋਵੇ ਜਾਂ ਸੰਘ ਦੇ ਕਿਸੇ ਹੋਰ ਵਿੰਗ ਦੀ, ਸੰਘ ਦੇ ਕੋਚੀ ਵਾਲੇ ਸਦਰ-ਮੁਕਾਮ ਤੋਂ ਹੀ ਚੱਲਦੀ ਹੈ। ਇਹ ਗੱਲ ਮੈਨੂੰ ਹਿੰਦੂ ਏਕਿਆ ਵੇਦੀ ਦੇ ਜਨਰਲ ਸਕੱਤਰ ਕੁਮਾਨਮ ਰਾਜਸ਼ੇਖਰਨ ਨੇ ਆਰ. ਐਸ. ਐਸ. ਦੇ ਦਫਤਰ ਵਿਚ ਲੰਮੀ ਗੱਲਬਾਤ ਦੌਰਾਨ ਦੱਸੀ। ਰਾਜਸ਼ੇਖਰਨ, ਜਿਸ ਦਾ ਚਿਹਰਾ-ਮੋਹਰਾ ਅਤੇ ਆਵਾਜ਼ ਵੀ ਇਸੇ ਤਰ੍ਹਾਂ ਕੂਲੀ ਹੈ, ਇਸ ਜਥੇਬੰਦੀ ਦਾ ਧੁਰਾ ਹੈ, ਜੋ ਸ਼ਸ਼ੀਕਲਾ ਨੂੰ ਇਸ ਦੇ ਚਿਹਰੇ ਦੇ ਤੌਰ 'ਤੇ ਉਭਾਰ ਰਿਹਾ ਹੈ। ਹਿੰਦੂ ਏਕਿਆ ਵੇਦੀ ਦੇ ਇਨ੍ਹਾਂ ਦੋਹਾਂ ਆਗੂਆਂ ਵਿਚ ਭਾਵੇਂ ਬਹੁਤਾ ਕੁਝ ਸਾਂਝਾ ਨਹੀਂ, ਪਰ ਇਹ ਇਨ੍ਹਾਂ ਦੇ ਆਪਸੀ ਸੁਖਾਵੇਂ ਰਿਸ਼ਤੇ ਵਿਚ ਅੜਿੱਕਾ ਵੀ ਨਹੀਂ ਬਣਿਆ। ਉਨ੍ਹਾਂ ਦੋਹਾਂ ਵਿਚ ਘੱਟ ਗਿਣਤੀਆਂ ਪ੍ਰਤੀ ਇਕੋ ਜਿਹੇ ਤੁਅੱਸਬ ਹਨ ਅਤੇ ਦੋਹਾਂ ਦੀ ਸੰਘ ਪਰਿਵਾਰ ਪ੍ਰਤੀ ਵਫਾਦਾਰੀ ਵੀ ਬਰਾਬਰ ਹੈ।

ਰਾਜਸ਼ੇਖਰਨ ਲੱਛੇਦਾਰ ਭਾਸ਼ਣ ਨਹੀਂ ਦੇ ਸਕਦਾ, ਪਰ ਸ਼ਸ਼ੀਕਲਾ ਤੋਂ ਉਲਟ ਉਹ ਪਰਪੱਕ ਸਿਆਸਤਦਾਨ ਹੈ, ਜੋ ਹਰ ਤਰ੍ਹਾਂ ਦੇ ਸਵਾਲਾਂ ਦਾ ਜਵਾਬ ਦੇ ਸਕਦਾ ਹੈ। ਸ਼ਾਇਦ ਇਸੇ ਕਰਕੇ ਆਰ. ਐਸ. ਐਸ. ਨੇ ਉਸ ਨੂੰ 'ਗੈਰਸਿਆਸੀ' ਜਥੇਬੰਦੀ ਬਣਾ ਕੇ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ ਤਾਂ ਜੋ ਕੇਰਲਾ ਵਿਚ ਭਾਜਪਾ ਦੀਆਂ ਸਿਆਸੀ ਜੜ੍ਹਾਂ ਲੱਗ ਸਕਣ।

ਹਿੰਦੂ ਏਕਿਆ ਵੇਦੀ ਦਾ ਲੋਗੋ

ਇਹ 1992 ਦੀ ਗੱਲ ਹੈ, ਜਦੋਂ ਤਿਰੂਵਨੰਤਪੁਰਮ ਨੇੜੇ ਪੂੰਥੁਰਾ ਵਿਖੇ ਫਿਰਕੂ ਦੰਗੇ ਹੋ ਕੇ ਹਟੇ ਸਨ। ਕੋਟਿਯਮ ਜ਼ਿਲੇ ਦੇ ਵਾਸੀ ਰਾਜਸ਼ੇਖਰਨ ਨੇ ਆਪਣਾ ਜੀਵਨ ਪੰਧ ਪੱਤਰਕਾਰ ਵਜੋਂ ਆਰੰਭਿਆ। 1976 ਵਿਚ ਉਸ ਨੂੰ ਸਰਕਾਰੀ ਅਦਾਰੇ ਐਫ. ਸੀ. ਆਈ. ਵਿਚ ਨੌਕਰੀ ਮਿਲ ਗਈ। ਉਸ ਮੁਤਾਬਕ "1987 ਵਿਚ ਮੈਂ ਨੌਕਰੀ ਛੱਡ ਕੇ ਆਰ. ਐਸ. ਐਸ. ਦੇ ਪ੍ਰਚਾਰਕ ਦਾ ਕੰਮ ਸੰਭਾਲ ਲਿਆ। ਉਦੋਂ ਤੋਂ ਹੀ ਮੈਂ ਪ੍ਰਚਾਰਕ ਵਜੋਂ ਕੰਮ ਕਰ ਰਿਹਾ ਹਾਂ।"

ਜੁਲਾਈ 1992 ਦੇ ਪੂੰਥੁਰਾ ਦੰਗਿਆਂ ਸਮੇਂ 5 ਜਾਨਾਂ ਗਈਆਂ। ਇਹ ਦੰਗੇ ਸਿੱਧੇ ਤੌਰ 'ਤੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਝਗੜੇ ਨਾਲ ਸਬੰਧਤ ਸਨ। ਰਿਪੋਰਟਾਂ ਇਹ ਹਨ ਕਿ ਮੁਸਲਿਮ ਮੂਲਵਾਦੀ ਜਥੇਬੰਦੀ 'ਇਸਲਾਮਿਕ ਸੇਵਕ ਸੰਘ' (ਆਈ. ਐਸ. ਐਸ.) ਅਤੇ ਆਰ. ਐਸ. ਐਸ. ਨੇ ਪੂੰਥੁਰਾ ਦੰਗਿਆਂ ਵਿਚ ਮੁੱਖ ਭੂਮਿਕਾ ਨਿਭਾਈ। ਦੰਗਿਆਂ ਪਿਛੋਂ ਬਣੇ ਭੈਅ ਦੇ ਮਾਹੌਲ ਦਾ ਅਹਿਮ ਨਤੀਜਾ ਇਹ ਹੋਇਆ ਕਿ 'ਇਸਲਾਮਿਕ ਸੇਵਕ ਸੰਘ' ਨੇ 'ਮੁਸਲਿਮ ਏਕਿਆ ਵੇਦੀ' (ਮੁਸਲਿਮ ਯੂਨਿਟੀ ਫੋਰਮ) ਅਤੇ ਕਈ ਮੁਸਲਿਮ ਮੂਲਵਾਦੀ ਜਥੇਬੰਦੀਆਂ ਬਣਾਈਆਂ। ਆਰ. ਐਸ. ਐਸ. ਨੇ ਹਿੰਦੂ ਏਕਿਆ ਵੇਦੀ ਬਣਾਈ। ਦੋਹਾਂ ਹੀ ਜਥੇਬੰਦੀਆਂ ਨੂੰ ਕੋਈ ਬਹੁਤਾ ਹੁੰਗਾਰਾ ਨਾ ਮਿਲਿਆ। 'ਮੁਸਲਿਮ ਏਕਿਆ ਵੇਦੀ' ਤਾਂ ਬਣਨ ਤੋਂ ਛੇਤੀ ਬਾਅਦ ਹੀ ਦ੍ਰਿਸ਼ ਤੋਂ ਲਾਂਭੇ ਹੋ ਗਈ। 'ਹਿੰਦੂ ਏਕਿਆ ਵੇਦੀ' ਜਿਉਂਦੀ ਰਹੀ, ਭਾਵੇਂ ਬੈਨਰ ਦੇ ਤੌਰ 'ਤੇ ਹੀ, ਜਿਸ ਦਾ ਸੰਚਾਲਕ ਆਰ. ਐਸ. ਐਸ. ਦਾ ਸਰਗਨਾ ਰਾਜਸ਼ੇਖਰਨ ਸੀ।

ਰਾਜਸ਼ੇਖਰਨ ਦੱਸਦਾ ਹੈ, "ਪੂੰਥੁਰਾ ਦੰਗਿਆਂ ਤੋਂ ਤੁਰੰਤ ਬਾਅਦ ਆਰ. ਐਸ. ਐਸ. ਨੇ ਤਿਰੂਵਨੰਤਪੁਰਮ ਵਿਚ ਤਮਾਮ ਹਿੰਦੂ ਧਾਰਮਿਕ ਜਥੇਬੰਦੀਆਂ ਤੇ ਸੰਨਿਆਸੀਆਂ ਦੀ ਮੀਟਿੰਗ ਬੁਲਾਈ ਅਤੇ ਹਿੰਦੂ ਏਕਿਆ ਵੇਦੀ ਬਣਾਉਣ ਦਾ ਫੈਸਲਾ ਕੀਤਾ।"


ਸਵਾਮੀ ਸਤਿਆਨੰਦ ਸਰਸਵਤੀ, ਜੋ 'ਸਿਰੀਰਾਮ ਦੇਸ਼ਮ' ਸੰਸਥਾ ਨਾਲ ਜੁੜਿਆ ਹੋਇਆ ਸੀ, ਨੂੰ ਜਥੇਬੰਦੀ ਦਾ ਚੇਅਰਪਰਸਨ ਬਣਾਇਆ ਗਿਆ ਅਤੇ ਸੀਨੀਅਰ ਆਰ. ਐਸ. ਐਸ. ਪ੍ਰਚਾਰਕ ਜੈ ਸ਼ਿਸ਼ੂਪਾਲਨ ਨੂੰ ਕਨਵੀਨਰ ਤੇ ਕੁਮਾਨਮ ਰਾਜਸ਼ੇਖਰਨ ਨੂੰ ਸਹਾਇਕ ਕਨਵੀਨਰ ਥਾਪਿਆ ਗਿਆ।

ਰਾਜਸ਼ੇਖਰਨ ਅਨੁਸਾਰ, "1990ਵਿਆਂ ਦੌਰਾਨ ਅਤੇ 21ਵੀਂ ਸਦੀ ਦੇ ਸ਼ੁਰੂ ਵਿਚ ਹਿੰਦੂ ਏਕਿਆ ਵੇਦੀ ਦੀ ਮੁੱਖ ਯੁੱਧਨੀਤੀ ਵੱਖੋ-ਵੱਖਰੀਆਂ ਹਿੰਦੂਤਵੀ ਜਥੇਬੰਦੀਆਂ ਅਤੇ ਵਿਅਕਤੀਆਂ ਵਿਚ ਤਾਲਮੇਲ ਰੱਖਣ ਦੀ ਸੀ, ਪਰ ਮਰਾੜ ਵਿਚ ਮਈ 2003 ਵਿਚ ਹੋਈ ਫਿਰਕੂ ਹਿੰਸਾ ਨੇ ਜਥੇਬੰਦੀ ਨੂੰ ਨਵਾਂ ਮੋੜ ਦੇ ਦਿੱਤਾ।"

ਮਰਾੜ ਵਿਚ 9 ਲੋਕਾਂ ਨੂੰ ਕਤਲ ਕਰ ਦਿੱਤਾ ਗਿਆ ਸੀ, ਜੋ ਕੋਜ਼ੀਕੋਡ ਜ਼ਿਲੇ ਦਾ ਸਮੁੰਦਰੀ ਕੰਢੇ 'ਤੇ ਵਸਿਆ ਪਿੰਡ ਹੈ। ਜਸਟਿਸ ਥਾਮਸ ਪੀ. ਜੋਸਫ ਕਮਿਸ਼ਨ ਦੀ ਰਿਪੋਰਟ ਅਨੁਸਾਰ ਮਈ 2003 ਵਿਚ ਹੋਏ ਦੰਗੇ ਮੂਲ ਰੂਪ ਵਿਚ ਜਨਵਰੀ 2002 ਵਿਚ ਸਿਆਸੀ ਮੁਫਾਦ ਤਹਿਤ ਕਰਵਾਏ ਪੰਜ ਲੋਕਾਂ ਦੇ ਕਤਲਾਂ ਕਾਰਨ ਅਤੇ ਨਾਲ ਹੀ ਕਾਂਗਰਸ ਦੀ ਅਗਵਾਈ ਵਾਲੀ ਯੂ. ਡੀ. ਐਫ. ਸਰਕਾਰ ਵਲੋਂ ਮੁਜਰਮਾਂ ਦੀ ਗ੍ਰਿਫਤਾਰੀ ਲਈ ਕੀਤੀ 'ਨਾਵਾਜਬ ਦੇਰੀ' ਕਾਰਨ ਵਾਪਰੇ ਸਨ। 2006 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ 115 ਕੇਸਾਂ ਵਿਚ ਜਿਨ੍ਹਾਂ 393 ਲੋਕਾਂ ਖਿਲਾਫ ਰਿਪੋਰਟ ਆਈ, ਉਨ੍ਹਾਂ ਵਿਚੋਂ 213 ਆਰ. ਐਸ. ਐਸ.-ਭਾਜਪਾ ਦੇ ਸਰਗਰਮ ਕਾਰਕੁਨ ਸਨ, ਜਦਕਿ ਬਾਕੀ ਮੁਸਲਿਮ ਲੀਗ, ਸੀ. ਪੀ. ਐਮ., ਇੰਡੀਅਨ ਨੈਸ਼ਨਲ ਲੀਗ ਅਤੇ ਨੈਸ਼ਨਲ ਡੈਮੋਕਰੇਟਿਕ ਫਰੰਟ ਨਾਲ ਸਬੰਧਤ ਸਨ। ਇਸ ਨੇ ਨਤੀਜਾ ਕੱਢਿਆ ਕਿ ਮੁਜਰਮਾਂ ਖਿਲਾਫ ਮੁਕੱਦਮਾ ਚਲਾਉਣ ਵਿਚ ਦੇਰੀ ਨੂੰ ਬਾਅਦ ਵਿਚ ਮੁਸਲਿਮ ਮੂਲਵਾਦੀਆਂ, ਦਹਿਸ਼ਤਗਰਦਾਂ ਅਤੇ ਹੋਰ ਤਾਕਤਾਂ ਵਲੋਂ ਮੁਸਲਿਮ ਪੀੜਤਾਂ ਦੇ ਸਕੇ-ਸਬੰਧੀਆਂ ਦੇ ਗੁੱਸੇ ਨੂੰ ਮਰਾੜ ਦੇ ਹਿੰਦੂਆਂ ਖਿਲਾਫ ਬਦਲਾ-ਲਊ ਹਿੰਸਾ ਭੜਕਾਉਣ ਲਈ ਵਰਤਿਆ ਗਿਆ।

*(ਬਾਕੀ ਅਗਲੇ ਸਫੇ 'ਤੇ)*

# ਇਤਿਹਾਸ ਅਤੇ ਮਿਥਿਹਾਸ ਦੀ ਮਿਲਣੀ



ਭਗਤ ਸਿੰਘ

ਲਾਹੌਰ ਦੀ ਇਹ ਕਹਾਣੀ ਮੇਰੇ ਦਿਲ ਦੇ ਬੇਹੱਦ ਕਰੀਬ ਹੈ। ਇਹ ਕਹਾਣੀ ਲਾਹੌਰ ਅਤੇ ਇਸ ਬਰ-ਏ-ਸਗੀਰ (ਉਪ ਮਹਾਂਦੀਪ) ਦੇ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ-ਏ-ਆਜ਼ਮ ਭਗਤ ਸਿੰਘ ਬਾਰੇ ਹੈ। ਲਾਹੌਰ ਸ਼ਹਿਰ ਵਿਚ ਸਿਰ ਉਚਾ ਕਰ ਕੇ ਵਿਚਰਨ ਵਾਲੇ ਇਸ ਸ਼ਹੀਦ ਦੀਆਂ ਯਾਦਾਂ ਨੂੰ ਕੋਈ ਵੀ ਫਿਰਕੂ ਨਫਰਤ ਮਿਟਾ ਨਹੀਂ ਸਕਦੀ। ਇਸ ਨੌਜਵਾਨ ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਇਹ ਜੇਲ੍ਹ ਹੁਣ ਉਸ ਸਥਾਨ ਤੋਂ ਢਾਹ ਦਿੱਤੀ ਗਈ ਹੈ।



ਮਜੀਦ ਸ਼ੇਖ

ਜਦੋਂ ਅਸੀਂ ਬੱਚੇ ਸਾਂ ਤਾਂ ਅਸੀਂ ਸ਼ਹੀਦ ਭਗਤ ਸਿੰਘ ਬਾਰੇ ਬੜੀ ਅਜੀਬ ਕਹਾਣੀ ਸੁਣੀ ਸੀ। ਲੋਕਾਂ ਦੇ ਦਿਲਾਂ ਅੰਦਰ ਇਹ ਮਾਨਤਾ ਹੈ ਕਿ ਸ਼ਹੀਦ-ਏ-ਆਜ਼ਮ ਦੀ ਰੂਹ ਅਕਸਰ ਬਾਬਾ ਸ਼ਾਹ ਜਮਾਲ ਦੀ ਦਰਗਾਹ ਤੇ ਨੇੜੇ-ਤੇੜੇ ਸ਼ਾਹ ਜਮਾਲ ਇਲਾਕੇ ਵਿਚ ਘੁੰਮਦੀ ਹੈ। ਕਈਆਂ ਦਾ ਤਾਂ ਇਥੋਂ ਤਕ ਦਾਅਵਾ ਸੀ ਕਿ ਉਨ੍ਹਾਂ ਨੇ ਬਾਬਾ ਸ਼ਾਹ ਜਮਾਲ ਅਤੇ ਸ਼ਹੀਦ ਦੀਆਂ ਰੂਹਾਂ ਨੂੰ ਗੱਲਾਂ ਕਰਦਿਆਂ ਦੇਖਿਆ ਸੀ ਜਿਸ ਦੌਰਾਨ ਸ਼ਾਹ ਜਮਾਲ ਨੂੰ ਸ਼ਹੀਦ ਭਗਤ ਸਿੰਘ ਨਾਲ ਉਸ ਨਾਲ ਹੋਈ ਬੇਇਨਸਾਫੀ ਦਾ ਬਦਲਾ ਲੈਣ ਦਾ ਵਾਅਦਾ ਕਰਦਿਆਂ ਸੁਣਿਆ ਗਿਆ।


ਮੈਂ ਇਹ ਕਹਾਣੀ ਸਾਡੇ ਖਾਨਸਾਮੇ ਤੋਂ ਸੁਣੀ ਸੀ ਜੋ ਅਕਸਰ ਬਾਬਾ ਸ਼ਾਹ ਜਮਾਲ ਦੀ ਦਰਗਾਹ 'ਤੇ ਜਾਂਦਾ ਸੀ। ਮੇਰੇ ਅੱਬਾ ਜੀ ਬਹੁਤ ਵਧੀਆ ਢੰਗ ਨਾਲ ਕਹਾਣੀ ਸੁਣਾਉਂਦੇ ਸਨ ਪਰ ਉਨ੍ਹਾਂ ਇਸ ਕਹਾਣੀ ਨੂੰ ਕਦੇ ਵੀ ਸੱਚ ਨਹੀਂ ਮੰਨਿਆ, ਭਾਵੇਂ ਮੈਂ ਇਹ ਕਹਾਣੀ ਉਨ੍ਹਾਂ ਨੂੰ ਕਿੰਨਾ ਵੀ ਜ਼ੋਰ ਦੇ ਕੇ ਕਿਉਂ ਨਾ ਸੁਣਾਈ ਹੋਵੇ। ਉਹ ਹਮੇਸ਼ਾ ਇਹ ਆਖ ਕੇ ਸ਼ੱਕ ਦੀ ਗੁੰਜਾਇਸ਼ ਰੱਖ ਦਿੰਦੇ: 'ਹੋ ਸਕਦਾ ਹੈ ਇਹ ਸੱਚ ਹੋਵੇ, ਹੋ ਸਕਦਾ ਨਾ ਹੋਵੇ; ਇਕ ਦਿਨ ਸੱਚਾਈ ਜ਼ਰੂਰ ਸਾਹਮਣੇ ਆਵੇਗੀ ਜਿਸ ਦੀ ਤੈਨੂੰ ਉਡੀਕ ਕਰਨੀ ਪਵੇਗੀ।' ਆਖਰ ਇਕ ਦਿਨ ਹਕੀਕਤ ਜ਼ਾਹਰ ਹੋ ਗਈ।

ਬਹੁਤੇ ਲੋਕ ਨਹੀਂ ਜਾਣਦੇ ਕਿ ਲਾਹੌਰ ਦੇ ਜਿਸ ਇਲਾਕੇ ਨੂੰ ਅੱਜ ਅਸੀਂ ਸ਼ਾਦਮਾਨ ਚੌਕ ਜਾਂ ਸ਼ਾਹ ਜਮਾਲ ਵਜੋਂ ਜਾਣਦੇ ਹਾਂ, ਉਸ ਨੂੰ ਕਿਸੇ ਵਕਤ ਲਹਿਣਾ ਸਿੰਘ (ਭੰਗੀ ਮਿਸਲ ਦਾ ਸਰਦਾਰ) ਦੀ ਛਾਉਣੀ ਆਖਿਆ ਜਾਂਦਾ ਸੀ। ਇਹ ਥਾਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਇਕਮੁੱਠ ਰਾਜ ਕਾਇਮ ਹੋਣ ਤੋਂ ਪਹਿਲਾਂ ਰਹੇ ਲਾਹੌਰ ਦੇ ਤਿੰਨ ਹਾਕਮਾਂ ਵਿਚੋਂ ਇਕ, ਸਰਦਾਰ ਲਹਿਣਾ ਸਿੰਘ ਦਾ ਟਿਕਾਣਾ ਸੀ। ਇਸ ਛਾਉਣੀ ਦੇ ਐਨ ਵਿਚਕਾਰ ਬਹੁਤ ਵੱਡਾ ਘਰ ਸੀ, ਬਿਲਕੁਲ ਉਸ ਥਾਂ ਜਿਥੇ ਜੇਲ੍ਹ ਰੋਡ ਤੋਂ ਆਉਂਦਿਆਂ ਦੂਜਾ ਗੋਲ ਚੱਕਰ ਹੈ। ਇਹ ਗੋਲ ਚੱਕਰ ਬਾਬਾ ਸ਼ਾਹ ਜਮਾਲ ਦੀ ਦਰਗਾਹ ਦੇ ਬਿਲਕੁਲ ਕਰੀਬ ਹੈ ਅਤੇ ਇਸ ਥਾਂ ਤੋਂ ਮਹਿਜ਼ 200 ਗਜ਼ ਦੇ ਫਾਸਲੇ 'ਤੇ ਬਾਬਾ ਸ਼ਾਹ ਜਮਾਲ ਦੀ ਮਜ਼ਾਰ ਹੈ। ਇਸੇ ਕਾਰਨ ਇਸ ਇਲਾਕੇ ਦਾ ਨਾਂ ਸ਼ਾਹ ਜਮਾਲ ਪਿਆ ਹੈ।

ਆਖਿਆ ਜਾਂਦਾ ਹੈ ਕਿ ਲਾਹੌਰ ਦਰਬਾਰ ਦੀ ਸੱਤਾ ਹਥਿਆਉਣ ਲਈ ਕਸੂਰ ਸ਼ਹਿਰ ਦੇ ਪਠਾਣ ਹਾਕਮਾਂ ਦੀ ਅੰਗਰੇਜ਼ਾਂ ਨਾਲ ਗੰਢ-ਤੁਪ ਸੀ। ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਕਤਲ ਦੀ ਸਾਜ਼ਿਸ਼ ਘੜਨ ਲਈ ਆਪਣਾ ਏਲਚੀ ਕਿਸੇ ਸਿੱਖ ਸਰਦਾਰ ਕੋਲ ਭੇਜਿਆ। ਉਨ੍ਹਾਂ ਦੀ ਗੱਲਬਾਤ ਦੌਰਾਨ ਕੁਝ ਗੜਬੜ ਹੋ ਗਈ ਅਤੇ ਸਿੱਖ ਸਰਦਾਰ ਨੇ ਏਲਚੀ (ਜਿਹੜਾ ਨਵਾਬ ਅਹਿਮਦ ਖਾਨ ਕਸੂਰੀ ਦਾ ਰਿਸ਼ਤੇਦਾਰ ਸੀ) ਦਾ ਸਿਰ ਕਲਮ ਕਰ ਕੇ ਕਸੂਰ ਭੇਜ ਦਿੱਤਾ। ਕਸੂਰ ਦੇ ਪਠਾਣ ਹਾਕਮਾਂ ਦੇ ਧੋਖੇ ਦਾ ਇਹ ਸਹੀ ਅੰਜਾਮ ਹੋਇਆ।



ਲਾਹੌਰ ਵਿਚ ਸ਼ਾਦਮਾਨ ਚੌਕ ਦੀ ਝਲਕ।



ਲਾਹੌਰ ਵਿਚ ਬਾਬਾ ਸ਼ਾਹ ਜਮਾਲ ਦੀ ਮਜ਼ਾਰ।

ਆਖਿਆ ਜਾਂਦਾ ਹੈ ਕਿ ਉਸ ਵਕਤ ਕਿਸੇ ਪਹੁੰਚੇ ਹੋਏ ਔਲੀਆ ਨੇ ਪੇਸ਼ੀਨਗੋਈ ਕੀਤੀ ਸੀ ਕਿ ਏਲਚੀ ਦਾ ਭੂਤ ਇਸੇ ਥਾਂ ਉਤੇ ਕਿਸੇ ਸਮੇਂ ਬਦਲਾ ਲਵੇਗਾ ਅਤੇ ਬਦਲੇ ਦਾ ਇਹ ਚੱਕਰ ਮਹਿਜ਼ ਇਕ ਮੌਤ ਨਾਲ ਪੂਰਾ ਨਹੀਂ ਹੋਵੇਗਾ। ਹੈ ਨਾ ਡਰਾਉਣਾ! ਪਰ ਇਸ ਤੋਂ ਬਾਅਦ ਦੀਆਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਕਿ ਇਹ ਪੇਸ਼ੀਨਗੋਈ ਸੱਚੀ ਸੀ, ਕਈ ਲੋਕ ਤਾਂ ਆਖਦੇ ਹਨ ਕਿ ਵਿਸਾਹਘਾਤ ਦਾ ਇਹ ਚੱਕਰ ਅਜੇ ਵੀ ਚੱਲ ਰਿਹਾ ਹੈ।

ਸਿੱਖਾਂ ਤੋਂ ਬਾਅਦ ਅੰਗਰੇਜ਼ਾਂ ਦੀ ਹਕੂਮਤ ਆ ਗਈ ਪਰ ਇਸ ਦੌਰਾਨ ਕਸੂਰ ਦੇ ਪਠਾਣ ਰਈਸਾਂ ਨੇ ਆਪਣੀ ਧੋਖੇਬਾਜ਼ੀ ਜਾਰੀ ਰੱਖੀ। ਪੁਰਾਣੇ ਸਮਿਆਂ ਵਿਚ ਉਨ੍ਹਾਂ ਨੇ ਆਪਣੇ ਮੌਲਾਣਿਆਂ ਰਾਹੀਂ ਸੂਫੀ ਫਕੀਰ ਬੁੱਲ੍ਹੇ ਸ਼ਾਹ ਨੂੰ ਵੀ ਤੰਗ ਕੀਤਾ ਸੀ ਅਤੇ ਉਨ੍ਹਾਂ ਨੂੰ ਆਪਣੀ ਇਸ ਕੱਟੜਤਾ ਦੀ ਭਾਰੀ ਕੀਮਤ ਚੁਕਾਉਣੀ ਪਈ ਸੀ। ਅੰਗਰੇਜ਼ਾਂ ਵਲੋਂ ਲਹਿਣਾ ਸਿੰਘ ਦਾ ਘਰ ਤੇ ਛਾਉਣੀ ਢਾਹ ਦਿੱਤੇ ਗਏ ਅਤੇ ਉਸ ਥਾਂ ਪੰਜਾਬ ਦੀ ਸਭ ਤੋਂ ਵੱਡੀ ਜੇਲ੍ਹ ਉਸਾਰੀ ਗਈ ਜਿਥੇ ਲੰਮੀ ਕੈਦ ਵਾਲੇ ਅਤੇ ਸਜ਼ਾ-ਏ-ਮੌਤ ਉਡੀਕ ਰਹੇ ਬੰਦੀਆਂ ਨੂੰ ਰੱਖਿਆ ਜਾਂਦਾ। ਜਿਸ ਥਾਂ (ਭੰਗੀ ਮਿਸਲ ਦੇ ਸਰਦਾਰ) ਲਹਿਣਾ ਸਿੰਘ ਦਾ ਘਰ ਹੁੰਦਾ ਸੀ, ਐਨ ਉਸ ਥਾਂ ਫਾਂਸੀ ਦਾ ਤਖਤਾ ਬਣਾਇਆ ਗਿਆ ਅਤੇ ਉਥੇ ਅਣਗਿਣਤ ਮੁਜਰਮਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਫਾਂਸੀ ਲਾਈ ਗਈ। ਇਸ ਤਰ੍ਹਾਂ ਮੌਤ ਵਾਲੀ ਥਾਂ ਆਪਣਾ ਕੰਮ ਜਾਰੀ ਰੱਖ ਰਹੀ ਹੈ।

1928 ਵਿਚ ਸਾਡੇ ਵਤਨ ਨੂੰ ਬਰਤਾਨਵੀ ਹਕੂਮਤ ਤੋਂ ਆਜ਼ਾਦ ਕਰਾਉਣ ਦਾ ਸੰਘਰਸ਼ ਭਖ ਰਿਹਾ ਸੀ ਅਤੇ ਲਾਹੌਰ ਵਿਚ ਇਕ ਮੁਜ਼ਾਹਰੇ ਦੌਰਾਨ ਲਾਹੌਰ ਮਿਊਜ਼ੀਅਮ ਦੇ ਐਨ ਸਾਹਮਣੇ ਨਾਮੀ ਆਜ਼ਾਦੀ ਘੁਲਾਟੀਏ ਲਾਲਾ ਲਾਜਪਤ ਰਾਏ ਨੂੰ ਲਾਠੀਚਾਰਜ ਦੌਰਾਨ ਸਿਰ ਵਿਚ ਸੱਟਾਂ ਲੱਗੀਆਂ, ਸਿੱਟੇ ਵਜੋਂ ਉਸ ਦੀ ਜਾਨ ਜਾਂਦੀ ਰਹੀ। ਇਸ ਤੋਂ ਪੂਰੇ ਬਰ-ਏ-ਸਗੀਰ ਵਿਚ ਗੁੱਸੇ ਦੀ ਲਹਿਰ ਫੈਲ ਗਈ ਅਤੇ ਬਦਲਾ ਲੈਣ ਦੀ ਜ਼ਿੰਮੇਵਾਰੀ 21 ਸਾਲਾਂ ਦੇ ਭਗਤ ਸਿੰਘ ਨਾਮੀ ਨੌਜਵਾਨ ਇਨਕਲਾਬੀ ਨੇ ਸੰਭਾਲੀ। ਉਸ ਨੇ 17 ਨਵੰਬਰ 1928 ਨੂੰ ਸਰਕਾਰੀ ਕਾਲਜ ਦੇ ਨਿਊ ਹੋਸਟਲ ਦੀ ਖਿੜਕੀ 'ਚੋਂ ਸਹੀ ਟਿਕਾਣੇ 'ਤੇ ਖੜ੍ਹ ਕੇ ਮਿਸਟਰ ਸਕਾਟ ਸਮਝ ਕੇ ਇਕ ਪੁਲੀਸ ਅਫਸਰ ਨੂੰ ਗੋਲੀ ਮਾਰ ਦਿੱਤੀ।

ਅਸਲ ਵਿਚ ਗੋਲੀ ਲੱਗਣ ਨਾਲ ਮਾਰਿਆ ਗਿਆ ਅਫਸਰ ਲਾਹੌਰ ਦਾ ਅਸਿਸਟੈਂਟ ਸੁਪਰਡੈਂਟ ਆਫ ਪੁਲਿਸ ਮਿਸਟਰ ਸਾਂਡਰਸ ਸੀ। ਫਿਰ ਭਗਤ ਸਿੰਘ ਕਲਕੱਤਾ ਚਲਾ ਗਿਆ ਤੇ ਫਿਰ ਆਗਰਾ ਆ ਗਿਆ ਜਿਥੇ ਉਸ ਨੇ ਬੰਬ ਬਣਾਉਣ ਦਾ ਟਿਕਾਣਾ ਸਥਾਪਤ ਕੀਤਾ। ਇਸ ਦੌਰਾਨ ਅਸੈਂਬਲੀ ਵਿਚ ਬੰਬ ਸੁੱਟਣ ਦੇ ਦੋਸ਼ ਹੇਠ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਬੰਬ ਅੰਗਰੇਜ਼ ਹਕੂਮਤ ਵਲੋਂ ਕਾਲਾ ਕਾਨੂੰਨ ਟਰੇਡ ਡਿਸਪਿਊਟਸ ਬਿਲ ਪਾਸ ਕਰਨ ਦੀ ਕੋਸ਼ਿਸ਼ ਖਿਲਾਫ ਸੁੱਟੇ ਗਏ ਸਨ। ਸ਼ਹੀਦ ਭਗਤ ਸਿੰਘ ਨੇ ਨਾਅਰੇ ਮਾਰਦਿਆਂ ਖੁਦ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ (ਉਸ ਵੇਲੇ ਇਨਕਲਾਬੀ ਬੀ.ਕੇ. ਦੱਤ ਵੀ ਭਗਤ ਸਿੰਘ ਦੇ ਨਾਲ ਸੀ)।

ਭਗਤ ਸਿੰਘ ਉਤੇ ਮੁਕੱਦਮਾ ਚੱਲਿਆ ਅਤੇ 7 ਅਕਤੂਬਰ 1930 ਨੂੰ ਉਸ ਨੂੰ ਸਜ਼ਾ-ਏ-ਮੌਤ ਦਾ ਹੁਕਮ ਸੁਣਾਇਆ ਗਿਆ। ਅੰਗਰੇਜ਼ ਇਸ ਇਨਕਲਾਬੀ ਨੌਜਵਾਨ ਤੋਂ ਇੰਨਾ ਡਰਦੇ ਸਨ ਕਿ ਪੂਰੇ ਹਿੰਦੋਸਤਾਨ ਵਿਚੋਂ ਇਕ ਵੀ ਅਜਿਹਾ ਮੈਜਿਸਟਰੇਟ ਨਹੀਂ ਮਿਲਿਆ ਜਿਹੜਾ ਉਸ ਦੀ ਮੌਤ ਦੇ ਵਾਰੰਟਾਂ ਉਤੇ ਦਸਤਖਤ ਕਰਦਾ। ਆਖਰ ਉਨ੍ਹਾਂ ਕਸੂਰ ਵਲ ਮੂੰਹ ਕੀਤਾ ਅਤੇ ਉਥੇ ਅੰਗਰੇਜ਼ਾਂ ਦੇ ਪਿੱਠੂ ਮੈਜਿਸਟਰੇਟ ਨਵਾਬ ਮੁਹੰਮਦ ਅਹਿਮਦ ਖਾਨ ਜਿਸ ਨੂੰ ਬਾਅਦ ਵਿਚ ਕਸੂਰੀ ਵਜੋਂ ਜਾਣਿਆ ਗਿਆ, ਨੇ ਲੋੜੀਂਦੇ ਕਾਗਜ਼ਾਂ ਉਤੇ ਸਹੀ ਪਾਉਣ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਲਾਉਣ ਦੇ ਅਮਲ ਦੀ ਨਿਗਰਾਨੀ ਕਰਨ ਦੀ ਹਾਮੀ ਭਰ ਦਿੱਤੀ।

ਭਗਤ ਸਿੰਘ ਨੂੰ 23 ਮਾਰਚ 1931 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਇਹ ਉਹੋ ਥਾਂ ਸੀ, ਜਿਥੇ ਕਿਸੇ ਵਕਤ ਲਹਿਣਾ ਸਿੰਘ ਦੀ ਰਿਹਾਇਸ਼ ਹੁੰਦੀ ਸੀ, ਜਿਥੇ ਨਵਾਬ ਮੁਹੰਮਦ ਅਹਿਮਦ ਖਾਨ ਕਸੂਰੀ ਦੇ ਇਕ ਰਿਸ਼ਤੇਦਾਰ ਨੂੰ ਪੰਜਾਬ ਦੇ ਹਿੱਤਾਂ ਨਾਲ ਧੋਖਾ ਕਰਨ ਬਦਲੇ ਹਲਾਕ ਕਰ ਦਿੱਤਾ ਗਿਆ ਸੀ। ਪੁਰਾਣੇ ਜ਼ਮਾਨੇ ਦੇ ਲੋਕ ਆਖਦੇ ਹਨ ਕਿ ਉਸ ਦਿਨ ਇਸ ਸ਼ਹਿਰ ਵਿਚ ਕੋਈ ਚੁੱਲ੍ਹਾ ਨਹੀਂ ਸੀ ਬਲਿਆ।

ਇਸ ਤੋਂ ਬਾਅਦ ਇਸ ਖੂਨੀ ਕਹਾਣੀ ਵਿਚ ਹੈਰਾਨੀਜਨਕ ਮੋੜ ਆਉਂਦਾ ਹੈ। ਸਾਲ 1975 ਵਿਚ ਨਵਾਬ ਮੁਹੰਮਦ ਅਹਿਮਦ ਖਾਨ ਕਸੂਰੀ ਦੇ ਪੁੱਤਰ ਅਹਿਮਦ ਰਜ਼ਾ ਖਾਨ ਕਸੂਰੀ ਦੇ ਕਤਲ ਦੀ ਕੋਸ਼ਿਸ਼ (ਜਿਸ ਵਿਚ ਅਹਿਮਦ ਰਜ਼ਾ ਖਾਨ ਕਸੂਰੀ ਬਚ ਗਿਆ ਸੀ) ਦੌਰਾਨ, ਸ਼ਹੀਦ ਭਗਤ ਸਿੰਘ ਨੂੰ ਫਾਂਸੀ ਦੇਣ ਦੇ ਹੁਕਮ ਜਾਰੀ ਕਰਨ ਵਾਲੇ ਇਸ ਬੁੱਢੇ ਮੈਜਿਸਟਰੇਟ ਨੂੰ ਐਨ ਉਸੇ ਥਾਈਂ ਗੋਲੀ ਵੱਜ ਜਾਣ ਕਾਰਨ ਜਾਨ ਤੋਂ ਹੱਥ ਧੋਣੇ ਪਏ, ਜਿਥੇ ਲਹਿਣਾ ਸਿੰਘ ਦੇ ਬੰਦਿਆਂ ਨੇ ਇਕ ਗੱਦਾਰ ਦਾ ਸਿਰ ਕਲਮ ਕੀਤਾ ਸੀ। ਬਦਲੇ ਦਾ ਇਕ ਚੱਕਰ ਐਨ ਉਸੇ ਥਾਂ ਪੂਰਾ ਹੋ ਗਿਆ ਹੈ। ਉਂਜ, ਬਾਅਦ ਵਿਚ ਉਸ ਕਤਲ ਲਈ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ ਦੇ ਦਿੱਤੀ ਗਈ ਤੇ ਇਹ ਖੂਨੀ ਚੱਕਰ ਜਾਰੀ ਹੈ। ਇਹ ਕਿੱਥੇ ਜਾ ਕੇ ਰੁਕੇਗਾ, ਸਾਨੂੰ ਨਹੀਂ ਪਤਾ... ਸ਼ਾਇਦ ਕੋਈ ਨਬੀ-ਔਲੀਆ ਆਵੇ ਤੇ ਸਾਨੂੰ ਕੁਝ ਦੱਸੇ।

## ਮਿਨੀ ਕਹਾਣੀ

### ਅਸਲੀ ਦੁੱਖ

ਪਿਉ ਦੇ ਸਸਕਾਰ ਪਿਛੋਂ ਬਲਜੀਤ ਨੂੰ ਪੇਕੇ ਘਰ ਛੱਡ ਦਿੱਤਾ ਸੀ ਤਾਂ ਜੋ ਇਕੱਲੇ ਭਰਾ ਨੂੰ ਵੀ ਦੁੱਖ ਵੇਲੇ ਆਸਰਾ ਰਹੇ। ਬਲਜੀਤ ਦੇ ਪੇਕੇ ਆਮ ਕਿਸਾਨ ਪਰਿਵਾਰ ਤੋਂ ਹੋਣ ਕਾਰਨ ਗੁਜ਼ਾਰਾ ਠੀਕ ਠਾਕ ਸੀ। ਦਵਿੰਦਰ ਨੇ ਸਹੁਰੇ ਪਰਿਵਾਰ ਦੀ ਹਾਲਤ ਅਤੇ ਨਵੀਂ ਸੋਚ ਅਨੁਸਾਰ ਬਹੁਤਾ ਇਕੱਠ ਕਰਨ ਦੀ ਥਾਂ ਘਰ ਦੇ 5-7 ਜੀਆਂ ਨਾਲ ਭੋਗ 'ਤੇ ਜਾਣ ਦਾ ਨਿਸਚਾ ਕਰ ਲਿਆ। ਭੋਗ ਪਿਛੋਂ ਬਲਜੀਤ ਸਹੁਰੀਂ ਆ ਗਈ, ਪਰ ਉਦੋਂ ਤੋਂ ਲਗਾਤਾਰ ਅੰਦਰ ਵੜ੍ਹ ਰੋ ਰਹੀ ਸੀ ਅਤੇ ਘਰ ਦੇ ਕਿਸੇ ਜੀਅ ਨਾਲ ਵੀ ਗੱਲ ਨਹੀਂ ਸੀ ਕਰ ਰਹੀ।

"ਵੇਖ ਬਲਜੀਤ, ਮੈਂ ਮੰਨਦਾ ਮਾਂ-ਪਿਉ ਦੇ ਜਾਣ ਦਾ ਦੁੱਖ ਸਭ ਨੂੰ ਹੁੰਦਾ, ਪਰ ਸਾਡੇ ਕੋਲ ਚਾਰਾ ਵੀ ਤਾਂ ਕੋਈ ਨਹੀਂ।" ਦਵਿੰਦਰ ਨੇ ਢਾਰਸ ਦੇਣ ਲਈ ਕੋਲ ਬੈਠਦਿਆਂ ਕਿਹਾ।

"ਦੁੱਖ ਮੈਨੂੰ ਐਨਾ ਪਿਉ ਮਰੇ ਦਾ ਨਹੀਂ, ਉਨ੍ਹਾਂ ਨੇ ਤਾਂ ਇੱਕ ਦਿਨ ਜਾਣਾ ਸੀ, ਦੁੱਖ ਤਾਂ ਤੁਹਾਡੀ ਕੀਤੀ ਦਾ ਹੈ।" ਬਲਜੀਤ ਨੇ ਗੁੱਸੇ ਵਿਚ ਕਿਹਾ।

"ਸਾਡੀ ਕੀਤੀ ਦਾ!" ਦਵਿੰਦਰ ਤ੍ਰਬਕਿਆ।

"ਜਦੋਂ ਜੇਠਾਣੀ ਦਾ ਪਿਉ ਮਰਿਆ ਸੀ, ਉਦੋਂ ਟਰਾਲੀ ਭਰ ਕੇ ਲੈ ਗਏ। ਮੇਰੇ ਵਾਰੀ ਚਾਰ ਜੀਅ ਜਾ ਖੜ੍ਹੇ। ਮੈਂ ਭਰਾ ਨੂੰ ਕਹਿ ਵਧੀਆ ਰੋਟੀ ਪਾਣੀ ਬਣਵਾਇਆ, ਜਲੇਬੀਆਂ ਪਕਵਾਈਆਂ। ਮੈਂ ਵੀ ਆਸੇ-ਪਾਸੇ ਨੂੰ ਵਿਖਾਉਣਾ ਸੀ। ਜਿਨ੍ਹਾਂ ਦੇ ਮਰਨੇ-ਪਰਨੇ ਮੈਂ ਜਾਂਦੀ ਸੀ, ਹੁਣ ਉਨ੍ਹਾਂ ਨੂੰ ਕੀ ਮੂੰਹ ਵਿਖਾਊਂ!" ਕਹਿ ਬਲਜੀਤ ਫੇਰ ਰੋਣ ਲੱਗੀ।

ਦਵਿੰਦਰ ਉਸ ਦਾ ਅਸਲੀ ਦੁੱਖ ਜਾਣ ਨਿੰਮੋਝੂਣਾ ਹੋ ਪਿੱਛੇ ਹੋ ਬੈਠ ਗਿਆ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਹਿੰਦੂ ਏਕਿਆ ਵੇਦੀ


(ਪਿਛਲੇ ਸਫੇ ਦੀ ਬਾਕੀ)

ਜਦੋਂ ਕੇਰਲਾ ਆਪਣੇ ਇਤਿਹਾਸ ਦੀਆਂ ਸਭ ਤੋਂ ਮਾੜੀਆਂ ਅਤੇ ਫਿਰਕੂ ਘਟਨਾਵਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਹਿੰਦੂ ਏਕਿਆ ਵੇਦੀ ਨੇ ਲੋਹਾ ਗਰਮ ਦੇਖ ਕੇ ਰਾਜ 'ਚ ਆਪਣਾ ਜਥੇਬੰਦਕ ਢਾਂਚਾ ਬਣਾਉਣ ਦੀ ਨੀਂਹ ਰੱਖੀ।

ਰਾਜਸ਼ੇਖਰਨ ਦੱਸਦਾ ਹੈ, "2003 ਦੇ ਮਰਾੜ ਦੰਗਿਆਂ ਤੋਂ ਬਾਅਦ ਹਿੰਦੂ ਏਕਿਆ ਵੇਦੀ ਜਨਤਕ ਜਥੇਬੰਦੀ ਦਾ ਰੂਪ ਧਾਰ ਗਈ। ਹੁਣ ਅਸੀਂ ਪੂਰੇ ਰਾਜ ਵਿਚ ਜਿਲਾ ਪੱਧਰ ਦੀਆਂ ਕਮੇਟੀਆਂ ਬਣਾ ਲਈਆਂ। ਨਾਲ ਹੀ ਅਸੀਂ ਜਥੇਬੰਦੀ ਦਾ ਮੁਢਲੇ ਪੱਧਰ ਤੱਕ ਵਿਸਥਾਰ ਕਰਨ ਵਿਚ ਜੁਟ ਗਏ ਅਤੇ ਪਿੰਡਾਂ ਤੇ ਤਾਲੁਕਾ ਵਿਚ ਵੀ ਕਮੇਟੀਆਂ ਬਣਾ ਲਈਆਂ।"

ਛੇ ਸਾਲ ਕੋਈ ਵੀ ਵੱਡਾ ਜਜ਼ਬਾਤੀ ਮੁੱਦਾ ਹੱਥ ਨਾ ਲੱਗਾ, ਜੋ ਹਿੰਦੂ ਏਕਿਆ ਵੇਦੀ ਦੀ ਕਿਸਮਤ ਚਮਕਾਉਣ ਦਾ ਸੰਦ ਬਣ ਸਕੇ। ਫਿਰ ਵੀ ਉਹ ਰਾਜ ਦੇ ਬਹੁਤ ਸਾਰੇ ਹਿੱਸਿਆਂ ਵਿਚ ਸਥਾਨਕ ਅੰਦੋਲਨ ਚਲਾਉਣ ਵਿਚ ਜੁਟੇ ਰਹੇ। ਸੋਕੇ ਦਾ ਇਹ ਮੌਸਮ 2009 ਦੇ ਦਸੰਬਰ ਵਿਚ ਖਤਮ ਹੋ ਗਿਆ, ਜਦੋਂ 'ਕੌਮੀ ਧਾਰਮਿਕ ਤੇ ਭਾਸ਼ਾਈ ਘੱਟਗਿਣਤੀ ਕਮਿਸ਼ਨ' ਦੇ ਚੇਅਰਮੈਨ ਜਸਟਿਸ ਰੰਗਾਨਾਥ ਮਿਸ਼ਰਾ ਨੇ ਪਾਰਲੀਮੈਂਟ ਵਿਚ ਆਪਣੀ ਰਿਪੋਰਟ ਪੇਸ਼ ਕੀਤੀ। ਕਮਿਸ਼ਨ ਨੇ ਹੋਰ ਮੁੱਦਿਆਂ ਦੇ ਨਾਲ-ਨਾਲ ਇਹ ਸਿਫਾਰਸ਼ ਵੀ ਕੀਤੀ ਕਿ ਧਰਮ ਬਦਲ ਚੁਕੇ ਦਲਿਤ ਮੁਸਲਮਾਨਾਂ ਅਤੇ ਦਲਿਤ ਇਸਾਈਆਂ ਨੂੰ ਵੀ ਸੂਚੀਦਰਜ ਜਾਤਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ। ਖੱਬੇ ਪੱਖੀ ਪਾਰਟੀਆਂ ਅਤੇ ਕਾਂਗਰਸ ਨੇ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਦਾ ਸਵਾਗਤ ਕੀਤਾ। ਹਿੰਦੂ ਏਕਿਆ ਵੇਦੀ ਅਤੇ ਆਰ. ਐਸ. ਐਸ. ਦੀਆਂ ਜਥੇਬੰਦੀਆਂ ਨੇ ਇਸ ਖਿਲਾਫ ਦੇਸ਼-ਵਿਆਪੀ ਮੁਹਿੰਮ ਵਿੱਢ ਦਿੱਤੀ।

ਆਰ. ਐਸ. ਐਸ. ਦੇ ਸੀਨੀਅਰ ਪ੍ਰਚਾਰਕ ਐਮ. ਰਾਧਾ ਕ੍ਰਿਸ਼ਨਨ, ਜੋ 2002 ਤੋਂ 2007 ਤੱਕ ਹਿੰਦੂ ਏਕਿਆ ਵੇਦੀ ਦਾ ਜਥੇਬੰਦਕ ਸਕੱਤਰ ਰਿਹਾ, ਦੱਸਦਾ ਹੈ, "ਇਹ ਰਿਪੋਰਟ ਸਾਡੇ ਲਈ ਅਹਿਮ ਮੋੜ ਸਾਬਤ ਹੋਈ। ਅਸੀਂ ਦਲੀਲ ਦਿੱਤੀ ਕਿ ਜੇ ਸਰਕਾਰ ਨੇ ਇਹ ਸਿਫਾਰਸ਼ ਮਨਜ਼ੂਰ ਕਰ ਲਈ ਤਾਂ ਧਰਮ ਬਦਲਣ ਤੋਂ ਬਾਅਦ ਇਸਾਈ ਅਤੇ ਮੁਸਲਮਾਨ, ਸੂਚੀਦਰਜ ਸੀਟਾਂ ਤੋਂ ਚੋਣ ਲੜਨ ਦੇ ਯੋਗ ਹੋ ਜਾਣਗੇ, ਜੋ ਸੂਚੀਦਰਜ ਜਾਤਾਂ ਲਈ ਰਾਖਵੀਂਆਂ ਹਨ। ਇਸ ਨਾਲ ਧਰਮ ਬਦਲ ਕੇ ਮੁਸਲਮਾਨ ਅਤੇ ਇਸਾਈ ਬਣੇ ਲੋਕਾਂ ਨੂੰ ਸੂਚੀਦਰਜ ਜਾਤਾਂ ਦੇ ਲੋਕਾਂ ਲਈ ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਨੌਕਰੀਆਂ ਵਿਚ ਰਾਖਵੇਂ ਰੋਜ਼ਗਾਰ ਦੇ ਮੌਕਿਆਂ ਵਿਚ ਹਿੱਸੇਦਾਰ ਬਣਨ ਦੀ ਇਜਾਜ਼ਤ ਮਿਲ ਜਾਵੇਗੀ, ਜਿਸ ਨਾਲ ਅਸਲ ਅਨੁਸੂਚਿਤ ਜਾਤੀਆਂ ਨੂੰ ਨੁਕਸਾਨ ਝੱਲਣਾ ਪਵੇਗਾ।"



ਹਿੰਦੂ ਏਕਿਆ ਵੇਦੀ ਦਾ ਆਗੂ ਕੇ. ਰਾਜਸ਼ੇਖਰਨ, ਜੋ ਪਿਛੋਂ ਮਿਜ਼ੋਰਮ ਦਾ ਰਾਜਪਾਲ ਵੀ ਰਿਹਾ

ਇਉਂ ਬਹਿਸ ਭੜਕਾਏ ਜਾਣ ਨਾਲ ਹਿੰਦੂ ਏਕਿਆ ਵੇਦੀ ਨੂੰ ਦਲਿਤਾਂ ਅਤੇ ਹੋਰ ਪੱਛੜੀਆਂ ਜਾਤਾਂ ਦੀਆਂ ਜਥੇਬੰਦੀਆਂ ਦੇ ਆਗੂਆਂ ਨਾਲ ਰਾਬਤਾ ਬਣਾਉਣ ਦਾ ਪਹਿਲਾ ਅਸਲ ਮੌਕਾ ਮਿਲਿਆ, ਜੋ ਇਨ੍ਹਾਂ ਸਿਫਾਰਸ਼ਾਂ ਨੂੰ ਜਨਤਕ ਕੀਤੇ ਜਾਣ ਪਿਛੋਂ ਆਪਣੇ ਭਵਿਖ ਨੂੰ ਲੈ ਕੇ ਜਾਹਰਾ ਤੌਰ 'ਤੇ ਫਿਕਰਮੰਦ ਸਨ। ਰਾਧਾ ਕ੍ਰਿਸ਼ਨਨ ਦੱਸਦਾ ਹੈ, "ਇਹ ਸਾਡਾ ਵੱਡਾ ਹਾਸਲ ਸੀ। ਨੀਵੀਆਂ ਜਾਤਾਂ ਦੀਆਂ ਕਈ ਜਥੇਬੰਦੀਆਂ ਨੇ ਹਿੰਦੂ ਏਕਿਆ ਵੇਦੀ ਦੀਆਂ ਦਲੀਲਾਂ ਸੁਣ ਕੇ ਇਸ ਦਾ ਪ੍ਰਭਾਵ ਕਬੂਲਣਾ ਸ਼ੁਰੂ ਕਰ ਦਿੱਤਾ। ਨੀਵੀਆਂ ਜਾਤਾਂ ਦੀਆਂ ਜਥੇਬੰਦੀਆਂ ਜਿਵੇਂ ਕੇਰਲਾ ਪੁਲਿਆਰ ਮਹਾਂ ਸਭਾ, ਸਿੱਧਾਨਰ ਸਰਵਿਸ ਸੁਸਾਇਟੀ, ਕੇਰਲਾ ਚੇਰਮਾਰ ਹਿੰਦੂ ਮਹਾਂ ਸਭਾ, ਵਿਸ਼ਵਕਰਮਾ ਸਭਾ ਆਦਿ ਦੇ ਆਗੂਆਂ ਨੇ ਸਾਡੇ ਪ੍ਰੋਗਰਾਮਾਂ ਵਿਚ ਆਉਣਾ ਸ਼ੁਰੂ ਕਰ ਦਿੱਤਾ। ਅਸੀਂ ਮੁੱਢ ਤੋਂ ਹੀ ਇਨ੍ਹਾਂ ਜਾਤ ਆਧਾਰਤ ਜਥੇਬੰਦੀਆਂ ਨਾਲ ਰਿਸ਼ਤਾ ਬਣਾਉਣ ਦੀ ਤਾਕ ਵਿਚ ਸਾਂ।"

ਰਾਧਾ ਕ੍ਰਿਸ਼ਨਨ ਮੰਨਦਾ ਹੈ ਕਿ ਹਿੰਦੂ ਏਕਿਆ ਵੇਦੀ ਨੇ ਰੰਗਾਨਾਥ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਪਿਛੋਂ ਚੋਖੀਆਂ ਮੱਲਾਂ ਮਾਰੀਆਂ, ਪਰ ਇਨ੍ਹਾਂ ਨੀਵੀਆਂ ਜਾਤਾਂ ਨਾਲ ਮੇਲ-ਮਿਲਾਪ ਦੇ ਸਿਆਸੀ ਨਤੀਜੇ ਨਿਕਲਣ ਨੂੰ ਅਜੇ ਦੇਰ ਲੱਗੇਗੀ। ਦਲਿਤ ਜਥੇਬੰਦੀਆਂ ਦੇ ਨਾਲ-ਨਾਲ ਮੱਧ ਵਰਗੀ ਅਤੇ ਉਚ ਜਾਤੀ ਜਥੇਬੰਦੀਆਂ ਨੇ ਵੀ ਕੇਰਲਾ ਦੀ ਸਿਆਸਤ ਵਿਚ ਅਹਿਮ ਭੂਮਿਕਾ ਨਿਭਾਈ।

(ਚਲਦਾ)

# ਜ਼ੀਰੇ ਦਾ ਫਲੇਵਰ: ਹਰਮਹਿੰਦਰ ਚਹਿਲ

**ਮੁਲਾਕਾਤ**

ਹਰਮਹਿੰਦਰ ਚਹਿਲ ਨੇ ਭੁੱਜਦਾ-ਭੁੱਜਦਾ ਜ਼ੀਰਾ ਤਲੀ 'ਤੇ ਪਾਇਆ, ਏਦਾਂ ਮਲਿਆ ਜਿਵੇਂ ਜ਼ਰਦਾ ਖਾਣ ਵਾਲੇ ਜ਼ਰਦਾ ਮਲਦੇ ਨੇ। ਚੀਨੀ ਦੀ ਪਲੇਟ ਵਿਚ ਭੁੱਜੀਆਂ ਚਿਕਨ ਦੀਆਂ ਲੱਤਾਂ 'ਤੇ ਜ਼ੀਰਾ ਧੂੜਦਾ ਬੋਲਿਆ, "ਲਓ! ਹੁਣ ਦੇਖਣਾ ਚਿਕਨ ਦਾ ਫਲੇਵਰ।"

ਜਿੰਨੀ ਰਫਤਾਰ ਨਾਲ ਉਸ ਨੇ ਭੁੱਜਦਾ-ਭੁੱਜਦਾ, ਗਰਮ-ਗਰਮ ਜ਼ੀਰਾ ਮਲਿਆ ਸੀ, ਇਹੀ ਰਫਤਾਰ ਉਸ ਦੇ ਪੜ੍ਹਨ-ਲਿਖਣ ਦੀ ਹੈ। "ਅੱਜ-ਕੱਲ੍ਹ ਕੀ ਚੱਲ ਰਿਹੈ?" ਫੋਨ ਕਰਾਂ ਤਾਂ ਹਰ ਵਾਰ ਮੇਰਾ ਪਹਿਲਾ ਸਵਾਲ ਇਹੀ ਹੁੰਦੈ।

"ਕੁਛ ਨ੍ਹੀਂ। 'ਲਸਟ ਫਾਰ ਲਾਈਫ' ਪੜ੍ਹ ਰਿਹਾਂ, ਇਰਵਿੰਗ ਸਟੋਨ ਦਾ।" ਉਹ ਆਖੇਗਾ।



**ਸੁਰਿੰਦਰ ਸੋਹਲ**

ਕੁਝ ਦਿਨਾਂ ਪਿਛੋਂ ਫੋਨ ਆਏਗਾ, "ਮੈਂ ਅੱਜ ਕੱਲ੍ਹ ਅਫਗਾਨਿਸਤਾਨ ਬਾਰੇ ਨਾਵਲ ਪੜ੍ਹ ਰਿਹਾਂ। ਏਨੀ ਬਾਰੀਕੀ ਨਾਲ ਲਿਖਿਆ ਮੈਂ ਪਹਿਲਾਂ ਕਦੇ ਨਹੀਂ ਪੜ੍ਹਿਆ। ਮਨਮੋਹਨ ਬਾਵਾ ਦਾ 'ਕਾਲ ਕਥਾ' ਪੜ੍ਹ ਕੇ ਤੁਹਾਨੂੰ ਮੇਲ ਕਰ ਦਿੱਤੈ।"

ਕੁਝ ਮਹੀਨਿਆਂ ਪਿਛੋਂ ਗੱਲ ਹੋਵੇਗੀ, ਆਖੂ, "ਸੋਹਲ ਸਾਹਿਬ ਨਾਵਲ ਲਿਖਣ ਦਾ ਵਿਚਾਰ ਬਣ ਰਿਹੈ। ਪਾਤਰਾਂ ਵਿਚ ਰੁਝਿਆ ਹੋਇਆਂ।"

ਫਿਰ ਉਸ ਦੀ ਕਾਲ ਆਏਗੀ, "ਉਹ ਬਈ ਨਾਵਲ ਮੈਂ ਲਿਖ ਲਿਐ। ਤੁਹਾਨੂੰ ਭੇਜ ਰਿਹਾਂ।" ਤੇ ਕੁਝ ਦਿਨਾਂ ਬਾਅਦ 'ਸਟੈਪਲ' ਸਟੋਰ ਤੋਂ ਤਿਆਰ ਕਰਵਾਈ ਹੋਈ ਕਿਤਾਬ ਮੇਲ-ਬਾਕਸ ਵਿਚ ਮੈਨੂੰ ਉਡੀਕ ਰਹੀ ਹੁੰਦੀ ਏ। ਜ਼ੀਰਾ ਮਲਣਾ ਤੇ ਸਾਹਿਤ ਲਿਖਣਾ ਉਸ ਲਈ ਕਿੰਨਾ ਸਹਿਜ ਹੈ!

ਪਹਿਲੀ ਵਾਰ 2007 ਵਿਚ ਮੈਂ ਹਰਮਹਿੰਦਰ ਚਹਿਲ ਦਾ ਨਾਂ ਡਾ. ਬਲਦੇਵ ਸਿੰਘ ਧਾਲੀਵਾਲ ਤੋਂ ਸੁਣਿਆ। ਧਾਲੀਵਾਲ ਹੋਰਾਂ ਉਸ ਦੇ ਕਹਾਣੀ-ਸੰਗ੍ਰਿਹ 'ਅੰਨ੍ਹੀ ਗਲੀ ਦੇ ਬਾਸ਼ਿੰਦੇ' 'ਤੇ ਆਲੋਚਨਾਤਮਕ ਲੇਖ ਲਿਖਿਆ ਸੀ, ਪਰ ਚਹਿਲ ਨਾਲ ਮੁਲਾਕਾਤ ਨਹੀਂ ਸੀ ਹੋ ਸਕੀ। ਧਾਲੀਵਾਲ ਲੇਖ ਦੀ ਇਕ ਕਾਪੀ ਮੈਨੂੰ ਦੇ ਗਏ ਸਨ। ਕੁਝ ਮਹੀਨਿਆਂ ਪਿਛੋਂ ਬਲਦੇਵ ਸਿੰਘ ਗਰੇਵਾਲ ਦਾ ਫੋਨ ਆਇਆ, "ਤੂੰ ਹਰਮਹਿੰਦਰ ਚਹਿਲ ਨੂੰ ਜਾਣਦੈਂ?"

"ਨਾਂ ਸੁਣਿਆ-ਸੁਣਿਆ ਲੱਗਦੈ।"

"ਓਨੇ ਨਾਵਲ ਲਿਖਿਐ 'ਬਲੀ'। ਬੜੀ ਤੜਥੱਲੀ ਮਚਾਈ ਐ," ਗਰੇਵਾਲ ਆਪਣੇ ਮਖਸੂਸ ਅੰਦਾਜ਼ ਵਿਚ ਦੱਸ ਰਿਹਾ ਸੀ, "ਉਹ ਤਾਂ ਬਾਹਰਲੇ ਸਾਰੇ ਲੇਖਕਾਂ ਨੂੰ ਪਿੱਛੇ ਛੱਡ ਗਿਆ।"

ਸਿਆਲਾਂ ਦੇ ਦਿਨ ਸਨ। ਮੈਂ ਗਰੇਵਾਲ ਤੋਂ ਨਾਵਲ ਲੈ ਆਇਆ। ਸਨਿਚਰਵਾਰ ਦੀ ਛੁੱਟੀ ਸੀ। ਸਿਰਹਾਣਾ ਰੱਖ ਕੇ ਫਰਸ਼ 'ਤੇ ਲੰਮਾ ਪੈ ਨਾਵਲ ਪੜ੍ਹਨ ਲੱਗਾ। 'ਗੁਰਲਾਭ ਹੁਣ ਅੜਿੱਕੇ ਆਇਆ...ਗੁਰਲਾਭ ਹੁਣ ਅੜਿੱਕੇ ਆਇਆ' ਕਰਦੇ-ਕਰਦੇ ਤੜਕਾ ਹੋ ਗਿਆ। ਠੰਢ ਦਾ ਮੈਨੂੰ ਪਤਾ ਹੀ ਨਾ ਲੱਗਾ। ਤੜਕਸਾਰ ਨਾਵਲ ਮੁੱਕਾ। ਜਦੋਂ ਉਠ ਕੇ ਮੰਜੇ 'ਤੇ ਲੰਮਾ ਪੈਣ ਤੁਰਿਆ, ਧੌਣ ਨੂੰ ਅਕੜੇਵਾਂ ਮਹਿਸੂਸ ਹੋਇਆ। ਮੈਂ ਗੱਲ ਬਹੁਤੀ ਨਾ ਗੌਲੀ। ਦੁਪਹਿਰੋਂ ਬਾਅਦ ਜਾਗ ਆਈ। ਕੰਮ 'ਤੇ ਜਾਣਾ ਸੀ। ਪੱਠੇ ਆਕੜੇ ਹੋਏ। ਧੌਣ ਹਿੱਲ ਨਹੀਂ ਸੀ ਰਹੀ। ਮੋਢੇ ਜਿਵੇਂ ਜਕੜੇ ਹੋਏ। ਮੈਨੂੰ ਕੰਮ 'ਤੇ ਜਾਣ ਦੀ ਥਾਂ ਹਸਪਤਾਲ ਜਾਣਾ ਪਿਆ। ਦੂਸਰੇ ਦਿਨ ਸਵੇਰੇ ਹਸਪਤਾਲੋਂ ਛੁੱਟੀ ਮਿਲੀ।

ਹਸਪਤਾਲੋਂ ਆਉਂਦੇ ਹੀ ਮੈਂ ਨਾਵਲ 'ਚੋਂ ਉਸ ਦਾ ਫੋਨ ਨੰਬਰ ਲਿਆ ਤੇ ਫੋਨ ਕੀਤਾ, "ਚਹਿਲ ਸਾਹਿਬ ਤੁਹਾਡੇ 'ਬਲੀ' ਨਾਵਲ ਨੇ ਮੇਰੀ ਬਲੀ ਜ਼ਰੂਰ ਲੈ ਲੈਣੀ ਸੀ।"

ਧਾਲੀਵਾਲ ਦੇ ਲੇਖ ਬਾਰੇ ਸੁਣ ਕੇ ਉਹ ਖੁਸ਼ ਹੋ ਗਿਆ। ਇਹ ਲੇਖ ਮੈਂ ਉਸ ਨੂੰ ਫੈਕਸ ਕਰ ਦਿੱਤਾ। ਤੇ ਫਿਰ ਸਾਡੀ ਅਜਿਹੀ ਸਾਂਝ ਬਣੀ ਕਿ ਫੋਨ 'ਤੇ ਨਾਵਲ-ਕਹਾਣੀਆਂ ਬਾਰੇ ਲੰਮੀਆਂ-ਲੰਮੀਆਂ ਵਿਚਾਰਾਂ ਕਰਨ ਦਾ ਸਿਲਸਿਲਾ ਅੱਜ ਤੱਕ ਜਾਰੀ ਹੈ।

'ਬਲੀ' ਨਾਵਲ ਅਸੀਂ ਨਿਊ ਯਾਰਕ ਰਿਲੀਜ਼ ਕੀਤਾ ਸੀ। ਉਹ ਆਪਣੇ ਜਵਾਈ ਨਾਲ ਆਇਆ ਸੀ। ਪ੍ਰੋਗਰਾਮ ਬਹੁਤ ਸਫਲ ਰਿਹਾ। ਰਾਤੀਂ ਏਨੀ ਹਨੇਰੀ ਵਗੀ ਕਿ ਬਿਜਲੀ ਚਲੇ ਗਈ। ਸਾਡੇ ਸੁੱਤਿਆਂ ਹੀ ਦੋਵੇਂ ਠੰਢੇ ਪਾਣੀ ਨਾਲ ਨਹਾ ਕੇ ਕੰਬਲਾਂ ਵਿਚ ਵੜੇ ਰਹੇ। ਪ੍ਰੋਗਰਾਮ ਦੀ ਸਫਲਤਾ ਦੇ ਨਿੰਘ ਨੇ ਜਿਵੇਂ ਠੰਢ ਨੇੜੇ ਵੀ ਨਹੀਂ ਸੀ ਢੁੱਕਣ ਦਿੱਤੀ।

ਦੁਪਹਿਰੇ ਉਨ੍ਹਾਂ ਨੂੰ ਏਅਰਪੋਰਟ 'ਤੇ ਛੱਡ ਕੇ ਮੈਂ ਆਪ ਕੰਮ 'ਤੇ ਚਲਾ ਗਿਆ। ਅੱਧੀ ਰਾਤ ਤੱਕ ਉਨ੍ਹਾਂ ਦਾ ਫੋਨ ਉਡੀਕਦਾ ਰਿਹਾ। ਬੜੇ ਲਾ-ਪਰਵਾਹ ਨਿਕਲੇ। ਘਰ ਪਹੁੰਚਣ ਦੀ ਸੂਚਨਾ ਹੀ ਨਹੀਂ ਸੀ ਦਿੱਤੀ। ਦੂਜੇ ਦਿਨ ਫੋਨ ਆਇਆ, "ਸੋਹਲ ਸਾਹਿਬ ਮਹਿਮਾਨ-ਨਿਵਾਜ਼ੀ ਵਾਸਤੇ ਸ਼ੁਕਰੀਆ। ਪ੍ਰੋਗਰਾਮ ਵੀ ਬਹੁਤ ਵਧੀਆ ਕਰਵਾਇਆ ਤੁਸੀਂ। ਸਾਡੇ ਨਾਲ ਤਾਂ ਯਾਰ ਬੜੀ ਮਾੜੀ ਹੋਈ। ਸਾਡੀ ਫਲਾਈਟ ਈ ਕੈਂਸਲ ਹੋ ਗਈ। ਮੁੜ ਕੇ ਰਾਤ ਗਿਆਰਾਂ ਵਜੇ ਵਾਲੀ ਫਲਾਈਟ ਲੱਭੀ।"

ਮੈਂ ਕਿਹਾ, "ਤੁਸੀਂ ਫੋਨ ਕਰ ਦਿੰਦੇ ਮੈਂ ਵਾਪਸ ਘਰ ਲੈ ਆਉਂਦਾ।"

"ਮੈਂ ਕਿਹਾ ਕਾਹਨੂੰ ਤਕਲੀਫ ਦੇਣੀ ਐ," ਚਹਿਲ ਨੇ ਕਿਹਾ ਪਰ ਮੈਨੂੰ ਸੁਣਿਆ, "ਯਾਰ ਹੁਣ ਪਾਣੀ ਦੀ ਹੋਰ ਠੰਢ ਨਹੀਂ ਝੱਲੀ ਜਾਣੀ।" ਜਿੰਨੀ ਕਾਹਲੀ ਨਾਲ ਉਹ ਲਿਖਦਾ ਹੈ, ਉਸ ਦੇ ਸੁਭਾਅ ਵਿਚ ਓਨਾ ਹੀ ਸਹਿਜ ਹੈ, ਪਰ ਕਦੇ-ਕਦੇ ਉਸ ਅੰਦਰਲਾ ਟਿਕਾਓ ਇੰਜ ਕੰਬਦਾ ਹੈ, ਜਿਵੇਂ ਪਾਣੀ 'ਚ ਕਮਲ ਫੁੱਲ ਦਾ ਅਕਸ।

ਨਿਊ ਯਾਰਕ ਟੀ. ਵੀ. 'ਤੇ ਮੇਰਾ ਪ੍ਰੋਗਰਾਮ ਹੁੰਦਾ ਸੀ 'ਸੁਖਨ ਜਿਨ੍ਹਾਂ ਦੇ ਪੱਲੇ'। ਰਿਕਾਰਡਿੰਗ ਲਈ ਉਹ ਵਰਜੀਨੀਆ ਤੋਂ ਛੋਟੇ ਭਰਾ ਹਰਤੇਜ ਨਾਲ ਆਇਆ ਫੋਰਡ ਮਸਤਾਂਗ ਗੱਡੀ 'ਤੇ। ਰਿਕਾਰਡਿੰਗ ਵਧੀਆ ਹੋਈ। ਉਸ ਨੇ ਲਿਖਣ ਦੇ ਸ਼ੌਕ ਦਾ ਪਿਛੋਕੜ ਦੱਸਿਆ, "ਸਾਡੇ ਪਿੰਡ ਇਕ ਪੁਰਾਣੀ ਹਵੇਲੀ ਹੁੰਦੀ ਸੀ। ਉਜਾੜ ਜਿਹੀ। ਮੈਂ ਉਹਦੇ ਵੱਲ ਦੇਖ-ਦੇਖ ਕੇ ਸੋਚਦਾ, ਬਈ ਇਸ ਹਵੇਲੀ ਦੀ ਕੀ ਕਹਾਣੀ ਹੋਊ? ਮੈਂ ਕਲਪਨਾ ਕਰਨ ਲੱਗ ਪੈਂਦਾ। ਸ਼ਾਇਦ ਉਹੀ ਕਲਪਨਾ ਵੱਡੇ ਹੋ ਕੇ ਮੇਰੇ ਲਿਖਣ ਦਾ ਕਾਰਨ ਬਣੀ।"

ਰਿਕਾਰਡਿੰਗ ਪਿਛੋਂ ਬਲਦੇਵ ਸਿੰਘ ਗਰੇਵਾਲ ਨੇ ਤਿੰਨ-ਚਾਰ ਬੰਦਿਆਂ ਨਾਲ ਮਿਲ ਬੈਠਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਜਦੋਂ ਗੱਲਾਂ ਦੇ ਨਾਲ-ਨਾਲ ਸੋਮਰਸ ਦਾ ਦੌਰ ਸ਼ੁਰੂ ਹੋਇਆ ਤਾਂ ਸਾਂਵਲੀ ਜਿਲਦ ਵਾਲੀ ਕਿਤਾਬ ਵਾਂਗ ਬੁੱਲ੍ਹ ਭੀਚ ਕੇ ਅੱਖਾਂ 'ਚ ਬੇਚੈਨੀ ਦੀ ਮੱਧਮ ਜਿਹੀ ਲੋਅ ਭਰ ਕੇ ਉਸ ਨੇ ਗਹਿਰਾ-ਗਹਿਰਾ ਮੇਰੇ ਵੱਲ ਦੇਖਿਆ। ਉਨ੍ਹਾਂ ਦਾ ਸਫਰ ਸੱਤ ਘੰਟੇ ਦਾ ਬਾਕੀ ਸੀ।

ਹਰਤੇਜ ਹੁਣ ਕਾਰ ਚਲਾਉਣ ਜੋਗਾ ਨਹੀਂ ਸੀ ਰਿਹਾ। ਚਹਿਲ ਨੇ ਕਾਰ ਸਟਾਰਟ ਕਰਨ ਲਈ ਰਿਮੋਟ ਦਾ ਬਟਨ ਦੱਬਿਆ। ਕਾਰ 'ਚ ਕਮਲ ਫੁੱਲ ਦੇ ਕੰਬਦੇ ਅਕਸ ਜਿੰਨੀ ਵੀ ਜੁੰਬਿਸ਼ ਨਹੀਂ ਸੀ। ਚਹਿਲ ਦੀਆਂ ਅੱਖਾਂ ਵਿਚ ਨਿਰਾਸ਼ਾ ਦਾ ਬੱਦਲ ਤੈਰਨ ਲੱਗਾ। ਰਿਕਾਰਡਿੰਗ ਦੀ ਖੁਸ਼ੀ ਇੰਜ ਬੁਝ ਗਈ, ਜਿਵੇਂ ਕਿਤਾਬ ਰਿਲੀਜ਼ ਵੇਲੇ ਹਨੇਰੀ ਨਾਲ ਬਿਜਲੀ ਚਲੀ ਗਈ ਸੀ। ਸ਼ਾਇਦ ਉਹ ਫਲਾਈਟ ਕੈਂਸਲ ਹੋਣ ਦੀ ਖੱਜਲ-ਖੁਆਰੀ ਭੁੱਲੇ ਨਹੀਂ ਸਨ। ਇਸੇ ਕਰਕੇ ਕਾਰ ਵਿਚ ਆਏ ਸਨ। ਕਾਰ ਟੋਅ ਕਰਵਾ ਕੇ ਲਾਗਲੇ 'ਫੋਰਡ ਡੀਲਰ' ਕੋਲ ਲੈ ਗਏ। ਕਾਰ ਬਣਨ ਨੂੰ ਕੁਝ ਦਿਨ ਲੱਗਣੇ ਸਨ। ਹਰਤੇਜ ਤੇ ਹਰਮਹਿੰਦਰ ਚਹਿਲ ਨੂੰ ਟਰੇਨ ਵਿਚ ਵਾਪਸ ਵਰਜੀਨੀਆ ਜਾਣਾ ਪਿਆ। ਖੱਜਲ-ਖੁਆਰੀ ਵੀ ਸ਼ਾਇਦ ਭੁੱਲ ਜਾਂਦੀ, ਪਰ ਉਸ ਦਾ ਨਿਊ ਯਾਰਕ ਦਾ ਇਹ ਗੇੜਾ ਵੀ ਖੁਸ਼ਗਵਾਰ ਨਾ ਰਿਹਾ। ਅਸੀਂ ਉਡੀਕ-ਉਡੀਕ ਥੱਕ ਗਏ। ਚਹਿਲ ਤੋਂ ਪਹਿਲਾਂ ਰਿਕਾਰਡ ਕੀਤੇ ਪ੍ਰੋਗਰਾਮ ਚੱਲ ਗਏ। ਉਸ ਪਿਛੋਂ ਰਿਕਾਰਡ ਕੀਤੇ ਪ੍ਰੋਗਰਾਮ ਟੀ. ਵੀ. ਦੀਆਂ



ਹਰਮਹਿੰਦਰ ਚਹਿਲ

ਸਕਰੀਨਾਂ 'ਤੇ ਲਿਸ਼ਕ ਪਏ, ਪਰ ਚਹਿਲ ਦੀ ਰਿਕਾਰਡਿੰਗ ਦੇ ਬੁੱਲ੍ਹ ਸਾਂਵਲੀ ਜਿਲਦ ਵਾਲੀ ਕਿਤਾਬ ਵਾਂਗ ਭੀਚੇ ਦੇ ਭੀਚੇ ਹੀ ਰਹਿ ਗਏ।

ਚਹਿਲ ਨਾਲ ਕੀਤੀ ਰਿਕਾਰਡਿੰਗ ਵਾਲੀ ਟੇਪ ਟੀ. ਵੀ. ਵਾਲਿਆਂ ਨੇ ਗੁਆ ਦਿੱਤੀ ਸੀ। ਜਦੋਂ ਮੈਂ ਉਸ ਨੂੰ ਦੱਸਿਆ ਤਾਂ ਜਵਾਬ ਸੀ, "ਕੋਈ ਗੱਲ ਨਈਂ ਸੋਹਲ ਸਾਹਿਬ, ਕਦੇ ਫਿਰ ਸਹੀ।"

---

'ਹੋਣੀ' ਨਾਵਲ ਦਾ ਖਰੜਾ ਪੜ੍ਹਦੀ ਮੇਰੀ ਪਤਨੀ ਨੇ ਕਿਹਾ, "ਪੜ੍ਹਿਆ ਨਾਵਲ? ਕੁਝ ਪਾਤਰ ਵੈਲੀ ਸਟਰੀਮ ਵੀ ਰਹਿੰਦੇ ਐ। ਭਾਜੀ ਨੇ ਆਪਣਾ ਜ਼ਿਕਰ ਕੀਤਾ ਲੱਗਦੈ।"

'ਭੰਵਰ' ਨਾਵਲ ਦਾ ਪਹਿਲਾ ਨਾਂ 'ਭੰਵਰ ਜਾਲ' ਸੀ। ਮੈਂ ਸਲਾਹ ਦਿੱਤੀ ਕਿ ਨਾਂ ਜਾਂ 'ਭੰਵਰ' ਹੋਵੇ ਜਾਂ 'ਜਾਲ'। ਨਾਵਲ ਦਾ ਖਰੜਾ ਮੈਥੋਂ ਪਹਿਲਾਂ ਮੇਰੀ ਪਤਨੀ ਨੇ ਪੜ੍ਹਿਆ। ਉਸ ਨੂੰ ਬਸੰਤ ਕੌਰ ਦੇ ਪਾਤਰ ਨੇ ਭੰਵਰ ਵਾਂਗ ਘੁੰਮਾ ਦਿੱਤਾ ਸੀ। ਉਹ ਆਪਣੇ ਆਲੇ-ਦੁਆਲੇ ਦੀਆਂ ਕਈ ਔਰਤਾਂ ਦਾ ਜ਼ਿਕਰ ਕਰਦੀ, ਜੋ ਬਸੰਤ ਕੌਰ ਦਾ ਹੀ ਰੂਪ ਜਾਪਣ ਲੱਗ ਪਈਆਂ ਸਨ।

ਹਰਮਹਿੰਦਰ ਚਹਿਲ 'ਐਂਟੀ-ਹੀਰੋ' ਸਿਰਜਣ ਦਾ ਮਾਸਟਰ ਹੈ। 'ਬਲੀ' ਤੇ 'ਹੋਣੀ' ਦਾ ਗੁਰਲਾਭ ਅਤੇ 'ਭੰਵਰ' ਦੀ ਬਸੰਤ ਕੌਰ ਇੱਕੋ ਰੂਪ ਹੀ ਨੇ। ਬਸੰਤ ਕੌਰ ਆਲੇ-ਦੁਆਲੇ ਨੂੰ ਐਸਾ ਘੁੰਮਣ-ਘੇਰੀਆਂ ਵਿਚ ਪਾਉਂਦੀ ਹੈ ਕਿ ਪੜ੍ਹਨ ਵਾਲਾ ਵੀ ਚਕਰਾ ਜਾਂਦਾ ਹੈ। ਏਹਦਾ ਵਿਆਹ ਓਹਦੇ ਨਾਲ ਕਰਵਾ ਕੇ, ਕੋਈ ਹੋਰ ਪੁੱਠਾ-ਸਿੱਧਾ ਚੱਕਰ ਚਲਾ ਕੇ ਆਪਣੇ ਕੋੜਮੇ ਨੂੰ ਅਮਰੀਕਾ ਵਾੜੀ ਜਾਂਦੀ ਹੈ।

ਨਾਵਲ ਛਪ ਗਿਆ। ਇਕ ਦਿਨ ਚਹਿਲ ਦਾ ਫੋਨ ਆਇਆ। ਉਸ ਦੱਸਿਆ ਕਿ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੂੰ ਵੀਜ਼ਾ ਨਹੀਂ ਸੀ ਮਿਲ ਰਿਹਾ। ਭਾਵੇਂ ਕਿ ਪੱਕੇ ਪੇਪਰਾਂ 'ਤੇ ਉਸ ਨੇ ਆਉਣਾ ਸੀ। ਕੇਸ ਇਨਕੁਆਰੀ ਦੇ ਭੰਵਰ ਵਿਚ ਫਸ ਗਿਆ ਸੀ।

ਮੈਂ ਇਹ ਗੱਲ ਆਪਣੀ ਘਰ ਵਾਲੀ ਨੂੰ ਦੱਸੀ ਤਾਂ ਉਹ ਹੱਸ ਕੇ ਕਹਿਣ ਲੱਗੀ, "ਭਾਜੀ ਨੂੰ ਮੇਰੇ ਵਲੋਂ ਸੁਨੇਹਾ ਦੇਣਾ, 'ਬਸੰਤ ਕੌਰ' ਦੀ ਮਦਦ ਲੈਣ।"

ਚਹਿਲ ਦਾ ਨਾਵਲ 'ਆਫੀਆ ਸਦੀਕੀ ਦਾ ਜੇਹਾਦ' ਦੁਨੀਆਂ ਦੇ ਚਿਤਰ-ਪਟ 'ਤੇ ਫੈਲ ਰਹੀ ਦਹਿਸ਼ਤਗਰਦੀ ਦੀਆਂ ਜੜ੍ਹਾਂ ਨੰਗੀਆਂ ਕਰਦਾ ਹੈ। ਇਕ ਪ੍ਰਕਾਸ਼ਕ ਨੇ ਨਾਵਲ ਇਹ ਕਹਿ ਕੇ ਛਾਪਣੋਂ ਨਾਂਹ ਕਰ ਦਿੱਤੀ ਸੀ ਕਿ ਇਹ ਨਾਵਲ ਇਕ 'ਅਤਿਵਾਦਣ' ਨੂੰ ਨਾਇਕਾ ਦੇ ਤੌਰ 'ਤੇ 'ਪਰਮੋਟ' ਕਰਦਾ ਹੈ।

ਚਹਿਲ ਨੂੰ ਨਾ ਲਿਖਣ ਦੀ ਘੌਲ ਹੈ, ਨਾ ਪੜ੍ਹਨ ਦੀ। ਨਾ ਕਿਤਾਬ ਮੇਲ ਕਰਨ ਦੀ। ਮੈਨੂੰ ਕੋਈ ਕਿਤਾਬ ਫੌਰੀ ਚਾਹੀਦੀ ਹੋਵੇ ਤਾਂ ਚਹਿਲ ਮੇਰੇ ਦਿਮਾਗ ਵਿਚ ਇੰਜ ਵਸਿਆ ਹੋਇਆ ਹੈ, ਜਿਵੇਂ ਅੱਜ ਦੇ ਬੱਚਿਆਂ ਦੇ ਜ਼ਿਹਨ 'ਚ 'ਗੂਗਲ'। ਜੇ ਉਸ ਕੋਲ ਕਿਤਾਬ ਨਾ ਹੋਵੇ ਤਾਂ ਉਹ ਆਪਣੀ ਦਿੱਭ-ਦ੍ਰਿਸ਼ਟੀ ਜਾਦੂ ਦੀ ਛੜੀ ਵਾਂਗ ਘੁੰਮਾਏਗਾ। ਕਿਤਾਬ ਦੀ ਪੀ. ਡੀ. ਐਫ. ਈਮੇਲ 'ਤੇ ਹੱਸਦੀ-ਹੱਸਦੀ ਪ੍ਰਗਟ ਹੋ ਕੇ ਕਹੇਗੀ, 'ਲੈ ਮੈਂ ਪਹੁੰਚ ਗਈ ਆਂ।'

ਪਹਿਲਾਂ-ਪਹਿਲਾਂ ਉਹ ਪੈੱਨ ਨਾਲ ਵਰਕਿਆਂ 'ਤੇ ਲਿਖਦਾ ਸੀ। ਮੈਂ ਸੁਝਾਅ ਦਿੱਤਾ, "ਤੁਸੀਂ ਸਨਾਪਸਿਜ਼ ਕਾਗਜ਼ 'ਤੇ ਬਣਾ ਲਿਆ ਕਰੋ, ਮਗਰੋਂ ਰਚਨਾ ਸਿੱਧੀ ਕੰਪਿਊਟਰ 'ਤੇ ਟਾਈਪ ਕਰਿਆ ਕਰੋ, ਐਡਿਟ ਕਰਨ ਦੀ ਵੀ ਮੌਜ ਰਹਿੰਦੀ ਐ।"

ਉਦੋਂ ਉਹਨੂੰ ਅੰਗੇਰਜ਼ੀ-ਪੰਜਾਬੀ ਕੁਝ ਵੀ ਟਾਈਪ ਕਰਨਾ ਨਹੀਂ ਸੀ ਆਉਂਦਾ। ਤੇ ਕੁਝ ਦਿਨਾਂ ਬਾਅਦ ਉਸ ਨੇ 'ਅਨਮੋਲ' ਫੌਂਟ ਵਿਚ ਕਹਾਣੀ ਟਾਈਪ ਕਰ ਕੇ ਮੈਨੂੰ ਭੇਜ ਦਿੱਤੀ। ਮੈਂ ਕਿਹਾ, "ਜੇ ਕਿਤੇ ਤੁਸੀਂ 'ਸਤਲੁਜ' ਫੌਂਟ ਵਰਤਣ ਲੱਗ ਪਵੋ ਤਾਂ ਸਪੀਡ ਕਈ ਗੁਣਾ ਵਧ ਸਕਦੀ ਆ।" 'ਅਨਮੋਲ' ਤੇ 'ਸਤਲੁਜ' ਵਿਚ ਸਿਰਫ 'ਕ' ਅੱਖਰ ਦੀ ਹੀ ਸਾਂਝ ਹੈ, ਬਾਕੀ ਦਾ ਕੀ-ਬੋਰਡ ਅਸਲੋਂ ਹੀ ਵੱਖਰਾ ਹੈ। ਚਹਿਲ ਨੇ 'ਇੰਡੀਕਾ' ਵਾਲਿਆਂ ਤੋਂ ਪੰਜ ਹਜ਼ਾਰ ਰੁਪਏ ਦੇ ਫੌਂਟ ਖਰੀਦੇ ਤੇ ਕੁਝ ਦਿਨਾਂ ਬਾਅਦ ਕਹਾਣੀ 'ਸਤਲੁਜ' ਫੌਂਟ 'ਚ ਟਾਈਪ ਕਰ ਕੇ ਭੇਜ ਦਿੱਤੀ।

ਇਕ ਦਿਨ ਗੱਲੀਂ-ਗੱਲੀਂ ਮੈਂ ਕਹਿ ਦਿੱਤਾ, "ਜੇ ਤੁਸੀਂ ਮਾਈਕਰੋ ਸੌਫਟ ਵਰਡ ਦੀ ਥਾਂ 'ਪੇਜ-ਮੇਕਰ' 'ਚ ਕੰਮ ਕਰੋ ਤਾਂ ਆਪ ਕਿਤਾਬ ਤਿਆਰ ਕਰ ਕੇ ਸਿੱਧੀ ਪ੍ਰਕਾਸ਼ਕ ਨੂੰ ਭੇਜ ਸਕਦੇ ਓ।" ਤੇ ਉਸ ਨੇ ਅਗਲੀ ਕਿਤਾਬ ਮੈਨੂੰ 'ਪੇਜ-ਮੇਕਰ' ਵਿਚ ਭੇਜ ਦਿੱਤੀ।

ਇਕ ਦਿਨ ਉਹ ਜਾਵੇਦ ਬੂਟੇ ਕੋਲ ਗਿਆ। ਉਸ ਨੂੰ ਕਿਹਾ, "ਮੇਰਾ ਨਾਂ ਸ਼ਾਹਮੁਖੀ ਵਿਚ ਲਿਖ ਕੇ ਦੇਹ।"

ਜਾਵੇਦ ਨੇ ਲਿਖ ਦਿੱਤਾ। ਘਰ ਆ ਕੇ ਚਹਿਲ ਨੇ ਸੋਚਿਆ, 'ਕਿਉਂ ਨਾ ਉਰਦੂ ਰਸਮੁਲ ਖਤ ਮੈਂ ਆਪ ਹੀ ਸਿੱਖ ਲਵਾਂ।' 'ਗੂਗਲ' 'ਤੇ ਸਰਚ ਮਾਰੀ। ਸਾਈਟ ਲੱਭ ਲਈ 'ਲਰਨ ਉਰਦੂ ਥਰੂ ਹਿੰਦੀ'। ਇਕ-ਇਕ ਘੰਟੇ ਦੇ ਕੋਈ ਸੌ ਸਬਕ ਸਨ। ਤਿੰਨ ਕੁ ਮਹੀਨਿਆਂ ਬਾਅਦ ਉਸ ਨੇ 'ਅਪਨਾ' ਵਾਲਿਆਂ ਦੀ ਸਾਈਟ 'ਤੇ ਪਏ ਆਪਣੇ ਹੀ ਨਾਵਲ 'ਬਲੀ' ਦਾ ਸ਼ਾਹਮੁਖੀ ਵਰਸ਼ਨ ਪੜ੍ਹ ਕੇ ਅਭਿਆਸ ਕਰ ਲਿਆ। ਉਸ ਦੇ ਉਰਦੂ ਪੜ੍ਹ ਲੈਣ ਦਾ ਮੈਨੂੰ ਤਾਂ ਉਦੋਂ ਹੀ ਪਤਾ ਲੱਗਾ, ਜਦੋਂ ਉਸ ਦਾ ਕੀਤਾ ਅਫਜ਼ਲ ਅਹਿਸਨ ਰੰਧਾਵਾ ਦੀ ਕਹਾਣੀ 'ਬੇੜੀਆਂ' ਦਾ ਗੁਰਮੁਖੀ ਲਿਪੀਅੰਤਰ 'ਪੰਜਾਬ ਟਾਈਮਜ਼' ਵਿਚ ਦੇਖਿਆ।

ਨਾਮੀ ਲਿਖਾਰੀ ਰਾਮ ਸਰੂਪ ਅਣਖੀ ਚਹਿਲ ਨੂੰ 'ਮਾਮੇ ਦਾ ਪੁੱਤ' ਕਹਿੰਦਾ ਹੁੰਦਾ ਸੀ। ਅਣਖੀ ਦਾ ਨਾਨਕਾ ਪਿੰਡ ਮੱਲ ਸਿੰਘ ਵਾਲਾ ਚਹਿਲ ਦੇ ਪਿੰਡ ਆਲਮਪੁਰ ਮੰਦਰਾਂ ਦੇ ਗਵਾਂਢ 'ਚ ਹੈ। ਜਦੋਂ ਅਣਖੀ ਦੀ ਮੌਤ ਹੋਈ ਤਾਂ ਚਹਿਲ ਨੇ ਮੈਨੂੰ ਦੱਸਿਆ, "ਅਣਖੀ ਮੇਰੀਆਂ ਕਹਾਣੀਆਂ ਪੜ੍ਹ ਕੇ ਕਹਿੰਦਾ ਹੁੰਦਾ ਸੀ, 'ਤੇਰੀਆਂ ਕਹਾਣੀਆਂ 'ਚ ਪੇਸ਼ ਆਲਾ-ਦੁਆਲਾ ਦੇਖ ਮੈਨੂੰ ਨਾਨਕਾ ਪਿੰਡ ਯਾਦ ਆ ਜਾਂਦੈ।' ਇਕ ਵਾਰੀ ਮੈਂ ਅਣਖੀ ਨੂੰ ਪੁੱਛਿਆ ਬਈ ਤੁਸੀਂ ਇਕ ਥਾਂ ਲਿਖਿਆ ਕਿ ਨਾਵਲ 'ਕੋਠੇ ਖੜਕ ਸਿੰਘ' ਲਿਖਣ ਤੋਂ ਪਹਿਲਾਂ ਤੁਸੀਂ ਆਪਣੇ ਲਾਗਲੇ ਪਿੰਡ ਬਹੁਤ ਘੁੰਮੇ ਤੇ ਫਿਰ ਇਕ ਖਾਲੀ ਥਾਂ ਦੇਖ ਕੇ ਕਾਲਪਨਿਕ ਪਿੰਡ 'ਕੋਠੇ ਖੜਕ ਸਿੰਘ' ਵਸਾਇਆ। ਇਹ ਕਿਵੇਂ ਹੋਇਆ? ਤਾਂ ਅਣਖੀ ਹੱਸ ਪਿਆ, 'ਮਾਮੇ ਦਿਆ ਪੁੱਤਾ, ਤੂੰ ਵੀ ਲਿਖਾਰੀ ਐਂ ਤੇ ਮੈਂ ਵੀ ਲਿਖਾਰੀ। ਪਿੰਡ ਤਾਂ ਲਿਖਾਰੀ ਦੇ ਅੰਦਰ ਵਸਦਾ ਹੁੰਦੈ। ਇਹ ਤਾਂ ਐਵੇਂ ਕਹਿਣ ਦੀਆਂ ਗੱਲਾਂ ਹੁੰਦੀਆਂ।' ਕੁਝ ਦਿਨ ਪਹਿਲਾਂ ਮੈਂ ਇੰਡੀਆ ਗਿਆ ਸੀ। ਅਣਖੀ ਨੂੰ ਮਿਲਿਆ ਤਾਂ ਕਹਿਣ ਲੱਗਾ, 'ਨਾਨਕੀਂ ਗਏ ਨੂੰ ਮੈਨੂੰ ਬਹੁਤ ਵਰ੍ਹੇ ਹੋ ਗਏ ਐ। ਅਗਲੀ ਵਾਰ ਤੂੰ ਆਵੀਂ। ਪਹਿਲਾਂ ਨਾਨਕਿਆਂ ਦਾ ਪਿੰਡ ਘੁੰਮਾਂਗੇ ਫਿਰ ਖੇਤ ਚੱਲ ਕੇ ਪੀਵਾਂਗੇ ਦਾਰੂ ਤੇ ਪਾਵਾਂਗੇ ਬੋਲੀਆਂ।' ਏਦਾਂ ਦਾ ਜਿੰਦਾ ਦਿਲ ਬੰਦਾ ਸੀ ਅਣਖੀ।"

ਚਹਿਲ ਬਹੁਤ ਉਦਾਸ ਹੋ ਗਿਆ ਸੀ। ਜਿਵੇਂ ਅਣਖੀ ਦੀ ਖਾਹਿਸ਼ ਪੂਰੀ ਨਾ ਹੋਣ ਦਾ ਉਸ ਨੂੰ ਅੰਦਰੋਂ ਦੁੱਖ ਹੋਵੇ।

ਮੈਂ ਕਿਹਾ, "ਗੱਲਾਂ ਬੜੀਆਂ ਦਿਲਚਸਪ ਐ। ਤੁਸੀਂ ਸ਼ਰਧਾਂਜਲੀ ਹਿੱਤ ਕੋਈ ਲੇਖ ਹੀ ਕਿਉਂ ਨਹੀਂ ਲਿਖਦੇ?" ਤੇ ਅਗਲੇ ਦਿਨ ਉਸ ਦਾ ਲਿਖਿਆ ਲੇਖ ਪਹੁੰਚ ਗਿਆ। ਏਨੀ ਜ਼ਰਖੇਜ਼ ਹੈ ਉਸ ਦੀ ਪ੍ਰਤਿਭਾ ਦੀ ਜ਼ਮੀਨ।

ਉਸ ਦੀ ਮੁਹੱਬਤ ਵਿਚ ਖੋਟ ਨਹੀਂ। ਜੋ ਗੱਲ ਕਹਿਣੀ ਹੋਵੇ ਮੂੰਹ 'ਤੇ ਝੱਟ ਕਹਿ ਦਿੰਦਾ ਹੈ। ਅਸੀਂ 'ਦਿਸਹੱਦਿਆਂ ਦੇ ਆਰ-ਪਾਰ' ਕਹਾਣੀ-ਸੰਗ੍ਰਿਹ ਦਾ ਸੰਪਾਦਨ ਕਰ ਰਹੇ ਸਾਂ। ਕੁਝ ਕਾਰਨਾਂ ਵੱਸ ਚਹਿਲ ਦੀ ਕਹਾਣੀ ਸ਼ਾਮਿਲ ਹੋਣੋਂ ਰਹਿ ਗਈ। ਉਸ ਨੇ ਝੱਟ ਈਮੇਲ ਕਰ ਦਿੱਤੀ, "ਮੇਰੀ ਕਹਾਣੀ ਤੁਸੀਂ ਛਾਪੀ ਨਹੀਂ। ਮੈਨੂੰ ਚੰਗਾ ਨਹੀਂ ਲੱਗਾ।"


ਪਰ ਉਹ ਅੜੀ ਖੋਰਾ ਵੀ ਨਹੀਂ। ਅਗਲੇ ਪ੍ਰਾਜੈਕਟ ਬਾਰੇ ਮੈਂ ਪੁੱਛਿਆ, "ਚਹਿਲ ਸਾਹਿਬ ਇਕ ਕਹਾਣੀ-ਸੰਗ੍ਰਿਹ ਦਾ ਸੰਪਾਦਨ ਕਰ ਰਹੇ ਆਂ। ਤੁਸੀਂ ਸਾਡੇ ਨਾਲ 'ਸੰਪਾਦਕ' ਬਣ ਜਾਵੋ।" ਉਸ ਨੇ 'ਹਾਂ' ਕਰ ਦਿੱਤੀ। ਉਹ ਰੋਸੇ, ਸ਼ਿਕਵੇ ਅਤੇ ਰੰਜਿਸ਼ਾਂ ਦੀ ਧੂੜ ਆਪਣੀ ਆਤਮਾ 'ਤੇ ਪੈਣ ਨਹੀਂ ਦਿੰਦਾ। ਪੈ ਜਾਵੇ ਤਾਂ ਝੱਟ ਝਾੜ ਦਿੰਦਾ ਹੈ।

ਇਕ ਦਿਨ ਕਹਿਣ ਲੱਗਾ, "ਤੁਹਾਡੇ ਨਾਲ ਗੱਲਾਂ ਕਰ ਕੇ ਮੇਰੇ ਅੰਦਰ ਬਹੁਤ ਅਨਰਜੀ ਪੈਦਾ ਹੁੰਦੀ ਐ। ਜਦੋਂ ਤੁਸੀਂ ਰਚਨਾ ਪੜ੍ਹ ਕੇ ਤਿੱਖੀ ਆਲੋਚਨਾ ਕਰਦੇ ਹੋ ਤਾਂ ਮੈਨੂੰ ਚੁਭਦੀ ਨਹੀਂ। ਕਿਉਂਕਿ ਤੁਸੀਂ ਆਲੋਚਨਾ ਕਰਨ ਵੇਲੇ ਸੁਹਿਰਦਤਾ ਦਾ ਪੱਲਾ ਨਹੀਂ ਛੱਡਦੇ। ਤੁਹਾਡੇ ਨਾਲ ਮੈਂ ਫੋਨ 'ਤੇ ਗੱਲ ਕਰ ਲਵਾਂ ਤਾਂ ਕੋਈ ਨਾ ਕੋਈ ਕਹਾਣੀ ਫੁਰਨੀ ਸ਼ੁਰੂ ਹੋ ਜਾਂਦੀ ਐ। ਸੋਚਦਾ ਰਹਿੰਨਾਂ ਜੇ ਕਿਤੇ ਮੈਂ ਤੁਹਾਡੇ ਕੋਲ ਦੋ-ਤਿੰਨ ਦਿਨ ਰਹਿ ਆਵਾਂ ਤਾਂ ਤਿੰਨ-ਚਹੁੰ ਮਹੀਨਿਆਂ 'ਚ ਨਾਵਲ ਲਿਖ ਕੇ ਤੁਹਾਨੂੰ ਭੇਜ ਦਿਆਂ।"

ਕਦੇ-ਕਦੇ ਤਾਂ ਮੈਨੂੰ ਲੱਗਦਾ ਹੈ 'ਫੂਕ ਛਕਾ ਰਿਹੈ' ਪਰ ਉਹ ਏਨੀ ਅਪਣੱਤ ਨਾਲ ਗੱਲ ਕਰ ਰਿਹਾ ਹੁੰਦਾ ਹੈ ਕਿ ਉਸ ਦੀ 'ਸੁਹਿਰਦਤਾ' ਬਾਰੇ ਸ਼ੱਕ ਕਰਨਾ ਬਣਦਾ ਹੀ ਨਹੀਂ।

ਜਦੋਂ ਉਹ 'ਹੋਣੀ' ਨਾਵਲ ਲਿਖ ਰਿਹਾ ਸੀ

(ਬਾਕੀ ਅਗਲੇ ਸਫੇ 'ਤੇ)




ਹਰਮਹਿੰਦਰ ਚਹਿਲ ਦੇ ਨਾਵਲਾਂ ਦੇ ਮੁਖੜੇ

## ਪੁਸਤਕ ਚਰਚਾ

# ਆਸਟਰੇਲੀਆ ਵਿਚ ਵੀਹ ਦਿਨ

ਆਸਟਰੇਲੀਆ ਵਿਚ ਵੀਹਾਂ ਦਿਨਾਂ ਦੇ ਆਪਣੇ ਸਫ਼ਰ ਅਨੁਭਵ ਨੂੰ ਇਕ ਅਹਿਮ, ਵਿਲੱਖਣ ਤੇ ਉਪਯੋਗੀ ਦਸਤਾਵੇਜ਼ ਦੇ ਰੂਪ ਵਿਚ ਦੇਸ਼ ਵਿਦੇਸ਼ ਦੇ ਪਾਠਕਾਂ ਤੱਕ ਪਹੁੰਚਾਉਣ ਦਾ ਪ੍ਰੋ. ਕੁਲਬੀਰ ਸਿੰਘ ਦੇ ਉਪਰਾਲੇ ਨੇ ਸੁਭਵਾਨ ਪਾਠਕ ਦੀ ਵਿਸ਼ੇਸ਼ ਦਿਲਚਸਪੀ ਦਾ ਕੇਂਦਰ ਬਣ ਕੇ ਸਾਹਿਤ ਜਗਤ ਵਿਚ ਪ੍ਰਵੇਸ਼ ਕੀਤਾ ਹੈ। ਭਰਪੂਰ ਜਾਣਕਾਰੀ ਨਾਲ ਸਜੱਗ ਇਸ ਪੁਸਤਕ ਦੀ ਰਚਨਾ ਪਿੱਛੇ ਪ੍ਰੋ. ਕੁਲਬੀਰ ਸਿੰਘ ਦਾ ਲਿਖਣ ਦਾ ਲੰਮਾ ਤਜਰਬਾ


**ਡਾ. ਪ੍ਰਿਤਪਾਲ ਸਿੰਘ ਮਹਿਰੋਕ**
ਫੋਨ: 91-98885-10185

ਕੰਮ ਕਰਦਾ ਨਜ਼ਰ ਆਉਂਦਾ ਹੈ।

ਆਸਟਰੇਲੀਆ ਜਾਣ ਦੇ ਮਨੋਰਥ, ਉਡਾਣ ਭਰਨ ਦੇ ਪਿਛੋਕੜ ਤੋਂ ਲੈ ਕੇ ਉਡਾਣ ਭਰਨ, ਦੋਸਤਾਂ ਵੱਲੋਂ ਵਿਖਾਏ ਜਾਂਦੇ ਰਹੇ ਆਪਣੇਪਨ ਦੀ ਤਾਂਘ, ਮਿਲਣ ਦੀ ਉਤਸੁਕਤਾ, ਗੋਲਡ ਮਾਈਨ ਸਬੰਧੀ ਅਦੁੱਤੀ ਜਾਣਕਾਰੀ ਦੇਣ, ਮੈਲਬੋਰਨ ਦੀ ਫੇਰੀ, ਉਥੋਂ ਦੀਆਂ ਵੇਖਣਯੋਗ ਥਾਵਾਂ, ਐਲੀਲੇਡ, ਸਿਡਨੀ, ਕੈਨਬਰਾ, ਵੂਲਗੂਲਗਾ, ਆਸਟਰੇਲੀਆ ਦੀ ਪਾਰਲੀਮੈਂਟ, ਲਾਇਬਰੇਰੀਆਂ, ਮੀਡੀਏ ਦੇ ਜਾਲ, ਕੁਝ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਿੱਖਿਆ ਢਾਂਚੇ, ਵੀਹ ਦਿਨਾਂ ਦੇ ਅਮੁੱਕ ਰੁਝੇਵਿਆਂ ਅਤੇ ਹੋਰ ਕਈ ਪਹਿਲੂਆਂ ਬਾਰੇ ਲੇਖਕ ਦਿਲਚਸਪ ਜਾਣਕਾਰੀ ਦਿੰਦਾ ਜਾਂਦਾ ਹੈ।

ਪ੍ਰੋ. ਕੁਲਬੀਰ ਸਿੰਘ ਵੀਹਾਂ ਦਿਨਾਂ ਦੀ ਆਪਣੀ ਆਸਟਰੇਲੀਆ ਫੇਰੀ ਦੌਰਾਨ ਹਾਸਲ ਕੀਤੇ ਪ੍ਰਭਾਵਾਂ ਨੂੰ ਇਸ ਪੁਸਤਕ ਰਾਹੀਂ ਅੰਕਿਤ ਕਰਦਾ ਹੈ ਤਾਂ ਉਸ ਅੰਦਰਲਾ ਤੀਖਣ ਬੁੱਧੀ ਵਾਲਾ ਲੇਖਕ ਤੇ ਆਲੋਚਕ ਵੀ ਉਸ ਦੇ ਅੰਗ ਸੰਗ ਰਹਿੰਦਾ ਹੈ। ਪੁਸਤਕ ਦੇ ਸੰਕਲਪੀ ਚੌਖਟੇ ਦੀ ਘਾੜਤ ਬਣਾਉਣ 'ਤੇ ਪ੍ਰੋ. ਕੁਲਬੀਰ ਸਿੰਘ ਨੇ ਚੋਖੀ ਮਿਹਨਤ ਕੀਤੀ ਹੈ। ਕਹਿਣਯੋਗ ਗੱਲਾਂ ਦੀਆਂ ਹੱਦਾਂ ਮਿਥ ਕੇ, ਕਰਮ ਖੇਤਰ ਨਿਸਚਿਤ ਕਰਕੇ, ਆਪਣਾ ਦ੍ਰਿਸ਼ਟੀਕੋਣ ਸਪਸ਼ਟ ਕਰਕੇ, ਹਰੇਕ ਕਾਂਡ ਦੇ ਕ੍ਰਮ, ਗਠਨ ਅਤੇ ਸੀਮਾ ਨੂੰ ਤੈਅ ਕਰਕੇ ਆਪਣੇ ਸਫ਼ਰ ਬਿਰਤਾਂਤ ਨੂੰ ਨਿਆਂ ਸੰਗਤ ਲੜੀ ਵਿਚ ਪਰੋ ਕੇ, ਉਸ ਦਾ ਸੁਮੇਲ ਤੇ ਸੁਜੋੜ ਨਿਸਚਿਤ ਕਰਕੇ ਉਹ ਇਸ ਪੁਸਤਕ ਦੀ ਰਚਨਾ ਕਰਦਾ ਹੈ।

ਪ੍ਰੋ. ਕੁਲਬੀਰ ਸਿੰਘ ਆਸਟਰੇਲੀਆ ਦੇ ਵਿਭਿੰਨ ਸ਼ਹਿਰਾਂ, ਸਥਾਨਾਂ, ਵਿਅਕਤੀਆਂ ਬਾਰੇ, ਉਸ ਦਾ ਸਨਮਾਨ ਕਰਨ ਹਿਤ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕਲੱਬਾਂ ਆਦਿ ਵਿਚ ਕੀਤੇ ਗਏ ਸਮਾਗਮਾਂ, ਰੂਬਰੂ ਪ੍ਰੋਗਰਾਮਾਂ, ਪੁਸਤਕ ਰਿਲੀਜ਼ ਸਮਾਗਮਾਂ, ਰੇਡੀਓ ਤੋਂ ਪ੍ਰਸਾਰਿਤ ਮੁਲਾਕਾਤਾਂ ਆਦਿ ਬਾਰੇ ਜਾਣਕਾਰੀ ਦਿੰਦਾ ਹੈ। ਲੇਖਕ ਦੱਸਦਾ ਹੈ ਕਿ ਆਸਟਰੇਲੀਆ ਦੀਆਂ ਯੂਨੀਵਰਸਿਟੀਆਂ ਸਭਿਆਚਾਰਕ ਸੰਵੇਦਨਸ਼ੀਲਤਾ, ਧਾਰਮਿਕ ਸਹਿਨਸ਼ੀਲਤਾ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਦੀਆਂ ਹਨ। ਉਥੋਂ ਦੀ ਸਿੱਖਿਆ ਦੇ ਢਾਂਚੇ, ਖੇਡਾਂ ਦੀ ਨੀਤੀ, ਸਭਿਆਚਾਰਕ ਮਾਮਲਿਆਂ ਬਾਰੇ ਨੀਤੀ, ਸੂਚਨਾ




ਤੇ ਪ੍ਰਸਾਰਣ ਬਾਰੇ ਨੀਤੀਆਂ, ਖੇਤੀਬਾੜੀ ਨੀਤੀ ਤੇ ਹੋਰ ਕਈ ਖੇਤਰਾਂ ਦੀ ਕਾਰਜ ਸ਼ੈਲੀ ਬਾਰੇ ਇਹ ਪੁਸਤਕ ਭਰਪੂਰ ਜਾਣਕਾਰੀ ਦਿੰਦੀ ਹੈ। ਸਕੂਲਾਂ, ਕਾਲਜਾਂ ਵਿਚ ਚਰਿੱਤਰ ਉਸਾਰੀ ਤੇ ਸ਼ਖ਼ਸੀਅਤ ਦੇ ਵਿਕਾਸ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ।

ਪੁਸਤਕ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਲੇਖਕ ਆਸਟਰੇਲੀਆ ਬਾਰੇ ਵੱਧ ਤੋਂ ਵੱਧ ਥਾਂਵਾਂ ਵੇਖਣ ਦੀ ਕਾਹਲ ਵਿਚ ਹੈ ਤੇ ਉਥੋਂ ਬਾਰੇ ਚੰਗਾ ਚੋਖਾ ਗਿਆਨ ਹਾਸਲ ਕਰਨ ਦੀ ਇੱਛਾ ਰੱਖਦਾ ਹੈ। ਉਹ ਭਾਂਤ ਸੁਭਾਂਤੀਆਂ ਥਾਂਵਾਂ ਦੀ ਅੰਦਰਲੀ, ਬਾਹਰਲੀ ਦਿੱਖ ਨੂੰ ਚਿਤਰਦਾ ਹੈ ਅਤੇ ਉਨ੍ਹਾਂ ਦੇ ਇਤਿਹਾਸਕ ਪਿਛੋਕੜ, ਵਰਤਮਾਨ ਦੇ ਮਹੱਤਵ ਬਾਰੇ ਦੱਸਦਾ ਜਾਂਦਾ ਹੈ ਤੇ ਉਨ੍ਹਾਂ ਬਾਰੇ ਆਪਣੇ ਨਿੱਜੀ ਪ੍ਰਭਾਵ ਵੀ ਪ੍ਰਗਟ ਕਰਦਾ ਜਾਂਦਾ ਹੈ। ਉਹ ਸਿਹਤ ਕਦਰਾਂ ਕੀਮਤਾਂ ਨਾਲ ਜੁੜੇ ਇਕ ਦੂਰਅੰਦੇਸ਼ ਲੇਖਕ ਵਾਂਗ ਥਾਂਵਾਂ, ਵਿਅਕਤੀਆਂ, ਘਟਨਾਵਾਂ, ਵਿਹਾਰ, ਕ੍ਰਿਆਵਾਂ ਆਦਿ ਨੂੰ ਵੇਖਦਿਆਂ-ਪਰਖਦਿਆਂ ਬੁੱਧੀ ਤੇ ਵਿਵੇਕ ਤੋਂ ਕੰਮ ਲੈਂਦਾ ਹੈ। ਨਾਲ ਹੀ ਉਹ ਆਪਣੀ ਵਿਸ਼ਲੇਸ਼ਣੀ ਸੂਝ ਨਾਲ ਤੱਥ-ਤਰਕ ਆਧਾਰਤ ਨਿਰਣੇਜਨਕ ਨਜ਼ਰੀਏ ਤੋਂ ਗੱਲ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਉਹ ਜੋ ਵੇਖਦਾ, ਸਮਝਦਾ, ਸੋਚਦਾ, ਮਹਿਸੂਸ ਕਰਦਾ ਹੈ, ਉਸ ਨੂੰ ਆਪਣੀ ਬਿਰਤਾਂਤਕਾਰੀ ਦੇ ਅਨੁਭਵ ਦੇ ਰਸ ਰੰਗ ਦੀ ਪੁੱਠ ਚਾੜ੍ਹ ਕੇ ਪੇਸ਼ ਕਰਦਾ ਹੈ।

ਆਸਟਰੇਲੀਆ ਬਾਰੇ ਲੇਖਕ ਥਾਂ ਥਾਂ ਹੈਰਾਨ ਕਰਨ ਵਾਲੇ ਤੱਥ ਤੇ ਅੰਕੜੇ ਪੇਸ਼ ਕਰਦਾ ਜਾਂਦਾ ਹੈ। ਮਨੁੱਖੀ ਗਿਆਨ ਦੀ ਕੋਈ ਸੀਮਾ ਨਹੀਂ ਤੇ ਗਿਆਨ ਨੂੰ ਪੇਸ਼ ਕਰਨਾ ਮਹਿਜ਼ ਦਸਤਾਵੇਜ਼ੀ ਪੇਸ਼ਕਾਰੀ ਹੀ ਨਹੀਂ ਹੁੰਦੀ, ਇਸ ਲਈ ਲੇਖਕ ਨੇ ਕਈ ਥਾਂਈਂ ਸੰਖੇਪ ਗੱਲ ਕਰਨੀ ਜ਼ਰੂਰੀ ਸਮਝੀ ਹੈ। ਕਿਧਰੇ ਕਿਧਰੇ ਸਿਰਫ ਸੰਕੇਤ ਕੀਤੇ ਗਏ ਮਿਲਦੇ ਹਨ, ਜਿਨ੍ਹਾਂ ਦੀ ਕਦਰ ਸੰਖੇਪ ਲਿਖਣ ਕਰਕੇ ਹੀ ਨਹੀਂ ਸਗੋਂ ਸ੍ਰੇਸ਼ਠ ਲਿਖਣ ਕਰਕੇ ਵੀ ਕਰਨੀ ਬਣਦੀ ਹੈ। ਗਤੀਸ਼ੀਲਤਾ, ਕਲਾਤਮਕ ਸੰਜਮ, ਸਹਿਜ ਤੇ ਸੁਹਜ ਦੇ ਸੂਤਰ ਵਿਚ ਪਰੋ ਕੇ ਲਿਖਣਾ ਲੇਖਕ ਦੀ ਲਿਖਣ ਸਮਰੱਥਾ ਦਾ ਬੋਧ ਕਰਵਾਉਣ ਵਾਲਾ ਰਚਨਾਤਮਕ ਗੁਣ ਹੈ।

ਪ੍ਰੋ. ਕੁਲਬੀਰ ਸਿੰਘ ਆਪਣੀ ਸਿਰਜਣਾਤਮਕ ਸਮਰੱਥਾ ਦੀਆਂ ਅਸੀਮ ਸੰਭਾਵਨਾਵਾਂ ਦਾ ਬੋਧ ਕਰਵਾਉਂਦਾ ਹੈ। ਆਪਣੀ ਤੀਖਣ ਬੁੱਧੀ ਦੇ ਆਧਾਰ 'ਤੇ ਉਹ ਇਕ ਪ੍ਰਬੁੱਧ ਸਿਰਜਕ ਵਜੋਂ ਆਪਣੇ ਬਣੇ ਅਕਸ ਨੂੰ ਬਰਕਰਾਰ ਰੱਖਦਾ ਹੈ। ਉਹ ਆਪਣੇ ਗ੍ਰਹਿਣ ਕੀਤੇ ਅਨੁਭਵ ਦੇ ਅਣੂ ਮਾਤਰ ਤੋਂ ਲੈ ਕੇ ਵਿਸ਼ਾਲ ਪਸਾਰੇ ਤੱਕ ਨੂੰ ਕਲਮਬੱਧ ਕਰਨ ਦੀ ਖੂਬੀ ਤੇ ਸਮਰੱਥਾ ਰੱਖਦਾ ਹੈ। ਵਿਚਾਰਾਂ ਵਿਚਲੀ ਮੌਲਿਕਤਾ, ਪੇਸ਼ਕਾਰੀ ਦੌਰਾਨ ਆਪਮੁਹਾਰਾਪਨ, ਪਹਾੜੀ ਚਸ਼ਮੇ ਵਾਂਗ ਹੁੰਦੇ ਵਿਚਾਰ ਪ੍ਰਵਾਹ ਦੀ ਰਵਾਨੀ ਆਦਿ ਇਸ ਰਚਨਾ


ਪ੍ਰੋ. ਕੁਲਬੀਰ ਸਿੰਘ

ਨੂੰ ਮਨੋਰੰਜਕ, ਆਕਰਸ਼ਕ, ਪ੍ਰਭਾਵਸ਼ਾਲੀ ਤੇ ਰਸਦਾਇਕ ਕਿਰਤ ਬਣਾਉਣ ਵਿਚ ਸਹਾਈ ਹੋਣ ਵਾਲੇ ਪਹਿਲੂ ਹਨ।

ਲੇਖਕ ਦੀ ਵੱਡੀ ਦਿਲਚਸਪੀ ਮਨੁੱਖੀ ਵਿਹਾਰ ਵਿਚ ਹੈ। ਉਹ ਸਭਿਅਕ ਕੌਮਾਂ ਦੀ ਵਿਕਸਿਤ ਜੀਵਨ ਸ਼ੈਲੀ ਤੇ ਸੁਧਰੇ ਵਿਚਾਰਾਂ ਦਾ ਕਾਇਲ ਹੈ। ਕਿਧਰੇ ਕਿਧਰੇ ਲੇਖਕ ਆਸਟਰੇਲੀਆ ਦੇ ਲੋਕਾਂ ਦੇ ਜੀਵਨ ਮਿਆਰ, ਕਰਮ, ਕੰਮ-ਸਭਿਆਚਾਰ, ਅਨੁਸ਼ਾਸਨ, ਕਲਾ, ਖੋਜਾਂ, ਵਿਹਾਰ ਆਦਿ ਨੂੰ ਇਸ ਦੇਸ਼ ਦੇ ਲੋਕਾਂ ਦੇ ਢੰਗ ਤਰੀਕਿਆਂ ਨਾਲ ਤੁਲਨਾਉਂਦਾ ਜਾਂਦਾ ਹੈ। ਵਿਉਂਤਬੱਧਤਾ ਨਾਲ ਵਿਚਾਰਾਂ ਦੀ ਉਸਾਰੀ ਕਰਦਾ ਜਾਂਦਾ ਹੈ। ਉਹ ਕਹੀ ਜਾਣ ਵਾਲੀ ਗੱਲ ਦੀ ਸੰਜੀਦਗੀ ਦਾ ਪੱਲਾ ਫੜ੍ਹੀ ਰੱਖਦਾ ਹੈ ਤੇ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗਿਆਨ ਦੇਣ ਦੇ ਯਤਨ ਵਿਚ ਰਹਿੰਦਾ ਹੈ।

ਇਹ ਪੁਸਤਕ ਆਸਟਰੇਲੀਆ ਨੂੰ ਵੇਖਣ ਦੀ ਪਾਠਕ ਦੀ ਉਤਸੁਕਤਾ, ਉਤਸ਼ਾਹ ਤੇ ਜਗਿਆਸਾ ਵਿਚ ਵਾਧਾ ਕਰਦੀ ਹੈ। ਲੇਖਕ ਪਾਠਕ ਨੂੰ ਗਤੀਸ਼ੀਲਤਾ ਦੀ ਸਥਿਤੀ ਵਿਚ ਦੀ ਲੰਘਾਉਂਦਿਆਂ ਤੱਥ ਵਰਨਣ ਤੇ ਸਿਰਜਣਾ ਦਾ ਖੂਬਸੂਰਤ ਸੁਮੇਲ ਬਣਾ ਕੇ ਰਚਨਾ ਕਰਦਾ ਹੈ। ਅਨੁਭਵ ਦੀ ਪਕੜ ਨੂੰ ਕਥਨ ਰਮਣੀਕਤਾ ਰਾਹੀਂ ਸਾਕਾਰ ਕਰਨ ਦੀ ਕਲਾ ਉਸ ਨੂੰ ਆਉਂਦੀ ਹੈ। ਬੌਧਿਕ ਪੱਧਰ 'ਤੇ ਹੋਈਆਂ ਗੱਲਾਂ ਦੌਰਾਨ ਵੀ ਲੇਖਕ ਨੇ ਪਾਠਕ ਦੇ ਉਤਸੁਕਤਾ ਦੇ ਭਾਵ ਨੂੰ ਬਣਾਈ ਰੱਖਿਆ ਹੈ। ਪੁਸਤਕ ਦੀ ਰਚਨਾ ਕਰਨ ਦਾ ਲੇਖਕ ਦਾ ਪਾਰਦਰਸ਼ੀ ਮੰਤਵ ਉਦੋਂ ਹੱਲ ਹੋ ਜਾਂਦਾ ਪ੍ਰਤੀਤ ਹੁੰਦਾ ਹੈ, ਜਦੋਂ ਉਹ ਵਿਚਾਰਾਂ ਦੀ ਪੇਸ਼ਕਾਰੀ ਦੇ ਨਾਲ ਨਾਲ ਲਿਖਤ ਦੀ ਚੁਸਤ ਚਾਲ ਤੇ ਬੱਝਵੇਂ ਪ੍ਰਭਾਵ ਨਾਲ ਆਪਣੀ ਰਚਨਾ ਨੂੰ ਪਾਠਕ ਵਾਸਤੇ ਗ੍ਰਹਿਣ ਕਰਨ ਯੋਗ ਬਣਾਉਂਦਾ ਹੈ। ਪੇਸ਼ ਕੀਤੇ ਜਾ ਰਹੇ ਵਿਚਾਰਾਂ ਦੀ ਲੈਅਬੱਧਤਾ ਲੇਖਕ ਦੀ ਵਾਰਤਕ ਕਲਾ ਦੀ ਲੈਅਬੱਧਤਾ ਬਣਦੀ ਹੈ।

ਲੇਖਕ ਇਸ ਪੁਸਤਕ ਨੂੰ ਗਿਆਨ ਦਾ ਸੋਮਾ ਵੀ ਬਣਾਉਂਦਾ ਹੈ ਤੇ ਸੁਹਜ ਪ੍ਰਦਾਤੀ ਵੀ! ਪੁਸਤਕ ਦਾ ਹਰੇਕ ਕਾਂਡ ਇਕ ਸਹਿਜ ਸੁਭਾਵਕ ਇਕਾਈ ਬਣ ਜਾਂਦਾ ਹੈ। ਇਹ ਪ੍ਰੋ. ਕੁਲਬੀਰ ਸਿੰਘ ਦੀ ਕਲਮ ਦਾ ਹੁਨਰ ਹੈ ਕਿ ਵਿਧਾਗਤ ਸਫ਼ਰ ਬਿਰਤਾਂਤ ਵਾਲੀ ਇਹ ਸੁਹਜ ਭਰਪੂਰ ਤੇ ਕਲਾਤਮਕ ਰਚਨਾ ਲੇਖਕ ਦੀ ਵਿਚਾਰਕ ਦ੍ਰਿੜ੍ਹਤਾ ਨੂੰ ਪ੍ਰਗਟਾਉਂਦੀ ਹੈ ਤੇ ਵਿਸ਼ਵ ਬਾਰੇ ਵੱਧ ਤੋਂ ਵੱਧ ਗਿਆਨ ਹਾਸਲ ਕਰਨ ਦੇ ਉਸ ਦੇ ਨਿਰਚੇ 'ਤੇ ਕੇਂਦਰਿਤ ਹੁੰਦੀ ਹੈ। ਪਾਠਕ ਨੂੰ ਰੌਚਕਤਾ ਭਰਪੂਰ ਵਾਰਤਕ ਕਲਾ ਦੇ ਜਾਦੂਈ ਪ੍ਰਭਾਵ ਵਿਚ ਬੰਨ੍ਹੀਂ ਰੱਖਣ ਦੀ ਜੁਗਤ ਉਸ ਨੂੰ ਆਉਂਦੀ ਹੈ। ਇਸ ਪੁਸਤਕ ਵਿਚੋਂ ਇਕ ਵਿਚਾਰਵਾਨ ਤੇ ਚਿੰਤਨ ਕਰਨ ਵਾਲੇ ਲੇਖਕ ਦਾ ਵਿਅਕਤੀਤਵ ਉਘੜਦਾ ਹੈ। ਲੇਖਕ ਦੀ ਆਪਣੀ ਸ਼ਖ਼ਸੀਅਤ ਦਾ ਬਿੰਬ ਵੀ ਸਾਕਾਰ ਹੁੰਦਾ ਚਲਾ ਜਾਂਦਾ ਹੈ। ਉਹ ਆਪਣੇ ਮਿਸ਼ਨ ਪ੍ਰਤੀ ਸਪਸ਼ਟ ਹੈ। ਆਪਣੇ ਪਾਠਕਾਂ ਪ੍ਰਤੀ, ਦੋਸਤਾਂ ਪ੍ਰਤੀ ਸੁਹਿਰਦ ਹੈ।

ਪੁਸਤਕ ਵਿਚਲੇ ਭਾਸ਼ਾਗਤ ਤੇ ਸ਼ੈਲੀਗਤ ਗੁਣ, ਵਾਕ ਯੋਜਨਾ, ਭਾਵਾਨੁਕੂਲ ਵਾਤਾਵਰਣ, ਸਰਲਤਾ, ਸੁਭਾਵਕਤਾ ਆਦਿ ਪਹਿਲੂ ਲੇਖਕ ਦੀ ਸੰਰਚਨਾਤਮਕ ਯੋਗਤਾ ਦਾ ਪ੍ਰਮਾਣ ਪੇਸ਼ ਕਰਦੇ ਹਨ। ਅਲੰਕ੍ਰਿਤ ਸ਼ੈਲੀ ਦੇ ਵੰਨ ਸੁਵੰਨੇ ਰਸ ਰੰਗ ਪੁਸਤਕ ਨੂੰ ਮੁੱਲਵਾਨ ਬਣਾਉਣ ਵਿਚ ਸਹਾਈ ਹੁੰਦੇ ਹਨ। ਪ੍ਰੋ. ਕੁਲਬੀਰ ਸਿੰਘ ਦੀ ਵਾਰਤਕ ਕਲਾ ਦਾ ਸੰਗੀਤ ਉਸ ਦੇ ਵਿਚਾਰਾਂ ਦਾ ਸੰਗੀਤ ਹੈ, ਰਸ ਹੈ, ਸ਼ੁੱਧ ਅਲਾਪ ਹੈ। ਆਪਣੀ ਹੀ ਕਿਸਮ, ਵੰਨਗੀ ਦੀ ਇਸ ਸੁਚਿੱਤਰ, ਨਿਵੇਕਲੀ ਦਿੱਖ ਵਾਲੀ, ਅਤੁੱਲ, ਸਾਂਭਣਯੋਗ, ਪੜ੍ਹਨਯੋਗ ਤੇ ਯਾਦ ਰੱਖਣਯੋਗ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ। ਲੇਖਕ ਨੂੰ ਅਜਿਹੇ ਵਿਲੱਖਣ ਕਾਰਜ ਲਈ ਮੁਬਾਰਕਬਾਦ।

# ਜ਼ੀਰੇ ਦਾ ਫਲੇਵਰ: ਹਰਮਹਿੰਦਰ ਚਹਿਲ

*(ਪਿਛਲੇ ਸਫੇ ਦੀ ਬਾਕੀ)*

ਤਾਂ 'ਗਰਾਊਂਡ ਜ਼ੀਰੋ' ਦੇਖਣ ਰੁਝੇਵਿਆਂ ਵਿਚੋਂ ਵੀ ਵਕਤ ਕੱਢ ਕੇ ਆਇਆ। ਅਸੀਂ ਮੈਨਹਾਟਨ ਗਏ। ਉਹ ਗਵਾਚਿਆ-ਗਵਾਚਿਆ ਫਿਰ ਰਿਹਾ ਸੀ। ਜਿਵੇਂ ਅਜੇ ਵੀ ਉਹ ਬਲਦੇ ਟਾਵਰਾਂ ਵਿਚੋਂ ਮਾਸੂਮਾਂ ਦੀਆਂ ਲੇਰਾਂ ਤੇ ਚੀਕਾਂ ਸੁਣ ਰਿਹਾ ਹੋਵੇ। ਉਨ੍ਹਾਂ ਦਾ ਦਰਦ ਅੰਦਰ ਸਮੋ ਰਿਹਾ ਹੋਵੇ। ਇਹ ਪੀੜ 'ਹੋਣੀ' ਨਾਵਲ ਵਿਚੋਂ ਮਹਿਸੂਸ ਕੀਤੀ ਜਾ ਸਕਦੀ ਹੈ।

ਚਹਿਲ ਦੇ ਨੇਕ ਸੁਭਾਅ ਦੀ ਝਲਕ ਇਸ ਗੱਲ 'ਚੋਂ ਵੀ ਪੈਂਦੀ ਹੈ ਕਿ ਉਸ ਦੇ ਦੋਸਤਾਂ ਵਿਚ ਕਾਂਗਰਸੀ ਵੀ ਨੇ, ਅਕਾਲੀ ਵੀ ਤੇ ਆਮ ਲੋਕ ਵੀ। ਲੇਖਕ ਵੀ ਤੇ ਗਾਉਣ-ਵਜਾਉਣ ਵਾਲੇ ਵੀ। ਸਤਪਾਲ ਬਰਾੜ ਉਸ ਦੇ ਅਹਿਮ ਦੋਸਤਾਂ 'ਚੋਂ ਹੈ।

ਚਹਿਲ ਰੇਡੀਓ ਤੋਂ 'ਸ਼ਾਨੇ-ਪੰਜਾਬ' ਨਾਂ ਦਾ ਸਾਹਿਤਕ ਪ੍ਰੋਗਰਾਮ ਵੀ ਚਲਾਉਂਦਾ ਰਿਹਾ ਹੈ।

ਨਿਊ ਯਾਰਕ ਤੋਂ ਅਸੀਂ ਸੂਰਜ ਛਿਪੇ ਤੁਰੇ ਸਾਂ। ਮੇਰਾ ਪਰਿਵਾਰ ਤੇ ਕਹਾਣੀਕਾਰ ਜਿੰਦਰ। ਨਿਊ ਯਾਰਕ ਤੋਂ ਬਾਹਰ ਸਾਨੂੰ ਖਾਣ ਨੂੰ ਕੁਝ ਨਾ ਲੱਭਾ। ਭੁੱਖਣ-ਭਾਣੇ। ਤੜਕੇ ਦੋ ਵਜੇ ਚਹਿਲ ਕੋਲ ਪਹੁੰਚੇ। ਉਹ ਉਡੀਕ ਵਿਚ ਜਾਗਦਾ ਹੀ ਸੀ। ਉਸ ਦੀ ਬੇਟੀ ਸੁੱਤ-ਉਨੀਂਦੀ ਰੋਟੀਆਂ ਲਾਹੁਣ ਲੱਗ ਪਈ। ਅਸੀਂ ਉਤੋਂ-ਉਤੋਂ ਕਹਿ ਰਹੇ ਸਾਂ, 'ਬਹੁਤ ਲੇਟ ਆਂ। ਹੁਣ ਸੌਣਾ ਚਾਹੀਦੈ' ਪਰ ਅੰਦਰੋਂ ਭੁੱਖ ਨਾਲ ਤਪੇ ਪਏ ਸਾਂ। ਚਹਿਲ ਜਿਵੇਂ ਸਾਡੀ ਹਾਲਤ ਸਮਝਦਾ ਸੀ। ਉਹ ਮੱਲੋ-ਮੱਲੀ ਸਾਨੂੰ ਡਾਈਨਿੰਗ-ਟੇਬਲ 'ਤੇ ਲੈ ਗਿਆ।

ਦੂਜੇ ਦਿਨ 'ਵਾਈਟ ਹਾਊਸ' ਦਿਖਾਉਣ ਗਿਆ ਹਦਾਇਤ ਕਰ ਰਿਹਾ ਸੀ, "ਆਰਾਮ ਨਾਲ, ਸਹਿਜ ਨਾਲ ਅਨੰਦ ਮਾਣੋ। ਇਕ ਦਿਨ ਇਥੇ ਦੋ ਸਰਦਾਰ ਆਏ ਸੀ। ਧੋਤੀਆਂ ਲਾਈਆਂ ਹੋਈਆਂ। 'ਹਿੜ-ਹਿੜ' ਕਰਦੇ ਵਾਈਟ ਹਾਊਸ ਦੇ ਗੇੜੇ ਕੱਢੀ ਜਾਣ। ਤੀਜੇ ਗੇੜੇ 'ਤੇ ਸਿਕਿਉਰਿਟੀ ਵਾਲਿਆਂ ਨੇ ਮੂਧੇ ਪਾ ਲਏ।"

ਉਸ ਨੇ ਸਾਨੂੰ 'ਫੋਰਡ ਥੀਏਟਰ' ਵੀ ਦਿਖਾਇਆ, ਜਿੱਥੇ ਇਬਰਾਹਿਮ ਲਿੰਕਨ ਨੂੰ ਗੋਲੀ ਮਾਰੀ ਗਈ ਸੀ। ਥੀਏਟਰ ਦੇਖਦੇ ਸਾਰ ਹੀ ਉਸ ਘਟਨਾਕ੍ਰਮ ਦੀ ਕਲਪਨਾ ਕਰਨ ਲੱਗ ਪੈਂਦਾ ਹੈ। ਖਿਆਲ ਇਕ ਦਮ ਇਤਿਹਾਸ ਦੀਆਂ ਗਲੀਆਂ ਵਿਚ ਘੁੰਮਣ ਲੱਗ ਪੈਂਦੇ ਨੇ।

ਚਹਿਲ ਨੇ ਮਿਊਜ਼ੀਅਮ ਵੀ ਦਿਖਾਏ। ਅਸੀਂ ਭਾਵੇਂ ਦੇਖਣ ਤੋਂ ਨਾਂਹ-ਨੁੱਕਰ ਹੀ ਕਰ ਰਹੇ ਸਾਂ, ਕਿਉਂਕਿ ਨਿਊ ਯਾਰਕ ਵਿਚ ਤਾਂ ਮਿਊਜ਼ੀਅਮ ਦੀ ਟਿਕਟ ਬਹੁਤ ਮਹਿੰਗੀ ਹੁੰਦੀ ਹੈ। ਜਦੋਂ ਸਾਨੂੰ ਪਤਾ ਲੱਗਾ ਕਿ ਵਾਸ਼ਿੰਗਟਨ ਡੀ. ਸੀ. ਵਿਚ ਮਿਊਜ਼ੀਅਮ ਮੁਫਤ ਹਨ ਤਾਂ ਅਸੀਂ ਇਸ ਬੱਚਤ ਨੂੰ ਦੂਜੇ ਪਾਸੇ ਖਰਚਣ ਦੀ ਯੋਜਨਾ ਘੜ ਲਈ। ਵਧੀਆ ਥਾਂ ਤੋਂ ਬਹੁਤ ਹੀ ਪੌਸ਼ਟਿਕ ਖਾਣਾ ਖਾਧਾ। (ਹੋਰ ਉਸ ਨੂੰ ਅਸੀਂ ਲੁੱਟ ਵੀ ਕਿਵੇਂ ਸਕਦੇ ਸਾਂ?) ਚਹਿਲ ਖਾਣੇ ਦੌਰਾਨ ਵੀ ਸਾਹਿਤ ਬਾਰੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਿਹਾ। ਉਸ ਨੂੰ ਜਗਤਾਰ, ਪਾਤਰ, ਜਸਵਿੰਦਰ ਦੇ ਸ਼ਿਅਰਾਂ ਦੇ ਸ਼ਿਅਰ ਯਾਦ ਹਨ।

ਚਹਿਲ ਦੇ ਛੋਟੇ ਭਰਾ ਮੋਹਨ ਨੇ ਸਾਨੂੰ ਕੈਪੀਟਲ ਹਿੱਲ ਦਿਖਾਇਆ। ਨਾਲ-ਨਾਲ ਵਿਆਖਿਆ ਕੀਤੀ, "ਤੁਸੀਂ ਕਈ ਵਾਰ ਅਖਬਾਰਾਂ ਵਿਚ ਪੜ੍ਹਿਆ ਹੋਣਾ, ਸਿੱਖ ਵਾਈਟ ਹਾਊਸ ਗਏ। ਬਹੁਤੀ ਵਾਰ ਕੁਝ ਬੰਦੇ ਆਉਂਦੇ ਐ। ਕੈਪੀਟਲ ਹਿੱਲ ਦੀਆਂ ਇਨ੍ਹਾਂ ਪੌੜੀਆਂ ਕੋਲ ਖੜ੍ਹ ਕੇ ਫੋਟੋ ਖਿਚਾਉਂਦੇ ਐ ਤੇ ਅਖਬਾਰਾਂ 'ਚ ਛਪਵਾ ਦਿੰਦੇ ਐ। ਜਿਨ੍ਹਾਂ ਲੋਕਾਂ ਨੇ ਕੈਪੀਟਲ ਹਿੱਲ ਦੀ ਇਹ ਇਮਾਰਤ ਨਈਂ ਦੇਖੀ, ਉਨ੍ਹਾਂ ਨੂੰ ਲੱਗਦੈ ਬਈ ਬੜੀ ਵੱਡੀ ਗੱਲ ਕਰ ਕੇ ਆਏ ਐ।"

ਚਹਿਲ ਉਨ੍ਹੀਂ ਦਿਨੀਂ ਨਹਿਰੀ ਮਹਿਕਮੇ ਵਿਚ ਓਵਰਸੀਅਰ ਸੀ, ਜਦੋਂ ਪੰਜਾਬ ਵਿਚ ਖੂਨ ਦੀਆਂ ਨਹਿਰਾਂ ਵਗ ਰਹੀਆਂ ਸਨ। ਉਸ ਵੇਲੇ ਦੇ ਅਨੁਭਵ ਉਸ ਨੇ ਨਾਵਲ 'ਬਲੀ' ਵਿਚ ਬੜੀ ਪ੍ਰਬੀਨਤਾ ਨਾਲ ਪੇਸ਼ ਕੀਤੇ ਹਨ। ਨਾਵਲ ਦਾ ਪਾਤਰ ਸੁਖਚੈਨ ਕਦੇ-ਕਦੇ ਚਹਿਲ ਦਾ ਹੀ ਦੂਜਾ ਰੂਪ ਜਾਪਦਾ ਹੈ।

'ਹੋਣੀ' ਉਸ ਦੇ ਨਾਵਲ 'ਬਲੀ' ਦਾ ਹੀ ਅਗਲਾ ਹਿੱਸਾ ਹੈ। ਸਾਰੇ ਪਾਤਰ ਓਹੀ ਨੇ। ਉਹ ਤੀਜਾ ਭਾਗ ਲਿਖਣ ਦੀ ਯੋਜਨਾ ਵੀ ਬਣਾ ਰਿਹਾ ਸੀ।

ਆਰਥਕ ਪੱਖੋਂ ਚਹਿਲ ਬਹੁਤ ਸੌਖਾ ਹੈ, ਪਰ ਇਸ ਸੌਖ ਤੱਕ ਪਹੁੰਚਣ ਲਈ ਉਸ ਨੇ ਕਈ ਕੰਮ ਕੀਤੇ। ਟੈਕਸੀ ਵੀ ਚਲਾਈ ਅਤੇ ਜੇਲ੍ਹ 'ਚ ਬੰਦ ਲੋਕਾਂ ਨੂੰ ਬਾਂਡ ਦੇ ਕੇ ਛੁਡਾਉਣ ਵਾਲੀ ਏਜੰਸੀ ਵੀ ਚਲਾਈ। ਉਹ 'ਬਾਂਡ-ਮੈਨ' ਵਜੋਂ ਜਾਣਿਆ ਜਾਂਦਾ ਸੀ। ਕਦੇ-ਕਦੇ ਮੇਰਾ ਦਿਲ ਉਸ ਨੂੰ ਜੇਮਜ਼ ਬਾਂਡ ਕਹਿਣ ਨੂੰ ਵੀ ਕਰ ਆਉਂਦਾ ਹੈ। 'ਕ੍ਰਿਮਨਿਲ' ਲੋਕਾਂ ਨਾਲ ਉਸ ਦਾ ਸਿੱਧੇ ਤੌਰ 'ਤੇ ਵਾਸਤਾ ਪੈਂਦਾ ਰਿਹਾ ਹੈ। ਉਸ ਕੋਲ ਇਸ ਦਾ ਢੇਰ ਗਿਆਨ ਤੇ ਅਨੁਭਵ ਹੈ। ਆਪਣੀਆਂ ਕਹਾਣੀਆਂ ਵਿਚ ਉਹ ਇਹ ਗਿਆਨ ਸਹਿਜ ਤੇ ਕਲਾਤਮਕਤਾ ਨਾਲ ਪਰੋ ਜਾਂਦਾ ਹੈ। ਇਸੇ ਕਰਕੇ ਉਸ ਦੀਆਂ ਕਹਾਣੀਆਂ 'ਹਲਕੀਆਂ ਜਾਸੂਸੀ' ਕਹਾਣੀਆਂ ਨਹੀਂ, ਸਗੋਂ ਨਰੋਏ ਸਾਹਿਤ ਦਾ ਨਿੱਗਰ ਅੰਗ ਬਣਦੀਆਂ ਹਨ।

ਇਕ ਵਾਰ ਚਹਿਲ ਨੇ ਮੇਰੀ ਕਿਤਾਬ 'ਚੋਂ ਕੁਝ ਸਤਰਾਂ ਗਾ ਕੇ ਸੁਣਾਈਆਂ ਤਾਂ ਮੈਨੂੰ ਪਤਾ ਲੱਗਾ ਕਿ ਉਸ ਨੂੰ ਗਾਉਣ ਦਾ ਸ਼ੌਕ ਹੈ। ਪੜ੍ਹਦਾ-ਪੜ੍ਹਦਾ ਇਕ ਵਾਰ ਉਹ ਦੀਦਾਰ ਸੰਧੂ ਦਾ ਚੇਲਾ ਬਣਨ ਵੀ ਚਲਾ ਗਿਆ ਸੀ। ਦੀਦਾਰ ਬਹੁਤ ਸਿਆਣਾ ਸੀ। ਉਸ ਨੇ ਚਹਿਲ ਦੀ ਉਮਰ ਦੇਖੀ। ਘਰ ਦੇ ਹਾਲਾਤ ਬਾਰੇ ਗੱਲਾਂ ਕੀਤੀਆਂ ਤੇ ਫਿਰ ਸਲਾਹ ਦਿੱਤੀ, 'ਕਾਕਾ ਪਹਿਲਾਂ ਪੜ੍ਹਾਈ ਪੂਰੀ ਕਰ ਲੈ। ਫਿਰ ਸੋਚੀਂ।'

ਉਹ ਗਾਉਣ ਵਾਲੇ ਪਾਸੇ ਤਾਂ ਨਾ ਜਾ ਸਕਿਆ ਪਰ ਉਸ ਦੇ ਅੰਦਰ ਇਹ ਸ਼ੌਕ ਇੰਜ ਹੀ ਦੱਬਿਆ ਗਿਆ ਹੈ, ਜਿਵੇਂ ਬਰਫ ਹੇਠ ਸਟਰਾਅ-ਬੇਰੀ ਦੀ ਵੇਲ ਦੱਬੀ ਜਾਂਦੀ ਹੈ। ਜਦੋਂ ਬਰਫ ਖੁਰਦੀ ਹੈ, ਵੇਲ ਫਿਰ ਹਰੀ ਹੋ ਜਾਂਦੀ ਹੈ। ਇੰਜ ਹੀ ਚਹਿਲ ਅੰਦਰਲਾ ਇਹ ਸ਼ੌਕ ਜਾਗਦਾ ਹੈ। ਉਹ ਮਹਿਫਿਲ ਵਿਚ ਕੋਈ ਗਜ਼ਲ ਜਾਂ ਸਾਹਿਤਕ ਗੀਤ ਸਾਂਝਾ ਕਰ ਲੈਂਦਾ ਹੈ। 'ਇਕ ਪੰਜਾਬੀ' ਸੰਸਥਾ ਰਾਹੀਂ ਹਜ਼ਾਰਾਂ ਦੀ ਗਿਣਤੀ ਵਿਚ ਸਰੋਤੇ ਇਕੱਠੇ ਕਰ ਕੇ ਗਾਉਣ ਵਾਲਿਆਂ ਨੂੰ ਜਦੋਂ ਪੇਸ਼ ਕਰਦਾ ਹੈ ਤਾਂ ਜਿਵੇਂ ਉਨ੍ਹਾਂ ਗਾਉਣ ਵਾਲਿਆਂ ਥਾਣੀਂ ਆਪਣੇ-ਆਪ ਨੂੰ ਹੀ ਦੇਖ ਰਿਹਾ ਹੁੰਦਾ ਹੈ।

"ਸੋਹਲ ਸਾਹਿਬ ਤੁਸੀਂ ਮੇਰੀਆਂ ਰਚਨਾਵਾਂ ਪੜ੍ਹ ਕੇ ਪਾਸ ਕਰਦੇ ਓਂ। ਚੁੱਕੋ ਚਿਕਨ ਦੀ ਲੱਤ ਤੇ ਪਾਸ ਕਰੋ ਭੁੱਜੇ ਜ਼ੀਰੇ ਦੇ ਫਲੇਵਰ ਦੀ ਰੈਸਪੀ," ਨੈਪਕਿਨ ਨਾਲ ਹੱਥ ਪੂੰਝਦਿਆਂ ਚਹਿਲ ਨੇ ਮੇਰੇ ਵੱਲ ਦੇਖਿਆ।

ਜ਼ੀਰੇ ਦੇ ਫਲੇਵਰ ਨੇ ਚਿਕਨ ਦਾ ਜ਼ਾਇਕਾ ਓਨਾ ਹੀ ਵਿਲੱਖਣ ਬਣਾ ਦਿੱਤਾ ਸੀ, ਜਿੰਨਾ ਵਿਲੱਖਣ ਜ਼ਾਇਕਾ ਉਸ ਦੀ ਲਿਖਤ ਦਾ ਹੈ।

###

## ਸੰਪਾਦਕ ਦੀ ਡਾਕ

### ਕੰਵਲ ਦਾ 'ਮੁਹੱਬਤਨਾਮਾ'

'ਪੰਜਾਬ ਟਾਈਮਜ਼' ਦੇ 28 ਸਤੰਬਰ 2019 ਦੇ ਅੰਕ ਵਿਚ ਪ੍ਰੋ. ਕਸ਼ਮੀਰਾ ਸਿੰਘ ਦਾ ਲੇਖ "ਜਸਵੰਤ ਸਿੰਘ ਕੰਵਲ ਦਾ 'ਮੁਹੱਬਤਨਾਮਾ' ਜਾਂ ਕੁਝ ਹੋਰ" ਪੜ੍ਹਿਆ। ਲੇਖਕ ਨੇ ਸ. ਕੰਵਲ ਦੇ ਨੈਤਿਕ, ਕਿਰਦਾਰ ਅਤੇ ਸਮਾਜਕ ਪੱਖ ਬਾਰੇ ਬਹੁਤ ਸੋਹਣਾ ਚਾਨਣਾ ਪਾਇਆ ਹੈ। ਇਕ ਵਧੀਆ, ਅਧਿਆਪਕ, ਲੇਖਕ ਤੇ ਪ੍ਰਚਾਰਕ ਹੋਣਾ ਹੋਰ ਗੱਲ ਹੈ ਅਤੇ ਇਕ ਵਧੀਆ ਮਨੁੱਖ ਹੋਣਾ ਹੋਰ ਗੱਲ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ. ਕੰਵਲ ਦਾ ਨਾਂ ਸਾਹਿਤ ਦੇ ਖੇਤਰ ਵਿਚ ਧਰੂ ਤਾਰੇ ਵਾਂਗ ਚਮਕਦਾ ਹੈ, ਪਰ ਉਨ੍ਹਾਂ ਦੇ 'ਮੁਹੱਬਤਨਾਮੇ' ਸਬੰਧੀ ਜੋ ਸਵਾਲ ਪ੍ਰੋ. ਕਸ਼ਮੀਰਾ ਸਿੰਘ ਨੇ ਪ੍ਰਗਟਾਏ ਹਨ, ਉਨ੍ਹਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੰਵਲ ਨੇ ਜਿਸ ਤਰ੍ਹਾਂ ਦਾ ਜੀਵਨ ਗੁਜ਼ਾਰਿਆ ਹੈ, ਉਸ ਵੱਲ ਉਂਗਲਾਂ ਉਠਣੀਆਂ ਸੁਭਾਵਕ ਹੀ ਹਨ। ਲੇਖਕ ਦੀ ਰਚਨਾ ਨਹੀਂ, ਪਹਿਲਾਂ ਲੇਖਕ ਦਾ ਕਿਰਦਾਰ ਉਚਾ ਤੇ ਸੁੱਚਾ ਹੋਣਾ ਚਾਹੀਦਾ ਹੈ, ਕਿਉਂਕਿ ਲੇਖਕ ਨੇ ਸਮਾਜ ਨੂੰ ਕੋਈ ਸੇਧ ਦੇਣੀ ਹੁੰਦੀ ਹੈ।

ਮੈਂ ਪ੍ਰੋ. ਕਸ਼ਮੀਰਾ ਸਿੰਘ ਦੀ ਇਸ ਗੱਲ ਨਾਲ ਸਹਿਮਤ ਨਹੀਂ, ਜਿਸ ਵਿਚ ਡਾ. ਗਿੱਲ ਦੇ ਸਬੰਧਾਂ ਦੀ ਕੰਵਲ ਨਾਲ ਮਜਬੂਰੀ ਪ੍ਰਗਟ ਕੀਤੀ ਹੈ। ਇਹ ਜੋ ਕੁਝ ਵਾਪਰਿਆ, ਇਹ ਡਾ. ਗਿੱਲ ਦੀ ਇੱਛਾ ਅਨੁਸਾਰ ਹੋਇਆ। ਸੋ, ਇਕੱਲੇ ਕੰਵਲ ਦਾ ਕੋਈ ਦੋਸ਼ ਨਹੀਂ ਕਿਹਾ ਜਾ ਸਕਦਾ।

***-ਮਾਸਟਰ ਨਿਰਮਲ ਸਿੰਘ ਲਾਲੀ***
***ਯੂਬਾ ਸਿਟੀ, ਕੈਲੀਫੋਰਨੀਆ।***

# ਪੰਜਾਬੀਆਂ ਦੀ ਮਾੜੀ ਕਿਸਮਤ

***ਪੰਜਾਬੀ, ਭਾਵੇਂ ਮੁਸਲਮਾਨ, ਹਿੰਦੂ ਜਾਂ ਸਿੱਖ ਹੋਣ, ਇਕ ਬਹਾਦਰ ਕੌਮ ਹਨ। ਸਦੀਆਂ ਤੋਂ ਉਹ ਵਿਦੇਸ਼ੀ ਹੁਕਮਰਾਨਾਂ ਨਾਲ ਲੜਦੇ ਆਏ ਹਨ ਅਤੇ ਦਰੜੇ ਜਾਂਦੇ ਰਹੇ ਹਨ। ਹਿੰਦੁਸਤਾਨ ਤੇ ਪਾਕਿਸਤਾਨ ਵਿਚਾਲੇ ਜੰਗ ਹੁੰਦੀ ਹੈ ਤਾਂ ਦੋਵੇਂ ਪਾਸੀਂ ਮਾਰ ਪੰਜਾਬੀਆਂ ਨੂੰ ਹੀ ਪੈਂਦੀ ਹੈ। ਅਜਿਹਾ ਕਿਉਂ? ਕੌਣ ਹੈ, ਇਸ ਦਾ ਜਿੰਮੇਵਾਰ? ਇਹ ਕੁਝ ਸਵਾਲ ਹਨ, ਜਿਨ੍ਹਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਆਪਣੇ ਇਸ ਲੇਖ ਵਿਚ ਪਾਕਿਸਤਾਨੀ ਮੂਲ ਦੇ ਹੁਣ ਇੰਗਲੈਂਡ ਵਸਦੇ ਪੰਜਾਬੀ ਡਾ. ਗੁਲਾਮ ਮੁਸਤਫਾ ਡੋਗਰ ਨੇ ਕੀਤੀ ਹੈ। -ਸੰਪਾਦਕ***

ਇਨਸਾਨ ਵਿਚ ਦੋ ਤਾਕਤਾਂ ਹੁੰਦੀਆਂ ਹਨ-ਇਕ ਡੌਲਿਆਂ ਦੀ, ਜਿਸ ਨੂੰ ਅਸੀਂ ਸਰੀਰਕ ਤਾਕਤ, ਅਤੇ ਦੂਜੀ ਦਿਮਾਗੀ, ਜਿਸ ਨੂੰ ਅਸੀਂ ਬੁੱਧੀ ਦੀ ਤਾਕਤ ਕਹਿੰਦੇ ਹਾਂ। ਪੰਜਾਬੀਆਂ ਨੇ ਹਮੇਸ਼ਾ ਬਹੁਤੀ ਡੌਲਿਆਂ ਦੀ ਤਾਕਤ ਹੀ ਵਰਤੀ ਹੈ ਤੇ ਦੂਜੀ ਤਾਕਤ ਯਾਨਿ ਦਿਮਾਗੀ ਤਾਕਤ ਕਦੇ ਕਦਾਈਂ ਹੀ ਵਰਤੀ ਹੈ। ਇਥੋਂ ਜਾਹਰ ਹੈ ਕਿ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਜਿਨ੍ਹਾਂ ਜੰਗਾਂ ਨੇ ਕੀਤਾ, ਉਹ ਪੰਜਾਬ ਦੀ ਧਰਤੀ 'ਤੇ ਹੀ ਲੜੀਆਂ ਗਈਆਂ। ਮਿਸਾਲ ਵਜੋਂ ਪਾਣੀਪਤ ਦੀਆਂ ਤਿੰਨ ਲੜਾਈਆਂ ਨੇ ਪੰਜਾਬ ਦਾ, ਤੇ ਬਾਕੀ ਹਿੰਦੁਸਤਾਨ ਦੇ



**ਡਾ. ਗੁਲਾਮ ਮੁਸਤਫਾ ਡੋਗਰ**
kotroy@hotmail.co.uk
ਫੋਨ: +00447878132208

**ਲਿਪੀਅੰਤਰ: ਜੇ. ਐਸ. ਭੱਟੀ**
Jsdhariwal21@gmail.com
ਫੋਨ: 91-79860-37268

ਸਿਆਸੀ ਮੁਕੱਦਰ ਦਾ ਫੈਸਲਾ ਕਰ ਦਿੱਤਾ। ਸੋਚਣ ਵਾਲੀ ਗੱਲ ਇਹ ਹੈ ਇਹ ਸਾਰੀਆਂ ਜੰਗਾਂ ਪੰਜਾਬ ਦੀ ਧਰਤੀ 'ਤੇ ਹੀ ਕਿਉਂ ਹੋਈਆਂ? ਸਾਦਾ ਜਿਹਾ ਜਵਾਬ ਹੈ ਕਿ ਲੜਾਈ ਉਥੇ ਹੀ ਹੁੰਦੀ ਹੈ, ਜਿਥੇ ਲੜਨ-ਮਰਨ ਵਾਲੇ ਲੋਕ ਹੋਣ। ਜਿਥੇ ਇਸ ਤਰ੍ਹਾਂ ਦੇ ਲੋਕ ਨਾ ਹੋਣ, ਉਥੇ ਲੜਾਈ ਕਾਹਦੀ ਹੋਣੀ ਹੁੰਦੀ ਹੈ।

ਪੰਜਾਬ ਵਿਚ ਦੋ ਵੱਡੀਆਂ ਕੌਮਾਂ ਆਬਾਦ ਹਨ, ਜੋ ਸਦੀਆਂ ਤੋਂ ਆਪਸ ਵਿਚ ਲੜਦੀਆਂ ਆ ਰਹੀਆਂ ਹਨ। ਇਕ ਦੂਜੇ ਨਾਲ ਘਸੁੰਨ-ਮੁੱਕੀ ਹੋਈਆਂ ਰਹਿੰਦੀਆਂ ਹਨ। ਇਹ ਦੋਵੇਂ ਕੌਮਾਂ ਹਨ-ਜੱਟ ਤੇ ਰਾਜਪੂਤ। ਦੋਵੇਂ ਲੜਾਕੂ ਕੌਮਾਂ ਹਨ, ਪਰ ਹਕੂਮਤ ਹਮੇਸ਼ਾ ਦੂਜੇ ਲੋਕ ਹੀ ਆ ਕੇ ਕਰਦੇ ਰਹੇ ਹਨ। ਇਥੇ ਮਰਹੱਠੇ, ਮੁਗਲ, ਤੁਰਕ ਤੇ ਅਰਬ ਆਏ। ਇਨ੍ਹਾਂ ਦਾ ਕੰਮ ਮੁਕਿਆ ਤਾਂ ਸੱਤ ਸਮੁੰਦਰੋਂ ਪਾਰ ਅੰਗਰੇਜ਼ ਆ ਗਏ। ਇਨ੍ਹਾਂ ਸਭ ਨੇ ਇਥੇ ਆ ਕੇ ਇਨ੍ਹਾਂ ਕੌਮਾਂ 'ਤੇ ਹਕੂਮਤ ਕੀਤੀ। ਸਾਫ ਤੇ ਸਿੱਧੀ ਗੱਲ ਹੈ ਕਿ ਇਹ ਉਦੋਂ ਹੀ ਹੋਇਆ, ਜਦੋਂ ਮੁਕਾਮੀ ਜੰਗਜੂ ਕੌਮਾਂ ਨੇ ਇਕ ਦੂਜੇ ਨੂੰ ਮਾਰ-ਮਾਰ ਕੇ ਵਿਗਾੜ ਪਾ ਲਿਆ ਤੇ ਕਮਜ਼ੋਰ ਹੋ ਗਏ। ਨਤੀਜੇ ਵਜੋਂ ਬਾਹਰੀ ਲੋਕਾਂ ਨੂੰ ਇਨ੍ਹਾਂ ਕੌਮਾਂ 'ਤੇ ਹਕੂਮਤ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਦੀ ਡੰਡੇ ਦੇ ਜੋਰ ਨਾਲ ਕੀਤੀ ਹਕੂਮਤ ਦੇ ਥੱਲੇ ਪੰਜਾਬੀ ਸਿੱਧੇ ਵਗਦੇ ਰਹੇ।

ਹੁਣ ਤੁਸੀਂ ਵੇਖੋ ਮਰਾਠੇ ਦੂਰ ਦੇ ਇਲਾਕੇ ਮਹਾਂਰਾਸ਼ਟਰ ਦੇ ਰਹਿਣ ਵਾਲੇ ਹਨ, ਉਨ੍ਹਾਂ ਨੇ ਪੰਜਾਬ ਵਿਚ ਆ ਕੇ ਬੜੇ ਅਰਸੇ ਤਕ ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਡਰਾ ਧਮਕਾ ਕੇ ਪੈਸੇ ਵੀ ਖੋਹੇ ਤੇ ਲੁੱਟਮਾਰ ਵੀ ਕਰਦੇ ਰਹੇ। ਹੱਦ ਇਹ ਹੋ ਗਈ ਕਿ ਮਰਾਠਿਆਂ ਨੇ ਲਾਹੌਰ 'ਤੇ ਕਬਜਾ ਕਰ ਲਿਆ। ਇਨ੍ਹਾਂ ਤੋਂ ਪਹਿਲਾਂ ਜੋ ਪਠਾਣ ਅਤੇ ਅਫਗਾਨ ਸਨ, ਉਹ ਵੀ ਲੁੱਟਮਾਰ ਦਾ ਕੰਮ ਕਰਦੇ ਸਨ ਤੇ ਲੁੱਟਮਾਰ ਕਰਕੇ ਆਪਣੇ ਇਲਾਕਿਆਂ ਵਿਚ ਤੁਰ ਜਾਂਦੇ ਸਨ। ਇਨ੍ਹਾਂ ਨੇ ਪੰਜਾਬੀਆਂ ਨੂੰ ਜੋ ਸਬਕ ਦਿੱਤਾ, ਉਹ ਬਾਅਦ ਵਿਚ ਸਿੱਖਾਂ ਨੂੰ ਵੀ ਯਾਦ ਰਿਹਾ ਤੇ ਉਨ੍ਹਾਂ ਨੇ ਆਪਣੀਆਂ ਮਿਸਲਾਂ ਬਣਾਈਆਂ; ਜੋ ਕੰਮ ਮਰਾਠੇ, ਪਠਾਣਾਂ ਤੇ ਅਫਗਾਨਾਂ ਨੇ ਲੁੱਟਮਾਰ ਦਾ ਕੀਤਾ, ਉਨ੍ਹਾਂ ਤੋਂ ਵਧੀਆ ਕੰਮ ਇਨ੍ਹਾਂ ਆਪ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਉਹ ਇਥੋਂ ਦੇ ਇਲਾਕਿਆਂ ਦੇ ਭੇਤੀ ਸਨ। ਇਸ ਇਲਾਕੇ ਵਿਚ ਸਿਰਫ ਇਕ ਵਾਰ ਪੰਜਾਬੀਆਂ ਦੀ ਆਪਣੀ ਹਕੂਮਤ ਰਹੀ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਹਕੂਮਤ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹੀ, ਇਸ ਬਾਰੇ ਹਰ ਬੰਦੇ ਦਾ ਆਪੋ ਆਪਣਾ ਖਿਆਲ ਹੈ। ਇਸ ਹਕੂਮਤ ਦਾ ਨਾ ਤਾਂ ਪਠਾਣ ਕੁਝ ਕਰ ਸਕੇ, ਜਿਨ੍ਹਾਂ ਨੇ ਬੜੇ ਅਰਸੇ ਤਕ ਹਕੂਮਤ ਕੀਤੀ ਸੀ ਅਤੇ ਨਾ ਹੀ ਮੁਗਲ, ਜੋ ਉਜਬੇਕਿਸਤਾਨ ਦੀ ਆਬਾਦੀ ਫਰਘਾਨਾ ਤੋਂ ਆਏ ਸਨ, ਇਨ੍ਹਾਂ ਦਾ ਕੁਝ ਵਿਗਾੜ ਸਕੇ ਤੇ ਇਹ ਹਕੂਮਤ ਫੈਲਦੀ ਗਈ। ਇਸ ਸਿੱਖ ਹਕੂਮਤ ਨੇ ਮੁਲਤਾਨ ਤੋਂ ਲੈ ਕੇ ਲੱਦਾਖ ਤੱਕ ਅਤੇ ਕਾਬਲ ਤੋਂ ਲੈ ਕੇ ਸਤਲੁਜ ਤੱਕ ਕਬਜਾ ਕਰ ਲਿਆ। ਕਾਬਲ ਨੂੰ ਫਤਿਹ ਕਰਨ ਵਾਲਾ ਸਿੱਖ ਫੌਜ ਦਾ ਕਮਾਂਡਰ ਇਕ ਪੰਜਾਬੀ ਮੁਸਲਮਾਨ ਸੇਖ ਸਬਾਵਣ ਸੀ।

ਜੇ ਕਦੀ ਸਤਲੁਜ ਤੋਂ ਪਾਰ ਦੀਆਂ ਸਿੱਖ ਰਿਆਸਤਾਂ-ਪਟਿਆਲਾ, ਨਾਭਾ ਅਤੇ ਜੀਂਦ ਆਦਿ ਦੇ ਹੁਕਮਰਾਨ ਅੰਗਰੇਜ਼ਾਂ ਦੀ ਪਨਾਹ ਵਿਚ ਨਾ ਚਲੇ ਜਾਂਦੇ ਤਾਂ ਸਿੱਖ ਹਕੂਮਤ ਦੀਆਂ ਸਰਹੱਦਾਂ ਦਿੱਲੀ ਤੱਕ ਪਹੁੰਚ ਜਾਣੀਆਂ ਸਨ। ਇਸ ਹਕੂਮਤ ਨੂੰ ਕੋਈ ਹੋਰ ਤਾਕਤ ਨਾ ਡੇਗ ਸਕੀ, ਪਰ ਇਸ ਨੂੰ ਪੰਜਾਬੀਆਂ ਨੇ ਆਪ ਡੇਗਿਆ। ਇਸ ਰਾਜ ਦੇ ਪਤਨ ਤੋਂ ਬਾਅਦ ਐਸੀ ਬੇਬਰਕਤੀ ਪਈ ਕਿ ਪੰਜਾਬੀ ਨਾ ਤਾਂ ਫਿਰ ਕਦੇ ਇਕ ਝੰਡੇ ਥੱਲੇ ਇਕੱਠੇ ਹੋਏ ਅਤੇ ਨਾ ਹੀ ਕਦੇ ਮੁੜ ਆਪਣੀ ਹਕੂਮਤ ਬਣਾ ਸਕੇ। ਪੰਜਾਬੀਆਂ ਦੇ ਚਰਿਤਰ ਦੀ ਇਹ ਬੜੀ ਅਜੀਬ ਗੱਲ ਹੈ ਕਿ ਇਹ ਜਿਹਦੇ ਕੋਲੋਂ ਮਾਰ ਖਾਂਦੇ ਹਨ, ਉਸੇ ਦੇ ਹੀ ਬੜੇ ਚੰਗੇ ਨੌਕਰ ਚਾਕਰ ਸਾਬਤ ਹੁੰਦੇ ਹਨ।

ਜਿਨ੍ਹਾਂ ਲੋਕਾਂ ਨੇ ਬਾਹਰੋਂ ਆ ਕੇ ਹਕੂਮਤ ਕੀਤੀ, ਉਹ ਆਪਣੀ ਫੌਜ ਏਨੀ ਤਾਂ ਨਹੀਂ ਸਨ ਲੈ ਕੇ ਆਏ, ਉਨ੍ਹਾਂ ਨੇ ਇਥੋਂ ਦੇ ਲੋਕਾਂ ਤੋਂ ਹੀ ਕੰਮ ਲਿਆ, ਉਨ੍ਹਾਂ ਦੀ ਫੌਜ ਬਣਾਈ ਤੇ ਹਕੂਮਤ ਵੀ ਕਰਦੇ ਰਹੇ। ਤੁਸੀਂ ਦੇਖੋ ਕਿ ਹਜ਼ਾਰ ਸਾਲ ਪਹਿਲਾਂ ਮਹਿਮੂਦ ਗਜਨਵੀ ਆਇਆ ਅਤੇ ਲਾਹੌਰ ਤਕ ਕਬਜਾ ਕਰ ਲਿਆ ਤੇ ਆਪਣੀ ਹਕੂਮਤ ਕਾਇਮ ਕਰ ਲਈ। ਭਾਵੇਂ ਫੌਜ ਉਸ ਦੀ ਆਪਣੀ ਸੀ, ਪਰ ਅਫਸਰਸ਼ਾਹੀ ਮੁਕਾਮੀ ਲੋਕਾਂ ਦੀ ਸੀ ਤੇ ਇਹ ਸਾਰੇ ਪੜ੍ਹੇ-ਲਿਖੇ ਸਨ। ਗਜਨਵੀ ਨੇ ਲਾਹੌਰ ਦਾ ਆਪਣਾ ਜੋ ਪਹਿਲਾ ਗਵਰਨਰ ਬਣਾਇਆ, ਉਹ ਲਾਹੌਰ ਸ਼ਹਿਰ ਦਾ ਰਹਿਣ ਵਾਲਾ ਸੀ, ਜਿਹਨੇ ਹਿੰਦੂ ਤੋਂ ਮੁਸਲਮਾਨ ਹੋ ਕੇ ਆਪਣਾ ਨਾਂ ਏਆਜ਼ ਰੱਖਿਆ ਸੀ। ਗਜਨਵੀ ਦਾ ਦੌਰ 970 ਤੋਂ 1030 ਤੱਕ ਰਿਹਾ ਤੇ ਉਸ ਦੀ ਹਕੂਮਤ ਉਜੜਨ ਤੋਂ ਕਾਫੀ ਬਾਅਦ, ਕਰੀਬ 150 ਸਾਲ ਪਿਛੋਂ ਸੰਨ 1192 ਵਿਚ ਸ਼ਹਾਬੁਦੀਨ ਮੁਹੰਮਦ ਗੌਰੀ ਨੇ ਆਪਣੀ ਫੌਜ ਦੀ ਮਦਦ ਨਾਲ ਰਾਜਸਥਾਨ ਤਕ ਕਬਜਾ ਕਰ ਲਿਆ।

ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਮਹਿਮੂਦ ਗਜਨਵੀ ਦੀ ਅੱਧੀ ਫੌਜ ਖੁਦ ਹਿੰਦੂਆਂ ਦੀ ਸੀ। ਮੁਕਾਮੀ ਲੋਕ ਵੀ ਸ਼ਾਮਿਲ ਸਨ। ਮੁਹੰਮਦ ਗੌਰੀ ਆਇਆ ਹੋਵੇਗਾ, ਉਸ ਦੀ ਫੌਜ ਵਿਚ ਵੀ ਮੁਕਾਮੀ ਲੋਕ ਹੋਣਗੇ; ਪਰ ਜਦੋਂ ਉਸ ਦੀ ਦਿੱਲੀ ਤਕ ਹਕੂਮਤ ਬਣੀ ਤਾਂ ਉਸ ਦੀ ਮਦਦ ਕਰਨ ਵਾਲੇ ਵੀ ਮੁਕਾਮੀ ਲੋਕ ਸਨ, ਜਿਨ੍ਹਾਂ ਵਿਚ ਦਿੱਲੀ ਦਾ ਰਾਜਾ ਜੈ ਚੰਦ ਵੀ ਸੀ। ਇਸ ਪਿਛੋਂ ਜੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਭਾਵੇਂ ਖਾਨਦਾਨ ਗੁਲਾਮਾਂ, ਖਿਲਜੀ, ਤੁਗਲਕ, ਲੋਧੀ ਜਾਂ ਫਿਰ ਮੁਗਲ ਹੋਵੇ, ਪੰਜਾਬੀ ਇਨ੍ਹਾਂ ਦੀ ਤਾਕਤ ਬਣੇ ਰਹੇ। ਇਨ੍ਹਾਂ ਦੀਆਂ ਫੌਜਾਂ ਵਿਚ ਵੀ ਰਹੇ। ਇਨ੍ਹਾਂ ਦੀ ਮਦਦ ਵੀ ਕਰਦੇ ਰਹੇ। ਗੱਲ ਇਥੇ ਹੀ ਨਹੀਂ ਰੁਕਦੀ, ਮੁਕਾਮੀ ਰਾਜਿਆਂ ਨੇ ਉਨ੍ਹਾਂ ਨਾਲ ਰਿਸ਼ਤੇਦਾਰੀਆਂ ਵੀ ਕਰ ਲਈਆਂ ਤੇ ਉਨ੍ਹਾਂ ਦੀਆਂ ਫੌਜਾਂ ਦੇ ਜਰਨੈਲ ਵੀ ਬਣੇ ਰਹੇ। ਅਕਬਰ ਦੀਆਂ ਫੌਜਾਂ ਦਾ ਜਿਥੇ ਇਕ ਪਾਸੇ ਜਰਨੈਲ ਮਾਨ ਸਿੰਘ ਕਛਵਾਹਾ ਰਾਜਪੂਤ ਸੀ, ਜੋ ਰਾਜਸਥਾਨ ਦਾ ਸੀ ਤਾਂ ਦੂਜੇ ਪਾਸੇ ਇਕ ਪੰਜਾਬੀ ਮੁਸਲਮਾਨ ਸ਼ਾਹਬਾਜ ਅਹਿਮਦ ਕੰਬੋਜ ਵੀ ਸ਼ਾਮਿਲ ਸੀ।

ਅੰਗਰੇਜ਼ ਜਦੋਂ ਬੰਗਾਲ ਵਿਚ ਆਏ ਤਾਂ ਉਨ੍ਹਾਂ ਦੀ ਆਪਣੀ ਗਿਣਤੀ ਬੜੀ ਥੋੜ੍ਹੀ ਸੀ। ਉਨ੍ਹਾਂ ਨੇ ਉਥੋਂ ਦੇ ਨਵਾਬ ਸੂਰਾਜੂਦੌਲਾ ਨੂੰ ਹਰਾਉਣ ਲਈ ਉਥੋਂ ਦੇ ਕਰਤਾ-ਧਰਤਾ ਜਗੀਰਦਾਰਾਂ ਤੇ ਮੀਰ ਜਾਫਰ ਨੂੰ ਨਾਲ ਗੰਢਿਆ ਤੇ ਆਪਣੇ ਮਕਸਦ ਵਿਚ ਕਾਮਯਾਬ ਰਹੇ। ਸੂਰਾਜੂਦੌਲਾ ਦੀ ਫੌਜ ਅੰਗਰੇਜਾਂ ਦੀ ਫੌਜ ਤੋਂ ਦੂਣੀ ਤੋਂ ਵੀ ਵੱਧ ਸੀ, ਪਰ ਉਹ ਪੈਸੇ ਲੈ ਕੇ ਜੰਗ ਦੇ ਮੌਕੇ ਸਾਰੇ ਨੱਸ ਗਏ। ਦੋਹੀਂ ਪਾਸੀਂ ਲੜਨ ਵਾਲੇ ਮੁਕਾਮੀ ਲੋਕ ਸਨ। ਇਹ ਸੰਨ 1757 ਦਾ ਸਾਲ ਸੀ। ਅੰਗਰੇਜ਼ਾਂ ਨੇ ਆਪਣੀ ਫਤਿਹ ਦੇ ਨਾਲ ਉਹ ਇੱਟ ਰੱਖ ਦਿੱਤੀ, ਜਿਹਦੇ ਨਾਲ ਉਨ੍ਹਾਂ 100 ਸਾਲ ਬਾਅਦ ਸੰਨ 1857 ਵਿਚ ਸਾਰੇ ਹਿੰਦੁਸਤਾਨ 'ਤੇ ਕਬਜਾ ਕਰ ਲਿਆ। ਟੀਪੂ ਸੁਲਤਾਨ ਦੇ ਖਿਲਾਫ ਵੀ ਉਨ੍ਹਾਂ ਨੇ ਇਹੋ ਨੀਤੀ ਅਪਨਾਈ। ਉਥੇ ਮੀਰ ਜਾਫਰ ਸੀ ਤੇ ਇਥੇ ਮੀਰ ਸਾਦਿਕ ਸੀ ਅਤੇ ਮੁਕਾਮੀ ਲੋਕਾਂ ਦੀ ਫੌਜ ਵੀ ਨਾਲ ਸੀ। ਬਹੁਤ ਅਰਸੇ ਬਾਅਦ ਜਦੋਂ ਉਨ੍ਹਾਂ ਨੇ ਸਿੱਖ ਹਕੂਮਤ 'ਤੇ ਹਮਲੇ ਕੀਤੇ, ਉਨ੍ਹਾਂ ਵਿਚ ਪੰਜਾਬੀ ਲੋਕ ਤੇ ਸਤਲੁਜ ਤੋਂ ਪਾਰ ਦੀਆਂ ਸਿੱਖ ਰਿਆਸਤਾਂ ਵੀ ਸ਼ਾਮਿਲ ਸਨ। ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿਚ ਸਤਲੁਜ ਤੋਂ ਪਾਰ ਦੀਆਂ ਸਾਰੀਆਂ ਸਿੱਖ ਰਿਆਸਤਾਂ ਅੰਗਰੇਜ਼ ਪੱਖੀ ਸਨ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਮਹਾਰਾਜਾ ਉਨ੍ਹਾਂ ਨੂੰ ਆਪਣੇ ਰਾਜ 'ਚ ਜਬਰੀ ਨਾ ਮਿਲਾ ਲਵੇ।

ਮਹਾਰਾਜੇ ਦੀ ਮੌਤ ਪਿਛੋਂ ਜਦੋਂ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਜੰਗਾਂ ਹੋਈਆਂ, ਉਸ ਵਿਚ ਸਤਲੁਜ ਤੋਂ ਚੜ੍ਹਦੇ ਵੱਲ ਸਿੱਖ ਰਿਆਸਤਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਮੁਦਕੀ ਦੀ ਜੰਗ ਵਿਚ ਪਟਿਆਲਾ ਰਿਆਸਤ ਦੀ ਜਿਸ ਫੌਜ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਉਸ ਦਾ ਕਮਾਂਡਰ, ਪੰਜਾਬੀ ਜੱਟ ਕਾਲੇ ਖਾਂ ਡੋਗਰ ਸੀ। ਜਦੋਂ ਸਿੱਖਾਂ ਨਾਲ ਅੰਗਰੇਜ਼ਾਂ ਦੀਆਂ ਲੜਾਈਆਂ ਹੋਈਆਂ, ਨਾ ਸਿਰਫ ਮੁਕਾਮੀ ਲੋਕਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸਗੋਂ ਸਿੱਖ ਫੌਜ ਦੇ ਕੁਝ ਕਮਾਂਡਰਾਂ ਨੇ ਵੀ ਸਿੱਖ ਰਾਜ ਨਾਲ ਗੱਦਾਰੀ ਕੀਤੀ, ਜਿਵੇਂ ਲਾਲ ਸਿੰਘ, ਡੋਗਰਾ ਗੁਲਾਬ ਸਿੰਘ ਤੇ ਧਿਆਨ ਸਿੰਘ ਆਦਿ। ਚੇਲਿਆਂਵਾਲੀ ਜੰਗ ਵੇਲੇ ਅੰਗਰੇਜ਼ਾਂ ਨੇ ਕੋਈ ਆਪਣੀ ਫੌਜ ਨਹੀਂ ਸੀ ਲਿਆਂਦੀ ਸਗੋਂ ਮੁਕਾਮੀ ਮਦਰਾਸੀ, ਬੰਗਾਲੀ ਤੇ ਯੂ. ਪੀ., ਸੀ. ਪੀ. ਦੇ ਫੌਜ ਵਿਚ ਭਰਤੀ ਕੀਤੇ ਹੋਏ ਲੋਕ ਵਰਤੇ ਸਨ। ਨਤੀਜੇ ਵਜੋਂ ਸਿੱਖ ਫੌਜ ਹਾਰ ਗਈ ਤੇ ਸਿੱਖ ਰਾਜ ਖਤਮ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਖਤਮ ਹੋਣ ਪਿਛੋਂ ਉਸ ਦੀ ਫੌਜ ਦੇ ਸਾਰੇ ਕਮਾਂਡਰ ਭਾਵੇਂ ਹਿੰਦੂ, ਸਿੱਖ ਜਾਂ ਮੁਸਲਮਾਨ ਸਨ, ਉਨ੍ਹਾਂ ਨੂੰ ਅੰਗਰੇਜ਼ਾਂ ਨੇ ਛੱਡਿਆ ਨਹੀਂ, ਤੇ ਆਪਣੀ ਫੌਜ ਵਿਚ ਜਗੀਰਾਂ ਦਾ ਲਾਲਚ ਦੇ ਕੇ ਭਰਤੀ ਕਰ ਲਿਆ। ਇਹ ਸਾਰੇ ਉਨ੍ਹਾਂ ਦੇ ਮੁਲਾਜ਼ਮ ਰਹੇ। 1857 ਦੀ ਬਗਾਵਤ ਦਿੱਲੀ ਤੇ ਨਾਲ ਲਗਦੇ ਇਲਾਕੇ ਦੇ ਮੁਕਾਮੀ ਲੋਕਾਂ ਨੇ ਕੀਤੀ। ਉਸ ਨੂੰ ਕੁਚਲਣ ਲਈ ਅੰਗਰੇਜ਼ਾਂ ਨੇ ਪੰਜਾਬੀ ਫੌਜ ਦੀ ਵਰਤੋਂ ਕੀਤੀ। ਬਾਗੀਆਂ ਦੀ ਫੌਜ ਦਾ ਕਮਾਂਡਰ ਜਨਰਲ ਬਖਤ ਖਾਂ ਰੋਹੀਲਾ ਸੀ। ਪੰਜਾਬੀ ਫੌਜ ਨੇ ਆਪਣੀ ਪੂਰੀ ਤਾਕਤ ਲਾ ਕੇ ਦਿੱਲੀ ਫਤਿਹ ਕਰ ਦਿੱਤੀ ਤੇ ਅੰਗਰੇਜ਼ਾਂ ਦਾ ਰਾਜ ਕਾਇਮ ਕੀਤਾ।

ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ਦਿੱਲੀ ਦੇ ਬਾਗੀ ਕਿਲੇ ਦਾ ਦਰਵਾਜਾ ਬੰਦ ਕਰਨ ਲੱਗੇ ਤਾਂ ਉਸ ਵਿਚ ਇਕ ਮੁਸਲਮਾਨ ਜਗੀਰਦਾਰ ਨੇ ਆਪਣੀ ਬਾਂਹ ਦੇ ਦਿੱਤੀ। ਉਸ ਦੀ ਬਾਂਹ ਕੱਟੀ ਗਈ, ਪਰ ਉਸ ਨੇ ਦਰਵਾਜਾ ਨਹੀਂ ਬੰਦ ਕਰਨ ਦਿੱਤਾ। ਆਜ਼ਾਦੀ ਦੀ ਉਸ ਜੰਗ ਦੇ ਖਿਲਾਫ ਨਾ ਕੋਈ ਪੰਜਾਬੀ ਮੁਸਲਮਾਨ ਪੀਰ ਪਿੱਛੇ ਰਿਹਾ, ਨਾ ਕੋਈ ਗ੍ਰੰਥੀ, ਨਾ ਕੋਈ ਪੰਡਿਤ। ਇਨ੍ਹਾਂ ਪੰਜਾਬੀਆਂ ਨੇ ਅੰਗਰੇਜ਼ਾਂ ਦਾ ਸਾਥ ਦੇ ਕੇ ਅੰਗਰੇਜ਼ਾਂ ਤੋਂ ਜਾਗੀਰਦਾਰੀਆਂ, ਜੈਲਦਾਰੀਆਂ ਤੇ ਨੰਬਰਦਾਰੀਆਂ ਲਈਆਂ। ਅੰਗਰੇਜ਼ਾਂ ਦੇ ਇਨ੍ਹਾਂ ਪਿਠੂਆਂ ਨੇ ਬਾਗੀਆਂ ਨੂੰ ਫੜ ਫੜ ਕੇ ਅੰਗਰੇਜ਼ਾਂ ਦੇ ਹਵਾਲੇ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਤੋਪਾਂ ਨਾਲ ਉਡਾਇਆ।

ਅਸੀਂ ਬਹੁਤੀਆਂ ਮਿਸਾਲਾਂ ਨਹੀਂ ਦਿੰਦੇ। ਜੋ ਬੰਦਾ ਅੱਜ ਕਲ ਪਾਕਿਸਤਾਨ ਦਾ ਵਿਦੇਸ਼ ਮੰਤਰੀ ਹੈ, ਉਸ ਦਾ ਨਾਂ ਸ਼ਾਹ ਮਹਿਮੂਦ ਕੁਰੈਸ਼ੀ ਹੈ। ਇਸ ਦੇ ਜਿਸ ਵੱਡੇ ਵਡੇਰੇ ਨੇ ਸੰਨ 1857 ਦੀ ਜੰਗੇ ਆਜ਼ਾਦੀ ਵੇਲੇ ਬਾਗੀਆਂ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਕੇ ਜਗੀਰਾਂ ਲਈਆਂ, ਉਸ ਦਾ ਨਾਂ ਵੀ ਸ਼ਾਹ ਮਹਿਮੂਦ ਕੁਰੈਸ਼ੀ ਸੀ। ਇਸ ਸ਼ਾਹ ਮਹਿਮੂਦ ਕੁਰੈਸ਼ੀ ਦਾ ਨਾਂ ਆਪਣੇ ਉਸੇ ਵਡੇਰੇ ਦੇ ਨਾਂ 'ਤੇ ਰੱਖਿਆ ਗਿਆ। ਜਾਹਰ ਹੈ ਕਿ ਸਾਡੇ ਸਾਰੇ ਮੁਲਕਾਂ 'ਤੇ ਹਕੂਮਤ ਉਨ੍ਹਾਂ ਦੀ ਹੀ ਹੈ, ਜਿਨ੍ਹਾਂ ਗੱਦਾਰੀ ਕੀਤੀ। ਜਦੋਂ ਅਹਿਮਦ ਖਾਂ ਖਰਲ ਨੂੰ ਲਹਿੰਦੇ ਪੰਜਾਬ ਦੇ ਇਲਾਕੇ ਉਕਾੜੇ ਵਿਚ ਮਾਰਿਆ ਗਿਆ, ਉਦੋਂ ਵੀ ਫੌਜ ਯੂ. ਪੀ. ਤੇ ਸੀ. ਪੀ. ਦੀ ਲਿਆਂਦੀ ਗਈ ਸੀ। ਅਫਗਾਨਿਸਤਾਨ 'ਤੇ ਹਮਲੇ ਸਮੇਂ ਵੀ ਅੰਗਰੇਜ਼ਾਂ ਨੇ ਪੰਜਾਬੀ ਫੌਜ ਦੀ ਵਰਤੋਂ ਕੀਤੀ ਤੇ ਪਟਿਆਲਾ ਰਿਆਸਤ ਦੀ ਫੌਜ ਉਥੇ ਖਾਸ ਤੌਰ 'ਤੇ ਗਈ।

ਪਹਿਲੀ ਵਿਸ਼ਵ ਜੰਗ (1914-1919) ਵਿਚ ਗੋਰਿਆਂ ਨੇ ਪੰਜਾਬੀ ਫੌਜੀਆਂ ਨੂੰ ਬਹੁਤ ਵਰਤਿਆ। ਕੁਝ ਲੋਕ ਕਹਿੰਦੇ ਹਨ ਕਿ ਇਸ ਇਲਾਕੇ ਵਿਚੋਂ 10 ਲੱਖ ਫੌਜੀ ਤੇ ਕੁਝ ਕਹਿੰਦੇ ਹਨ ਕਿ 12 ਲੱਖ ਫੌਜੀ ਲੜਨ ਲਈ ਗਏ। ਕੋਈ ਵੀ ਗਿਣਤੀ ਮਨ ਲਉ, ਉਹ ਹਿੰਦੁਸਤਾਨ ਲਈ ਨਹੀਂ ਸਗੋਂ ਗੋਰਿਆਂ ਲਈ ਲੜਨ ਗਏ ਸਨ। ਇਹ ਪੰਜਾਬੀ ਫੌਜੀ ਪੂਰੇ ਯੂਰਪ, ਮਿਡਲ ਈਸਟ, ਫਾਰ ਈਸਟ ਤੇ ਅਫਰੀਕਾ ਵਿਚ ਲੜੇ। ਇਨ੍ਹਾਂ ਵਿਚੋਂ ਲਗਭਗ 70,000 ਮਾਰੇ ਗਏ ਤੇ ਇੰਨੇ ਹੀ ਸਖਤ ਜਖਮੀ ਹੋਏ। ਜਿਨ੍ਹਾਂ ਮਾਂਵਾਂ ਨੇ ਇਨ੍ਹਾਂ ਨੂੰ ਬੜੇ ਲਾਡਾਂ ਨਾਲ ਪਾਲਿਆ ਸੀ, ਉਨ੍ਹਾਂ ਨੂੰ ਇਨ੍ਹਾਂ ਦੀਆਂ ਲਾਸ਼ਾਂ ਵੇਖਣੀਆਂ ਵੀ ਨਸੀਬ ਨਾ ਹੋਈਆਂ। ਜਿੱਥੇ ਕੋਈ ਮੁਲਸਮਾਨ ਮਰਿਆ, ਉਸ ਦੀ ਕਬਰ ਉਥੇ ਬਣਾ ਦਿੱਤੀ; ਜਿਥੇ ਕੋਈ ਸਿੱਖ ਜਾਂ ਹਿੰਦੂ ਮਰਿਆ, ਉਸ ਨੂੰ ਉਥੇ ਸਾੜ ਦਿੱਤਾ ਗਿਆ।

ਦੂਜੀ ਵਿਸ਼ਵ ਜੰਗ (1939-45) ਵੇਲੇ ਅੰਗਰੇਜ਼ਾਂ ਨੇ ਆਪਣੇ ਪਿਛਲੇ ਤਜ਼ਰਬੇ ਦੀ ਬੁਨਿਆਦ 'ਤੇ ਹਿੰਦੁਸਤਾਨ ਵਿਚੋਂ ਪਹਿਲੀ ਸੰਸਾਰ ਜੰਗ ਤੋਂ ਦੂਣੇ ਫੌਜੀ ਭਰਤੀ ਕਰ ਲਏ, ਜਿਨ੍ਹਾਂ ਦੀ ਗਿਣਤੀ ਕਰੀਬ 25 ਲੱਖ ਸੀ। ਇਹ ਸਾਰੇ ਫੌਜੀ ਹਿੰਦੁਸਤਾਨ ਤੇ ਹੁਣ ਵਾਲੇ ਪਾਕਿਸਤਾਨ ਦੇ ਇਲਾਕਿਆਂ ਤੋਂ ਸਨ। ਇਨ੍ਹਾਂ ਵਿਚੋਂ 90 ਹਜਾਰ ਫੌਜੀ ਮਾਰੇ ਗਏ। ਅੰਗਰੇਜ਼ਾਂ ਤੋਂ ਜਗੀਰਾਂ ਲੈਣ ਵਾਲਿਆਂ ਨੇ ਜੰਗ ਸਮੇਂ ਅੰਗਰੇਜ਼ਾਂ ਦਾ ਨਮਕ ਹਲਾਲ ਕੀਤਾ ਤੇ ਅੰਗਰੇਜ਼ਾਂ ਤੋਂ ਪੈਸੇ ਲੈ ਕੇ ਆਪਣੇ ਲੋਕਾਂ ਨੂੰ ਫੌਜ ਵਿਚ ਭਰਤੀ ਕਰਾਇਆ। ਉਸ ਵਕਤ ਦਾ ਇਹ ਪੰਜਾਬੀ ਗੀਤ ਪਿੰਡਾਂ ਵਿਚ ਫੈਲਾਇਆ ਗਿਆ,

ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ
ਇਥੇ ਖਾਵੇਂ ਰੁੱਖੀ ਸੁੱਖੀ ਉਥੇ ਮਿਲਦਾ ਫਰੂਟ।
ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ
ਇਥੇ ਫਿਰਦਾ ਨੰਗੀ ਪੈਰੀਂ ਉਥੇ ਮਿਲਦੇ ਬੂਟ।
ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ
ਇਥੇ ਤਨ 'ਤੇ ਕਪੜਾ ਕੋਈ ਨਹੀਂ ਉਥੇ ਮਿਲਦੇ ਸੂਟ।
ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ।

ਤੁਸੀਂ ਯੂਰਪ ਦੇ ਮੁਲਕਾਂ ਵਿਚ ਜਾਵੋ, ਉਥੇ ਮੁਸਲਮਾਨ ਫੌਜੀਆਂ ਦੀਆਂ ਕਬਰਾਂ ਤੇ ਹਿੰਦੂ ਸਿੱਖ ਫੌਜੀਆਂ ਦੀਆਂ ਮੜੀਆਂ ਮਿਲਣਗੀਆਂ। ਉਪਰੋਕਤ ਇਲਾਕਿਆਂ ਤੋਂ ਇਲਾਵਾ ਹਾਂਗਕਾਂਗ ਤੇ ਸਿੰਗਾਪੁਰ ਜਿਹੇ ਦੇਸ਼ਾਂ ਵਿਚ ਵੀ ਸਾਡੇ ਲੋਕ, ਜੋ ਬਿਨਾ ਮਕਸਦ ਪਰਾਏ ਦੀ ਜੰਗ ਵਿਚ ਮਾਰੇ ਗਏ, ਉਨ੍ਹਾਂ ਦੀਆਂ ਯਾਦਗਾਰਾਂ ਤੇ ਕਬਰਾਂ ਮਿਲਣਗੀਆਂ।

ਹੁਣ ਇਹ ਗੱਲ ਵੇਖਣ ਵਾਲੀ ਹੈ ਕਿ ਪੰਜਾਬੀਆਂ ਦੀ ਕਿਸਮਤ ਵਿਚ ਲੜਨਾ-ਮਰਨਾ ਹੀ ਕਿਉਂ ਲਿਖਿਆ ਗਿਆ ਹੈ ਤੇ ਇਸ ਤੋਂ ਜਾਨ ਕਿਉਂ ਨਹੀਂ ਛੁਟਦੀ? ਹੁਣ ਵੀ ਪਾਕਿਸਤਾਨ ਤੇ ਹਿੰਦੁਸਤਾਨ ਵਿਚਾਲੇ ਜੋ ਸਰਹੱਦ ਬਣੀ, ਉਹ ਪੰਜਾਬ ਦੀ ਹਿੱਕ ਤੋਂ ਲੰਘੀ। ਦੋਹਾਂ ਮੁਲਕਾਂ ਦੀਆਂ ਫੌਜਾਂ ਵਿਚ ਪੰਜਾਬੀਆਂ ਦੀ ਗਿਣਤੀ ਭਾਰੀ ਹੈ। ਦੋਹਾਂ ਵਿਚਾਲੇ ਜਿੰਨੀਆਂ ਜੰਗਾਂ ਲੜੀਆਂ ਗਈਆਂ, ਇਨ੍ਹਾਂ ਵਿਚ ਸਭ ਤੋਂ ਵੱਧ ਪੰਜਾਬੀ ਫੌਜੀ ਮਾਰੇ ਗਏ ਤੇ ਇਕੋ ਖੂਨ, ਇਕ ਦੂਜੇ ਨੂੰ ਭੁੰਨਦਾ ਰਿਹਾ।

ਪਾਕਿਸਤਾਨ ਦੀ ਆਬਾਦੀ ਵਿਚੋਂ 75% ਪੰਜਾਬੀ ਹਨ। 65% ਪੰਜਾਬੀ ਤਾਂ ਪੰਜਾਬ ਵਿਚ ਹੀ ਰਹਿੰਦੇ ਹਨ। ਪਰ ਕਈ ਇਲਾਕੇ ਐਸੇ ਵੀ ਹਨ, ਜਿਵੇਂ ਕੇ. ਪੀ. ਕੇ ਵਿਚ ਹਰੀਪੁਰ ਹਜਾਰਾ ਤੇ ਸਿੰਧ ਸੂਬਾ, ਇਨ੍ਹਾਂ ਵਿਚ ਵੀ ਬਹੁਤ ਸਾਰੇ ਪੰਜਾਬੀ ਹਨ। ਇਸ ਤਰ੍ਹਾਂ ਪਾਕਿਸਤਾਨ ਵਿਚ ਪੰਜਾਬੀਆਂ ਦੀ ਗਿਣਤੀ ਕਰੀਬ 75% ਹੈ। ਫੌਜ ਵਿਚ ਵੀ ਇਹੋ ਸੂਰਤੇ-ਹਾਲ ਹੈ ਤੇ ਉਥੇ ਵੀ ਏਨੇ ਹੀ ਪੰਜਾਬੀ ਹੋਣਗੇ। ਸਿੰਧ ਤੇ ਬਲੋਚਸਤਾਨ ਦੇ ਬਹੁਤੇ ਲੋਕ ਫੌਜ ਵਿਚ ਭਰਤੀ ਨਹੀਂ ਹੁੰਦੇ। ਲੈ ਦੇ ਕੇ ਪੰਜਾਬੀ ਲੋਕ ਹੁੰਦੇ ਹਨ। ਇਸੇ ਕਰਕੇ ਦੂਸਰੇ ਲੋਕ ਕਹਿੰਦੇ ਹਨ ਕਿ ਇਹ ਪਾਕਿਸਤਾਨ ਦੀ ਨਹੀਂ, ਪੰਜਾਬੀਆਂ ਦੀ ਫੌਜ ਹੈ।

ਹੁਣ ਜਦੋਂ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਜੰਗ ਹੁੰਦੀ ਹੈ, ਪਹਿਲਾਂ ਵੀ ਹੋਈਆਂ, ਰੱਬ ਨਾ ਕਰੇ ਅੱਗੋਂ ਹੋਵੇ, ਤਾਂ ਇਸ ਵਿਚ ਨਾ ਕੇਵਲ ਪੰਜਾਬ ਬਰਬਾਦ ਹੁੰਦਾ ਹੈ, ਤੇ ਪੰਜਾਬ ਦੀ ਜਨਤਾ ਮਰਦੀ ਹੈ, ਸਗੋਂ ਦੋਹਾਂ ਪਾਸਿਆਂ ਤੋਂ ਪੰਜਾਬੀ ਫੌਜ ਕੰਮ ਆਉਂਦੀ ਹੈ। ਅੱਜ ਜਦੋਂ ਮੈਂ ਅਖਬਾਰਾਂ ਵਿਚ ਪੜ੍ਹਦਾ ਹਾਂ ਕਿ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਬਰਤਾਨੀਆ ਜਾਂ ਹੋਰ ਮੁਲਕਾਂ ਵਿਚ ਪੰਜਾਬੀ ਮੁੰਡੇ ਉਨ੍ਹਾਂ ਦੀਆਂ ਫੌਜਾਂ ਵਿਚ ਭਰਤੀ ਹੋਏ ਹਨ, ਤਾਂ ਸੱਚ ਪੁੱਛੋ, ਮੇਰੇ ਕਲੇਜੇ ਨੂੰ ਧੂਹ ਪੈਂਦੀ ਹੈ, ਤੇ ਮੈਂ ਕਹਿੰਦਾ ਹਾਂ, ਕੀ ਸਾਰੀ ਦੁਨੀਆਂ ਵਿਚ ਪੰਜਾਬੀਆਂ ਨੇ ਹੀ ਲੜਨ ਦਾ ਠੇਕਾ ਲਿਆ ਹੋਇਆ ਹੈ? ਮੈਨੂੰ ਸਮਝ ਨਹੀਂ ਆਉਂਦੀ ਕਿ ਕਿਉਂ ਪੰਜਾਬੀਆਂ ਦਾ ਨਾਂ ਕਿਸੇ ਨੋਬਲ ਪ੍ਰਾਈਜ਼, ਸਾਇੰਸ ਜਾਂ ਖੇਡਾਂ ਦੇ ਖੇਤਰ ਵਿਚ ਨਹੀਂ ਆਉਂਦਾ? ਕਿਉਂ ਫੌਜਾਂ ਵਿਚ ਹੀ ਇਨ੍ਹਾਂ ਦਾ ਨਾਂ ਆਉਂਦਾ ਹੈ? ਇਸ ਤੋਂ ਇਹ ਗੱਲ ਸਾਫ ਜਾਹਰ ਹੈ ਕਿ ਪੰਜਾਬੀ ਹਾਲੇ ਵੀ ਆਪਣੇ ਡੌਲਿਆਂ ਦੀ ਤਾਕਤ ਦਾ ਇਸਤੇਮਾਲ ਕਰਦੇ ਹਨ, ਦਿਮਾਗ ਦਾ ਨਹੀਂ।

ਜੰਗ ਕਿੱਧਰੇ ਵੀ ਹੋਵੇ, ਗੋਦ ਸਿਰਫ ਪੰਜਾਬੀ ਮਾਂ ਦੀ ਹੀ ਉਜੜਦੀ ਹੈ। ਮੈਨੂੰ ਇੰਜ ਲਗਦਾ ਹੈ ਜਿਵੇਂ ਪੰਜਾਬੀ ਕਿਰਾਏ ਦੇ ਫੌਜੀ ਹੋਣ, ਹਰ ਥਾਂ ਲੜਨ ਲਈ ਤਿਆਰ ਹੁੰਦੇ ਹਨ, ਪਰ ਇਸ ਸਭ ਦਾ ਜਿੰਮੇਵਾਰ ਕੌਣ ਏ? ਇਹ ਕਿਵੇਂ ਹੋਇਆ? ਗੱਲ ਇਹ ਹੈ ਕਿ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਵੰਡਣ ਵਾਲੀ ਸਰਹੱਦ ਪੰਜਾਬ ਵਿਚੋਂ ਲੰਘਦੀ ਹੈ ਤੇ ਦੋਹਾਂ ਮੁਲਕਾਂ ਦੇ ਸਬੰਧ ਸੁਖਾਵੇਂ ਨਾ ਹੋਣ ਕਰ

***ਹੁਣ ਸਵਾਲ ਹੈ ਕਿ ਕੀ ਪੰਜਾਬੀ ਕੌਮ ਦਾ ਮੁਕੱਦਰ ਇਸੇ ਤਰ੍ਹਾਂ ਰਹੇਗਾ ਤੇ ਇਸ ਦਾ ਜਿੰਮੇਵਾਰ ਕੌਣ ਹੈ? ਮੇਰੇ ਖਿਆਲ ਵਿਚ, ਇਸ ਦਾ ਜਵਾਬ ਪੰਜਾਬੀ ਲੀਡਰਸ਼ਿਪ ਹੈ, ਜੋ ਸਾਡੀ ਅਗਵਾਈ ਕਰਦੀ ਹੈ; ਪਰ ਲੀਡਰਸ਼ਿਪ ਕਿਹੜੀ? ਜੇ ਪੰਜਾਬ ਦੀ ਲੀਡਰਸ਼ਿਪ ਹੁੰਦੀ ਤਾਂ ਇਸ ਦੀ ਵੰਡ ਕਿਉਂ ਹੁੰਦੀ? 1947 ਵਿਚ ਪੰਜਾਬ ਦੀ ਵੰਡ ਹੋਈ, ਤੇ ਇਹ ਵੰਡ ਕਰਨ ਵਾਸਤੇ ਦੋ ਵੱਡੇ ਲੀਡਰ, ਮੁਹੰਮਦ ਅਲੀ ਜਿਨਾਹ ਤੇ ਗਾਂਧੀ-ਦੋਵੇਂ ਗੁਜਰਾਤੀ ਸਨ ਅਤੇ ਦੋ ਕਸ਼ਮੀਰੀ ਪੰਡਿਤ ਸਨ-ਇਕ ਡਾ. ਇਕਬਾਲ ਤੇ ਦੂਜਾ ਪੰਡਿਤ ਨਹਿਰੂ। ਦੋ ਕਸ਼ਮੀਰੀ, ਦੋ ਗੁਜਰਾਤੀ ਤੇ ਵੰਡ ਹੋ ਗਈ ਪੰਜਾਬ ਦੀ, ਨਾ ਸਕੂਨ ਆਇਆ ਪੰਜਾਬ ਨੂੰ, ਤੇ ਨਾ ਸਕੂਨ ਆਇਆ ਕਸ਼ਮੀਰ ਨੂੰ। ਦੋਹਾਂ ਦੀ ਬਰਬਾਦੀ ਹੋ ਰਹੀ ਹੈ। ਹੁਣ ਦੂਜਾ ਸਵਾਲ ਇਹ ਹੈ ਕਿ ਜਦੋਂ ਇਹ ਕੰਮ ਹੋ ਰਿਹਾ ਸੀ, ਉਦੋਂ ਪੰਜਾਬੀ ਕਿੱਥੇ ਮਰ ਗਏ ਸਨ? ਇਹ ਗੱਲ ਬਿਲਕੁਲ ਸਮਝ ਆਉਂਦੀ ਹੈ ਕਿ ਜਿਹੜੇ ਪੰਜਾਬੀ ਸਨ, ਭਾਵੇਂ ਹਿੰਦੂ, ਸਿੱਖ ਜਾਂ ਮੁਸਲਮਾਨ, ਉਹ ਇੱਕ ਬਹੁਤ ਹੀ ਜਰੂਰੀ ਕੰਮ ਪਏ ਕਰਦੇ ਸਨ। ਉਹ ਜਰੂਰੀ ਕੰਮ ਇਹ ਕਰਦੇ ਸਨ ਕਿ ਇਕ ਦੂਜੇ ਨੂੰ ਵੱਢਣ-ਟੁੱਕਣ ਲਈ ਤਲਵਾਰਾਂ ਅਤੇ ਕਿਰਪਾਨਾਂ ਤਿੱਖੀਆਂ ਪਏ ਕਰਦੇ ਸਨ। ਇਕ ਦੂਜੇ ਨੂੰ ਲੁੱਟਣ ਲੱਗੇ ਸਨ। ਇਸ ਦਾ ਨਤੀਜਾ ਫਿਰ ਏਹੀ ਨਿਕਲਦਾ ਹੈ। ਜੇ ਕੋਈ ਇਮਤਿਹਾਨ ਦੇਣਾ ਹੋਵੇ ਤਾਂ ਉਸ ਲਈ ਪੜ੍ਹਨਾ ਪੈਂਦਾ ਹੈ, ਪਰ ਪੜ੍ਹਨ ਵਾਲੇ ਪਾਸੇ ਇਹ ਗਏ ਹੀ ਨਹੀਂ, ਤੇ ਇਸੇ ਵਾਸਤੇ ਇਨ੍ਹਾਂ ਦਾ ਇਤਿਹਾਸ ਵੀ ਦੂਸਰੇ ਲੋਕਾਂ ਨੇ ਲਿਖਿਆ। ਇਨ੍ਹਾਂ ਆਪਣਾ ਇਤਿਹਾਸ ਆਪ ਨਹੀਂ ਲਿਖਿਆ, ਤੇ ਨਾ ਹੀ ਇਨ੍ਹਾਂ ਨੂੰ ਪਤਾ ਹੈ। ਠੀਕ ਹੀ ਕਹਿੰਦੇ ਨੇ ਸਿਆਣੇ ਕਿ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲਣੀਆਂ ਪੈਂਦੀਆਂ ਹਨ, ਤੇ ਘੜੀ ਦਾ ਖੁੰਝਿਆ ਬੰਦਾ ਸੌ ਕੋਹ 'ਤੇ ਜਾ ਪੈਂਦਾ ਏ।***

***(ਬਾਕੀ ਅਗਲੇ ਸਫੇ 'ਤੇ)***

ਕਹਾਣੀ

# ਚੋਣ

**ਗੁਰਮੇਲ ਮਡਾਹੜ ਦਾ ਨਾਂ ਆਮ ਤੌਰ 'ਤੇ ਫੈਂਟਸੀ ਕਹਾਣੀਕਾਰ ਵਜੋਂ ਵੱਜਦਾ ਹੈ। ਉਹ ਨਿੱਕੀ ਜਿਹੀ ਘਟਨਾ ਅਤੇ ਗਿਣੇ-ਚੁਣੇ ਪਾਤਰ ਲੈ ਕੇ ਆਪਸੀ ਗੱਲਬਾਤ ਰਾਹੀਂ ਕਹਾਣੀ ਉਸਾਰਦਾ ਹੈ। 'ਚੋਣ' ਵਿਚ ਉਸ ਨੇ ਬਹੁਤ ਸੂਖਮ ਢੰਗ ਨਾਲ ਖੇਡਾਂ ਦੀ ਦੁਨੀਆਂ ਦਾ ਉਹ ਪੱਖ ਛੋਹਿਆ ਹੈ, ਜੋ ਅਕਸਰ ਕਿਸੇ ਨਾ ਕਿਸੇ ਕਾਰਨ ਚਰਚਾ ਵਿਚ ਰਹਿੰਦਾ ਹੈ। -ਸੰਪਾਦਕ**

ਜਿਸ ਕੁਰਸੀ 'ਤੇ ਮੈਂ ਬੈਠਾ ਸਾਂ, ਮੇਰੇ ਸੱਜੇ-ਖੱਬੇ, ਆਲੇ-ਦੁਆਲੇ ਮੁੱਕੇਬਾਜ਼ ਹੀ ਮੁੱਕੇਬਾਜ਼ ਬੈਠੇ ਸਨ, ਵੱਖ-ਵੱਖ ਇਲਾਕਿਆਂ ਦੇ, ਵੱਖ-ਵੱਖ ਰੰਗਾਂ ਦੇ, ਖੇਡ ਵਸਤਰਾਂ ਤੇ ਬਲੇਜ਼ਰਾਂ ਵਿਚ ਸਜੇ ਹੋਏ। ਸਭ ਦੀਆਂ ਨਜ਼ਰਾਂ ਸਾਹਮਣੇ ਮੰਚ 'ਤੇ ਗੱਡੀਆਂ ਹੋਈਆਂ ਸਨ। ਮੰਚ, ਜਿਸ ਦੁਆਲੇ ਚਾਰ ਪੋਲ ਗੱਡ ਕੇ ਉਨ੍ਹਾਂ ਵਿਚੋਂ ਦੋ 'ਤੇ ਚਿੱਟਾ ਤੇ ਇਕ ਲਾਲ ਅਤੇ ਇਕ 'ਤੇ ਹਰਾ ਕੱਪੜਾ ਚਾੜ੍ਹਿਆ ਹੋਇਆ ਸੀ। ਇਨ੍ਹਾਂ ਸਾਰੇ ਪੋਲਾਂ ਨੂੰ ਹਰੇ ਅਤੇ ਲਾਲ ਰੰਗ ਦੇ ਰੱਸਿਆਂ ਨਾਲ ਬੰਨ੍ਹ ਕੇ ਦੋ ਚੱਕਰ ਮਾਰੇ ਹੋਏ ਸਨ ਤਾਂ ਕਿ ਕੋਈ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਦਾ ਕੁੱਟਿਆ ਮਾਰਿਆ ਜਾਂ ਥੱਕਿਆ ਹੋਇਆ ਮੰਚ ਤੋਂ ਹੇਠਾਂ ਨਾ ਜਾ ਡਿੱਗੇ।

ਮੁਕਾਬਲਾ ਸ਼ੁਰੂ ਹੋਣ ਵਿਚ ਕੁਝ ਮਿੰਟ ਬਾਕੀ ਸਨ, ਲੋਕੀਂ ਗੱਪਾਂ ਹੱਕ ਕੇ ਇਹ ਵਕਤ ਪੂਰਾ ਕਰ ਰਹੇ ਸਨ।



"ਨੈਸ਼ਨਲ ਵਾਸਤੇ ਮੁੰਡੇ ਇਥੋਂ ਈ ਚੁਣੇ ਜਾਣਗੇ?" ਮੇਰੇ ਸੱਜੇ ਹੱਥ ਕੁਰਸੀ 'ਤੇ ਬੈਠੇ ਮੁੱਕੇਬਾਜ਼ ਤੋਂ ਉਸ ਦਾ ਸਾਥੀ ਪੁੱਛ ਰਿਹਾ ਸੀ।

**ਗੁਰਮੇਲ ਮਡਾਹੜ**

"ਆਹੋ, ਜਿਹੜੇ ਫਸਟ ਆਉਣਗੇ, ਉਨ੍ਹਾਂ ਨੂੰ ਹੀ ਲੈ ਕੇ ਜਾਣਗੇ?"

ਮੁੱਕੇਬਾਜ਼ ਦੇ ਸਾਥੀ ਮੂੰਹੋਂ 'ਚੋਣ' ਸ਼ਬਦ ਸੁਣ ਕੇ ਮੇਰੇ ਕੰਨ ਖੜ੍ਹੇ ਹੋ ਗਏ ਤੇ ਨਾਲ ਹੀ ਮੈਨੂੰ ਇਕ ਗੱਲ ਚੇਤੇ ਆ ਗਈ। ਮੈਂ ਰੇਲਗੱਡੀ ਵਿਚ ਸਫਰ ਕਰ ਰਿਹਾ ਸਾਂ। ਡੱਬੇ ਵਿਚ ਭਾਰਤ ਦੀ ਹਾਕੀ ਵਿਚ ਹੋਈ ਹਾਰ ਬਾਰੇ ਗੱਲਾਂ ਹੋ ਰਹੀਆਂ ਸਨ।

"ਜੀ ਹਾਰਦੇ ਕਿਮੇਂ ਨਾ, ਚੋਣ ਕਰਨ ਵੇਲੇ ਤਾਂ ਲਿਹਾਜ਼ਾਂ ਪੂਰਨ ਲੱਗ ਪੈਂਦੇ ਨੇ।" ਇਕ ਆਦਮੀ ਦੇ ਸ਼ਬਦ ਸਨ।

"ਇਹ ਵੀ ਛੱਡੋ ਜੀ, ਜਿਵੇਂ ਨੌਕਰੀਆਂ ਲਈ ਸੀਟਾਂ ਰਿਜ਼ਰਵ ਕਰ ਦਿੱਤੀਆਂ ਜਾਂਦੀਆਂ ਨੇ, ਉਮੇਂ ਹੀ ਖੇਡਾਂ ਵਿਚ ਰਿਜ਼ਰਵੇਸ਼ਨਾਂ ਘਸੋਤ ਦਿੱਤੀਆਂ ਨੇ, ਆਦਿਵਾਸੀ, ਵੱਖ-ਵੱਖ ਜਾਤਾਂ ਤੇ ਵੱਖ-ਵੱਖ ਸਟੇਟਾਂ ਲਈ।" ਇਕ ਹੋਰ ਆਦਮੀ ਨੇ ਪਹਿਲੇ ਦੀ ਗੱਲ ਨੂੰ ਹੋਰ ਅੱਗੇ ਤੋਰਿਆ।

ਦੂਜੇ ਦੀ ਗੱਲ ਸੁਣ ਕੇ ਸਾਰੇ ਡੱਬੇ ਵਿਚ ਹਾਸਾ ਛਣਕ ਗਿਆ। ਉਦੋਂ ਮੇਰੇ ਮਨ ਵਿਚ ਸਵਾਲ ਉਠਿਆ ਸੀ, 'ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਚੋਣ ਕਰਨ ਵਾਲਿਆਂ ਨੂੰ ਕੀ ਆਪਣੇ ਮੁਲਕ ਦੀ ਇੱਜਤ ਨਹੀਂ ਚਾਹੀਦੀ ਹੁੰਦੀ।'

"ਚੰਗਾ ਹੁਣ ਸਾਹਮਣੇ ਦੇਖ, ਫਾਈਟ ਸ਼ੁਰੂ ਹੋ ਗਈ ਐ।" ਮੁੱਕੇਬਾਜ਼ ਆਪਣੇ ਸਾਥੀ ਨੂੰ ਭੱਜ ਕੇ ਪਿਆ। ਉਸ ਦੀ ਕੜਕਵੀਂ ਆਵਾਜ਼ ਸੁਣ ਕੇ ਮੈਂ ਵੀ ਯਾਦਾਂ ਦੇ ਅਧੋਲੇ ਤੋਂ ਉਤਰ ਕੇ ਮੁਕਾਬਲਾ ਦੇਖਣ ਲੱਗ ਪਿਆ। ਮੁਕਾਬਲਾ ਕੁਝ ਨਹੀਂ ਸੀ। ਦੋਵੇਂ ਮੁੰਡੇ ਇਕੋ ਕਾਲਜ ਦੇ ਵਿਦਿਆਰਥੀ ਸਨ। ਦੋਵੇਂ ਜਣੇ ਜਿੱਤਦੇ-ਜਿੱਤਦੇ ਫਾਈਨਲ ਵਿਚ ਪਹੁੰਚ ਗਏ। ਪਹਿਲਾ ਰਾਊਂਡ ਮੁਕਾ ਕੇ, ਦੂਜੇ ਵਿਚ ਦੋਵਾਂ ਨੇ ਸੰਧੀ ਕਰ ਕੇ ਇਕ ਨੇ ਹਾਰ ਮੰਨ ਲਈ ਸੀ।

ਪਿੰਨ ਵੇਟ ਤੋਂ ਜਿਉਂ-ਜਿਉਂ ਉਪਰ ਫਲਾਈ, ਬੈਂਟਮ, ਫੈਦਰ, ਲਾਈਟ, ਮਿਡਲ ਆਦਿ ਵੇਟ ਹੁੰਦੇ ਜਾਂਦੇ ਸਨ, ਤਿਉਂ-ਤਿਉਂ ਮੁਕਾਬਲੇ ਜ਼ੋਰ ਫੜਦੇ ਜਾ ਰਹੇ ਸਨ। ਦੇਖਣ ਵਾਲਿਆਂ ਨੂੰ ਵੀ ਸੁਆਦ ਆਉਣ ਲੱਗ ਪਿਆ ਸੀ। ਆਉਂਦਾ ਵੀ ਕਿਉਂ ਨਾ, ਸਟੇਟ ਬੌਕਸਿੰਗ ਚੈਂਪੀਅਨਸ਼ਿਪ ਜੋ ਦੇਖ ਰਹੇ ਸੀ।

ਫੇਰ ਜਦ ਲਾਈਟ ਹੈਵੀ ਵੇਟ ਲਈ ਅਨਾਊਂਸਰ ਨੇ ਮੁੱਕੇਬਾਜ਼ਾਂ ਦੇ ਨਾਂ ਬੋਲੇ ਤਾਂ ਪੰਡਾਲ ਵਿਚ ਮੰਡੀ ਬਾਜ਼ਾਰ ਜਿਹਾ ਰੌਲਾ ਪੈਣ ਲੱਗ ਪਿਆ।

"ਸਰੂਪ ਨੂੰ ਪਿਛਲੇ ਸਾਲ ਸਟੇਟ ਦਾ ਬੈਸਟ ਲੂਜ਼ਰ ਐਵਾਰਡ ਮਿਲਿਆ ਸੀ।" ਮੁੱਕੇਬਾਜ਼ ਆਪਣੇ ਸਾਥੀ ਨੂੰ ਦੱਸ ਰਿਹਾ ਸੀ।

"ਉਹ ਕੀ ਹੁੰਦੈ?"

"ਜਿਸ ਦੇ ਮੁਕਾਬਲੇ ਦਾ ਆਦਮੀ ਬਹੁਤ ਹੀ ਤਕੜਾ ਹੋਵੇ ਤੇ ਮੁਕਾਬਲਾ ਪਹਿਲਾਂ ਹੀ ਇਕਤਰਫਾ ਦਿਸ ਰਿਹਾ ਹੋਵੇ ਪਰ ਉਹ ਫੇਰ ਵੀ ਹੌਸਲੇ ਨਾਲ ਮੁਕਾਬਲਾ ਲੜੇ, ਕੁੱਟ ਖਾਏ ਤੇ ਸਾਰੇ ਰਾਊਂਡ ਪੂਰੇ ਕਰੇ।"

"ਸਰੂਪ ਕਿਥੇ ਦਾ ਐ?"

"ਐਥੇ ਦਾ ਈ ਐ, ਇਥੇ ਚੈਂਪੀਅਨਸ਼ਿਪ ਕਰਾਉਣ ਤੇ ਚੰਦਾ ਵਗੈਰਾ 'ਕੱਠਾ ਕਰਨ ਵਿਚ ਇਸੇ ਦਾ ਹੀ ਹੱਥ ਹੈ।"

"ਤੇ ਰਾਮ ਸਰਨ?"

"ਏਅਰ ਫੋਰਸ ਵਿਚ ਐ, ਚੰਡੀਗੜ੍ਹ।"

ਸਰੂਪ ਤੇ ਰਾਮ ਸਰਨ ਦੋਵੇਂ ਰਿੰਗ 'ਚ ਆ ਕੇ ਇਕ ਲਾਈਨ ਵਿਚ ਇਕ ਦੂਜੇ ਦੇ ਬਰਾਬਰ ਖੜ੍ਹੇ ਹੋ ਗਏ। ਦਰਸ਼ਕ ਬੜੇ ਗੌਰ ਨਾਲ ਮੁੱਕੇਬਾਜ਼ਾਂ ਨੂੰ ਦੇਖ ਰਹੇ ਸਨ। ਸਰੂਪ ਦਾ ਜਿਸਮ ਜਿਥੇ ਆੜ੍ਹਤ ਦੀ ਦੁਕਾਨ 'ਤੇ ਬੈਠੇ ਚੰਗੇ ਸੇਠ ਵਰਗਾ ਸੀ, ਉਥੇ ਰਾਮ ਸਰਨ ਦੇ ਜਿਸਮ ਦਾ ਇਕ-ਇਕ ਪੱਠਾ ਅੱਡ-ਅੱਡ ਦਿਖਾਈ ਦੇ ਰਿਹਾ ਸੀ, ਇਕ ਚੰਗੇ ਨਾਮਵਰ ਬਾਡੀ ਬਿਲਡਰ ਦੇ ਜਿਸਮ ਦੇ ਪੱਠਿਆਂ ਵਾਂਗ।

ਰੈਫਰੀ ਨੇ ਦੋਵਾਂ ਮੁੱਕੇਬਾਜ਼ਾਂ ਦੇ ਗਲੱਵਜ਼ ਦੀ ਪੜਤਾਲ ਕੀਤੀ। ਫਲੀਟ ਦੇਖੇ। ਦੋਵਾਂ ਦੇ ਹੱਥ ਮਿਲਾਏ ਤੇ ਪਿੱਛੇ ਹਟ ਗਏ। ਦੋਵੇਂ ਮੁੱਕੇਬਾਜ਼ ਆਪੋ-ਆਪਣੀਆਂ ਆਰਾਮ ਥਾਂਵਾਂ 'ਤੇ ਖਲੋ ਗਏ, ਹਰੀ ਬੈਲਟ ਵਾਲਾ ਸਰੂਪ ਗਰੀਨ ਕੌਰਨਰ ਵਿਚ। ਲਾਲ ਬੈਲਟ ਵਾਲਾ ਰਾਮ ਸਰਨ ਰੈੱਡ ਕਾਰਨਰ ਵਿਚ, ਇਕ ਦੂਜੇ ਵੱਲ ਪਿੱਠਾਂ ਕਰਕੇ ਰੱਸਿਆਂ ਨੂੰ ਹੱਥ ਪਾ ਕੇ ਵਾਰਮ ਅੱਪ ਹੋਣ ਲੱਗ ਪਏ।

ਘੰਟੀ ਵੱਜੀ। ਰੈਫਰੀ ਨੇ ਮੁਕਾਬਲਾ ਸ਼ੁਰੂ ਕਰਵਾਇਆ।

ਦੋਵੇਂ ਮੁੱਕੇਬਾਜ਼, ਬਾਜ਼ਾਂ ਵਾਂਗ ਇਕ ਦੂਜੇ 'ਤੇ ਝਪਟੇ। ਪਟਾਕ ਪਟਾਕ ਦੋਵੇਂ ਪਾਸਿਆਂ ਤੋਂ ਮੁੱਕੇ ਪੂਰੇ ਜ਼ੋਰ ਦੀ ਚੱਲਣ ਲੱਗੇ। ਸਥਾਨਕ ਦਰਸ਼ਕ ਸਰੂਪ ਦੀ ਹੌਸਲਾ ਅਫਜ਼ਾਈ ਲਈ ਸ਼ੋਰ ਮਚਾ ਰਹੇ ਸਨ।

"ਦੇਖੀਂ ਕਿਤੇ ਏਸ ਸ਼ਹਿਰ ਨੂੰ ਲਾਜ ਨਾ ਲਾ ਦਈਂ।" ਕੋਈ ਦਰਸ਼ਕ ਕਹਿ ਰਿਹਾ ਸੀ। ਸਰੂਪ ਦਾ ਕੋਚ ਵੀ ਉਸ ਨੂੰ ਬਾਹਰ ਬੈਠਾ ਹਦਾਇਤਾਂ ਦੇ ਰਿਹਾ ਸੀ। ਸਰੂਪ ਦੀਆਂ ਬਾਹਾਂ ਦੀ ਹਰਕਤ ਦੇ ਨਾਲ-ਨਾਲ ਉਹਦੀਆਂ ਬਾਹਾਂ ਤੇ ਜ਼ੁਬਾਨ ਵੀ ਚੱਲ ਰਹੀ ਸੀ। "ਲੈਫਟ... ਲੈਫਟ... ਲੈ...ਫ...ਟ ਤੇ ਹੁਣ ਰਾਈਟ... ਉਹ... ਸਟ੍ਰੇਟ ਕੱਢ... ਸਟ੍ਰੇਟ... ਹਾਂ... ਹਾਂ... ਸ਼ਾਬਾਸ਼ ਲੈਫ...ਟ...



ਲੈ...ਫ...ਟ... ਹੁੱਕ।" ਪਰ ਸਰੂਪ ਦੇ ਕੋਚ ਦੀ ਕੋਚਿੰਗ ਦਾ ਬਹੁਤ ਲਾਭ ਰਾਮ ਸਰਨ ਹੀ ਉਠਾ ਜਾਂਦਾ। ਸਰੂਪ ਦੇ ਚਲਾਏ ਮੁੱਕੇ ਬਹੁਤੇ ਹਵਾ ਵਿਚ ਹੀ ਰਹਿ ਜਾਂਦੇ, ਕਿਉਂਕਿ ਰਾਮ ਸਰਨ ਹਮਲਾ ਕਰਕੇ ਸਰੂਪ ਦੀ ਵਾਰੀ ਝੱਟ ਪਿੱਛੇ ਹਟ ਜਾਂਦਾ, ਜਿਸ ਕਰਕੇ ਉਸ ਦਾ ਵਾਰ ਖਾਲੀ ਚਲਾ ਜਾਂਦਾ।

"ਸਰੂਪ ਦਾ ਫੁੱਟ ਵਰਕ ਦੇਖ ਕਿੰਨਾ ਤਕੜੈ।" ਪਰ੍ਹੇ ਬੈਠਾ ਇਕ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਨੂੰ ਕਹਿ ਰਿਹਾ ਸੀ।

"ਫੌਜੀ ਐ। ਇਨ੍ਹਾਂ ਜਿੰਨੀ ਪ੍ਰੈਕਟਿਸ ਕੌਣ ਕਰ ਸਕਦੈ?"

ਇਧਰ ਰਾਮ ਸਰਨ ਦੇ ਪੱਖ ਵਿਚ ਨਾ ਤਾਂ ਕੋਈ ਸ਼ੋਰ ਪੈ ਰਿਹਾ ਸੀ ਤੇ ਨਾ ਹੀ ਉਸ ਦਾ ਕੋਚ ਉਸ ਨੂੰ ਕੋਈ ਹਦਾਇਤ ਦੇ ਰਿਹਾ ਸੀ। ਬੱਸ ਚੁੱਪ-ਚੁਪੀਤੇ ਬੜੇ ਇਤਮਿਨਾਨ ਨਾਲ ਮੁਕਾਬਲਾ ਦੇਖੀ ਜਾ ਰਿਹਾ ਸੀ; ਜਾਂ ਫੇਰ ਕੁਝ ਨੋਟ ਕਰੀ ਜਾ ਰਿਹਾ ਸੀ; ਜਾਂ ਕਦੇ-ਕਦੇ ਉਸ ਦੀ ਟੀਮ ਦੇ ਉਸ ਦੇ ਸਾਥੀਆਂ 'ਚੋਂ ਕੋਈ ਉਸ ਦੇ ਕੀਤੇ ਗਏ ਵਧੀਆ ਹਮਲੇ 'ਤੇ ਬੋਲ ਉਠਦਾ, "ਵੈਰੀ ਗੁੱਡ।"

ਦੂਜੇ ਰਾਊਂਡ ਵਿਚ ਲੋਕਾਂ ਦਾ ਸ਼ੋਰ ਪੈਣਾ ਘੱਟ ਹੋ ਗਿਆ। ਸਰੂਪ ਦੇ ਕੋਚ ਦੀਆਂ ਬਾਹਾਂ ਤੇ ਜ਼ੁਬਾਨ ਚੱਲਣੀ ਬੰਦ ਹੋ ਗਈ। ਸਰੂਪ ਹੁਣ ਹਮਲੇ ਕਰਨ ਦੀ ਥਾਂ 'ਤੇ ਬਚਾਓ ਕਰਨ ਲੱਗ ਪਿਆ, ਪਰ ਰਾਮ ਸਰਨ ਦੇ ਹਮਲੇ ਉਸੇ ਤਰ੍ਹਾਂ ਹੀ ਜਾਰੀ ਸਨ।

ਤੀਜੇ ਰਾਊਂਡ ਵਿਚ ਸਰੂਪ ਦਾ ਸਾਹ ਫੁੱਲ ਜਾਣ ਕਰਕੇ ਉਸ ਦਾ ਮੂੰਹ ਖੁੱਲ੍ਹ ਗਿਆ ਸੀ। ਪੈਰਾਂ ਦੀ ਫੁਰਤੀ ਮੁੱਕ ਚੁੱਕੀ ਸੀ। ਹੁਣ ਉਹ ਪੈਰ ਇਸ ਤਰ੍ਹਾਂ ਮੁਸ਼ਕਿਲ ਨਾਲ ਉਠਾ ਰਿਹਾ ਸੀ, ਜਿਵੇਂ ਧਰਤੀ ਵਿਚ ਗੱਡੇ ਗਏ ਹੋਣ ਤੇ ਬਾਹਾਂ ਦੇ ਗਾਰਡ ਬਣਾ ਕੇ ਸਿਰ ਆਪਣੇ ਢਿੱਡ ਵਿਚ ਲੁਕਾਉਣ ਲੱਗ ਪਿਆ ਸੀ। ਕਦੇ ਗੋਡਿਆਂ ਵਿਚ ਸਿਰ ਦੇ ਕੇ ਬੈਠ ਕੇ ਸਾਹ ਲੈਂਦਾ। ਰੈਫਰੀ ਦੀ ਵਾਰਨਿੰਗ 'ਤੇ ਫੇਰ ਖੜ੍ਹਾ ਹੁੰਦਾ। ਮੁਕਾਬਲਾ ਲੜਨ ਦੀ ਫੇਰ ਅਸਫਲ ਕੋਸ਼ਿਸ਼ ਕਰਦਾ ਪਰ ਰਾਮ ਸਰਨ ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਹੁਣੇ ਹੀ ਰਿੰਗ ਵਿਚ ਦਾਖਲ ਹੋਇਆ ਹੋਵੇ। ਸਰੂਪ ਉਸ ਦੇ ਮੁੱਕਿਆਂ ਦਾ ਮੁਕਾਬਲਾ ਨਾ ਕਰ ਸਕਦਾ, ਫੇਰ ਸਾਹ ਚੜ੍ਹ ਜਾਣ 'ਤੇ ਬਾਹਾਂ ਦੇ ਗਾਰਡ ਬਣਾ ਕੇ ਸਿਰ ਢਿੱਡ ਵਿਚ ਦੇ ਲੈਂਦਾ। ਇਸ 'ਤੇ ਰਾਮ ਸਰਨ ਉਸ ਦੀਆਂ ਵੱਖੀਆਂ ਕੁੱਟਣ ਲੱਗ ਪੈਂਦਾ। ਵੱਖੀਆਂ ਕੁੱਟੀਆਂ ਜਾ ਰਹੀਆਂ ਦੇਖ ਕੇ ਸਰੂਪ ਖੜ੍ਹਾ ਹੁੰਦਾ। ਉਸ ਦੇ ਗਾਰਡ ਵੀ ਹੁਣ ਢਿੱਲੇ ਪੈ ਗਏ ਸਨ। ਸਰੂਪ ਦੇ ਸਿੱਧਾ ਖੜ੍ਹਾ ਹੁੰਦੇ ਹੀ ਰਾਮ ਸਰਨ ਪੂਰੇ ਜ਼ੋਰ ਨਾਲ ਇਕ ਸਟ੍ਰੇਟ ਸਰੂਪ ਦੇ ਨੱਕ 'ਤੇ ਜੜ ਦਿੰਦਾ। ਸਟ੍ਰੇਟ ਵੱਜਦੇ ਹੀ ਸਰੂਪ ਸੁੱਕੇ ਛੱਪੜ ਵਿਚ ਪਈ ਮੱਛੀ ਵਾਂਗ ਤੜਫ ਉਠਦਾ ਤੇ ਲੜਖੜਾ ਕੇ ਡਿੱਗ ਪੈਂਦਾ। ਰੈਫਰੀ ਦੇ ਕਦੇ ਸੱਤ, ਅੱਠ, ਕਦੇ ਨੌਂ ਗਿਣਦੇ ਹੀ ਉਠ ਕੇ ਫੇਰ ਮੁਕਾਬਲਾ ਲੜਨਾ ਸ਼ੁਰੂ ਕਰ ਦਿੰਦਾ।

"ਰਾਮ ਸਰਨ ਦਾ ਚਿਹਰਾ ਦੇਖ ਹੁਣ।" ਮੇਰਾ ਗੁਆਂਢੀ ਮੁੱਕੇਬਾਜ਼ ਆਪਣੇ ਸਾਥੀ ਨੂੰ ਕਹਿ ਰਿਹਾ ਸੀ।

"ਐਂ ਲੱਗਦੈ ਜਿਵੇਂ ਸਰੂਪ ਨੂੰ ਕੱਚਾ ਈ ਚੱਬ ਜਾਊ।" ਮੁੱਕੇਬਾਜ਼ ਦੇ ਸਾਥੀ ਨੇ ਹੁੰਗਾਰਾ ਭਰਿਆ ਸੀ।

"ਜੇ ਇਹੀ ਹਾਲ ਰਿਹਾ ਤਾਂ ਸਰੂਪ ਸ਼ਾਇਦ ਨਾਕ ਆਊਟ ਹੀ ਹੋ ਜੇ।" ਕੋਈ ਹੋਰ ਮੁੱਕੇਬਾਜ਼ ਬੁੜਬੁੜਾਇਆ, "ਹੋ ਸਕਦੈ ਹੱਥ ਹੀ ਖੜ੍ਹਾ ਕਰ ਦੇਵੇ।"

"ਨਹੀਂ ਐਂ ਤਾਂ ਇਹ ਪੱਕਾ ਰੰਘੜ ਐ, ਮਰ ਕੇ ਹੀ ਰਿੰਗ 'ਚੋਂ ਨਿਕਲੂ।"

"ਇਹ ਵੀ ਕੋਈ ਖੇਡ ਹੈ? ਮੁੰਡੇ ਦਾ ਸਤਿਆਨਾਸ ਕਰ ਦਿੱਤਾ।" ਪਰ੍ਹੇ ਖੜ੍ਹਾ ਇਕ ਬੁੱਢਾ ਸਰੂਪ ਦਾ ਲਹੂ ਲਿਬੜਿਆ ਚਿਹਰਾ ਤੇ ਬੁਨੈਣ ਦੇਖ ਕੇ ਕਹਿ ਰਿਹਾ ਸੀ।

"ਹੁਣ ਦੇਖ ਸਰੂਪ ਦਾ ਮੂੰਹ 'ਮੇਰਾ ਨਾਮ ਜੋਕਰ' ਦੇ ਰਾਜ ਕਪੂਰ ਵਰਗਾ ਹੋ ਗਿਐ।" ਬੁੱਢੇ ਤੋਂ ਥੋੜ੍ਹਾ ਹੋਰ ਅੱਗੇ ਖੜ੍ਹੇ ਇਕ ਮਨਚਲੇ ਮੁੰਡੇ ਨੇ ਕਿਹਾ ਤੇ ਉਸ ਦੇ ਕੋਲ ਖੜ੍ਹੇ ਕਈ ਹੋਰ ਦਰਸ਼ਕ ਇਹ ਗੱਲ ਸੁਣ ਕੇ ਹੱਸ ਪਏ।

ਘੰਟੀ ਵੱਜੀ। ਤੀਜਾ ਰਾਊਂਡ ਵੀ ਖਤਮ ਹੋ ਗਿਆ। ਸਰੂਪ ਬੜੀ ਮੁਸ਼ਕਿਲ ਨਾਲ ਤੁਰ ਰਿਹਾ ਸੀ। ਉਸ ਦੀ ਸੈਕਿੰਡ ਕਰਨ ਵਾਲਾ ਮੁੰਡਾ ਫਟਾਫਟ ਮੰਚ 'ਤੇ ਆ ਕੇ ਉਸ ਨੂੰ ਸਹਾਰਾ ਦੇ ਕੇ ਗਰੀਨ ਕੌਰਨਰ ਵਿਚ ਡਹੇ ਸਟੂਲ ਤਕ ਲੈ ਗਿਆ। ਉਹ ਸਪੰਜ ਨਾਲ ਉਸ ਦਾ ਮੂੰਹ ਗਿੱਲਾ ਕਰ ਰਿਹਾ ਸੀ ਤੇ ਤੌਲੀਏ ਨਾਲ ਉਸ ਦਾ ਖੂਨ ਸਾਫ ਕਰ ਰਿਹਾ ਸੀ। ਦੂਜੇ ਪਾਸੇ ਰਾਮ ਸਰਨ ਆਰਾਮ ਨਾਲ ਰੱਸਿਆਂ 'ਤੇ ਬਾਹਾਂ ਧਰੀ ਖੜ੍ਹਾ ਸੀ। ਉਸ ਦਾ ਕੋਚ ਉਸ ਦੀ ਕੰਡ ਥਾਪੜ ਕੇ ਉਸ ਨੂੰ ਸੰਤਰਾ ਛਿੱਲ-ਛਿੱਲ ਕੇ ਦੇ ਰਿਹਾ ਸੀ।

"ਸਰੂਪ ਦੇ ਤੀਜਾ ਰਾਊਂਡ ਕੱਟਣ ਦੀ ਆਸ 'ਤੇ ਨਹੀਂ ਸੀ।" ਪਰ੍ਹੇ ਦੂਰ ਬੈਠਾ ਇਕ ਮੁੱਕੇਬਾਜ਼ ਦੂਜੇ ਮੁੱਕੇਬਾਜ਼ ਨੂੰ ਕਹਿ ਰਿਹਾ ਸੀ।

ਮੰਚ 'ਤੇ ਰੈਫਰੀ ਜੱਜਾਂ ਤੋਂ ਪਰਚੀਆਂ ਇਕੱਠੀਆਂ ਕਰ ਰਿਹਾ ਸੀ। ਦਰਸ਼ਕ ਉਤਸੁਕਤਾ ਨਾਲ ਰੈਫਰੀ ਦੀ ਹਰ ਹਰਕਤ ਨੂੰ ਦੇਖ ਰਹੇ ਸਨ। ਪਰਚੀਆਂ ਇਕੱਠੀਆਂ ਕਰਕੇ, ਉਸ ਨੇ ਪੜ੍ਹੀਆਂ ਤੇ ਦੋਹਾਂ ਮੁੱਕੇਬਾਜ਼ਾਂ ਨੂੰ ਕੋਲ ਸੱਦਿਆ। ਦੋਹਾਂ ਵਿਚਾਲੇ ਖੜ੍ਹ ਕੇ ਗੁੱਟ ਫੜ ਲਏ। ਇਕ ਦਾ ਸੱਜੇ ਹੱਥ ਨਾਲ ਦੂਜੇ ਦਾ ਖੱਬੇ ਹੱਥ ਨਾਲ। ਦਰਸ਼ਕਾਂ ਦੀ ਨਜ਼ਰ ਰੈਫਰੀ ਦੇ ਖੱਬੇ ਹੱਥ ਖੜ੍ਹੇ ਰਾਮ ਸਰਨ ਦੀ ਬਾਂਹ 'ਤੇ ਟਿਕੀ ਹੋਈ ਸੀ ਪਰ ਰੈਫਰੀ ਨੇ ਬਾਂਹ ਸਰੂਪ ਦੀ ਖੜ੍ਹੀ ਕਰ ਦਿੱਤੀ। ਫੋਟੋਗਰਾਫਰ ਨੇ ਫੋਟੋ ਖਿੱਚ ਲਈ। ਲੋਕ ਹੈਰਾਨ ਸਨ। ਚੀਕਾਂ, ਵਿਸਲਾਂ, ਕੁਰਸੀਆਂ ਦੇ ਹਿੱਲਣ-ਜੁਲਣ ਦਾ ਖੜਾਕ। ਪੰਡਾਲ ਵਿਚ ਬੇਚੈਨੀ ਫੈਲ ਗਈ।

"ਰਾਮ ਸਰਨ ਨਾਲ ਧੂੰਜ ਕੇ ਬੇਇਨਸਾਫੀ ਹੋਈ ਹੈ।" ਲੋਕ ਕਹਿ ਰਹੇ ਸਨ। ਉਹ ਵੀ ਮੰਚ 'ਤੇ ਭੜਕਿਆ ਖੜ੍ਹਾ ਸੀ। ਉਸ ਦਾ ਕੋਚ ਮੁੜ-ਮੁੜ ਆਪਣੇ ਨੋਟ ਕੀਤੇ ਪੁਆਇੰਟ ਜੱਜਾਂ ਅਤੇ ਕਮੇਟੀ ਨੂੰ ਦਿਖਾ ਰਿਹਾ ਸੀ ਪਰ ਉਸ ਦੀ ਕੋਈ ਨਹੀਂ ਸੀ ਸੁਣ ਰਿਹਾ। ਉਧਰ ਰਾਮ ਸਰਨ ਦੀ ਟੀਮ ਦੇ ਸਾਥੀ ਵੀ ਮਰਨ ਮਾਰਨ ਨੂੰ ਤਿਆਰ ਹੋਏ ਖੜ੍ਹੇ ਸਨ। ਕੋਚ ਉਨ੍ਹਾਂ ਨੂੰ ਵੀ ਰੋਕ ਰਿਹਾ ਸੀ। ਫੌਜੀ ਕੋਚ ਅਨੁਸ਼ਾਸਨ ਦਾ ਜੋ ਪੱਕਾ ਸੀ।

ਲੋਕ ਆਪੋ-ਆਪਣੀਆਂ ਥਾਂਵਾਂ 'ਤੇ ਖੜ੍ਹੇ ਹੋ ਗਏ। ਪੁਲਿਸ ਮੁਲਾਜ਼ਮਾਂ ਨੇ ਕਿਤੇ ਆ ਕੇ ਉਨ੍ਹਾਂ ਨੂੰ ਬਿਠਾਇਆ।

ਕੁਝ ਟਿਕ-ਟਿਕਾ ਹੋਣ 'ਤੇ ਰਹਿੰਦੇ ਮੁਕਾਬਲੇ ਹੋਏ। ਨਾ ਕਿਸੇ ਨੇ ਸੁਆਦ ਨਾਲ ਦੇਖੇ, ਨਾ ਹੀ ਕਿਸੇ ਨੂੰ ਦੇਖਣ ਦਾ ਚਾਅ ਰਿਹਾ। ਸਾਰੇ ਰਾਮ ਸਰਨ ਬਾਰੇ ਸੋਚ ਰਹੇ ਸਨ। ਘੁਸਰ-ਮੁਸਰ ਜਾਰੀ ਸੀ। ਪੁਲਿਸ ਦੇ ਸਿਪਾਹੀ ਸੰਮਾਂ ਵਾਲੀਆਂ ਡਾਂਗਾਂ ਲਈ ਖੜ੍ਹੇ ਸਨ।

ਇਨਾਮ ਵੰਡਣ ਦੀ ਰਸਮ ਸ਼ੁਰੂ ਹੋਈ। ਅਨਾਊਂਸਰ ਨਾਂ ਬੋਲਦਾ। ਮੁੱਕੇਬਾਜ਼ ਆਉਂਦੇ, ਆਪਣੇ ਇਨਾਮ ਲੈ ਕੇ ਚਲੇ ਜਾਂਦੇ। ਰਾਮ ਸਰਨ ਨੂੰ ਦੂਜੇ ਦਰਜੇ ਦਾ ਇਨਾਮ ਲੈਣ ਲਈ ਬੁਲਾਇਆ ਗਿਆ। ਉਹ ਮੰਚ 'ਤੇ ਜੇਤੂ ਵਾਂਗ ਗਿਆ ਪਰ ਮਾਈਕ ਅੱਗੇ ਜਾ ਕੇ ਰੁਕ ਗਿਆ ਤੇ ਕਹਿਣ ਲੱਗਾ, "ਮੇਰੇ ਨਾਲ ਬੇਇਨਸਾਫੀ ਹੋਈ ਹੈ। ਮੈਂ ਸਰੂਪ ਨਾਲ ਫੇਰ ਮੁਕਾਬਲਾ ਲੜਨ ਦਾ ਚੈਲਿੰਜ ਕਰਦਾ ਹਾਂ। ਜੇ ਉਹ ਵਾਕਿਆ ਈ ਜੇਤੂ ਹੈ ਤਾਂ ਮੇਰੇ ਨਾਲ ਮੁਕਾਬਲਾ ਫੇਰ ਲੜੇ... ਫੈਸਲਾ ਤਿੰਨ ਰਾਊਂਡ ਦੀ ਥਾਂ 'ਤੇ ਪੰਜ ਰਾਊਂਡ 'ਤੇ ਹੋਵੇਗਾ। ਤੇ ਹਰ ਰਾਊਂਡ ਤਿੰਨ ਮਿੰਟ ਦੀ ਥਾਂ ਪੰਜ ਮਿੰਟ ਦਾ ਹੋਵੇਗਾ, ਮਨਜ਼ੂਰ? ਕਿਥੇ ਹੈ ਸਰੂਪ?"

"ਅਸ਼ਕੇ ਓਏ ਜੁਆਨਾ ਤੇਰੇ ਹੌਸਲੇ ਦੇ... ਸ਼ਹਿਰ ਦੀਆਂ ਬੀਹੀਆਂ ਨੀਵੀਆਂ ਕਰ ਦਿੱਤੀਆਂ ਏਨ੍ਹੇ ਕੋਟ 'ਤੇ ਬਿਲਾ ਜਾ ਲਾ ਕੇ।" ਬੁੱਢਾ ਕਹਿ ਰਿਹਾ ਸੀ। "ਨਿਕਲ ਹੁਣ ਪਤੰਦਰ ਮੂਰ੍ਹੇ।" ਹੁਣ ਬੁੱਢੇ ਦੀ ਗੱਲ ਵੱਲ ਕੋਈ ਧਿਆਨ ਨਹੀਂ ਸੀ ਦੇ ਰਿਹਾ।

ਪੰਡਾਲ ਵਿਚ ਫੇਰ ਰੌਲਾ ਪੈ ਗਿਆ, ਪ੍ਰਬੰਧਕ ਮੰਚ 'ਤੇ ਜਾ ਕੇ ਰਾਮ ਸਰਨ ਨੂੰ ਸਮਝਾਉਣ ਲੱਗ ਪਏ, ਪਰ ਉਹ ਉਸੇ ਤਰ੍ਹਾਂ ਡਟਿਆ ਖੜ੍ਹਾ ਸੀ। ਪ੍ਰਬੰਧਕ ਰਾਮ ਸਰਨ ਦੇ ਹੱਥ ਧੱਕੇ ਨਾਲ ਇਨਾਮ ਫੜਾ ਰਹੇ ਸਨ, ਪਰ ਉਸ ਨੇ ਇਹ ਕਹਿ ਕੇ ਇਨਾਮ ਠੁਕਰਾ ਦਿੱਤਾ ਕਿ ਜੇ ਇਸ ਸ਼ਹਿਰ ਦੇ ਕਿਸੇ ਹੋਰ ਬੌਕਸਰ ਨੂੰ ਕੋਈ ਪ੍ਰਾਈਜ਼ ਨਹੀਂ ਮਿਲਿਆ ਤਾਂ ਇਹ ਪ੍ਰਾਈਜ਼ ਵੀ ਉਸ ਨੂੰ ਦੇ ਦਿੱਤਾ ਜਾਵੇ। ਫੇਰ ਉਸ ਨੂੰ ਪਰ੍ਹੇ ਖੜ੍ਹਾ ਸਰੂਪ ਦਿਸ ਪਿਆ।

ਉਹ ਉਵੇਂ ਹੀ ਗੁੱਸੇ ਦਾ ਭਰਿਆ ਪੀਤਾ ਉਸ 'ਤੇ ਵਰ੍ਹ ਪਿਆ, "ਸਰੂਪ ਤੂੰ ਮੇਰੀ ਘਰ ਬੁਲਾ ਕੇ ਚੰਗੀ ਬੇਇੱਜਤੀ ਕਰਵਾਈ ਹੈ। ਇਥੇ ਤੇਰੇ ਜੱਜ ਸਨ, ਮੈਨੂੰ ਹਰਾ ਦਿੱਤਾ ਪਰ ਮਿੱਤਰਾ ਨੈਸ਼ਨਲ ਵਿਚ ਸਰਵਿਸਿਜ਼ ਰਾਹੀਂ ਆ, ਤੈਨੂੰ ਫੇਰ ਦੇਖੂੰਗਾ ਇਕ ਵਾਰ, ਤਿਆਰੀ ਕਰ ਲਈਂ।"

# ਪੰਜਾਬੀਆਂ ਦੀ ਮਾੜੀ ਕਿਸਮਤ

*(ਪਿਛਲੇ ਸਫੇ ਦੀ ਬਾਕੀ)*

ਕੇ ਜੰਗ ਦਾ ਮਾਹੌਲ ਬਣਿਆ ਰਹਿੰਦਾ ਹੈ, ਜਿਸ ਕਰਕੇ ਚੜ੍ਹਦਾ ਤੇ ਲਹਿੰਦਾ ਪੰਜਾਬ ਜੰਗ ਦਾ ਖੇਤਰ ਬਣਦਾ ਹੈ। ਨਤੀਜੇ ਵਜੋਂ ਇਥੋਂ ਦੀਆਂ ਸਰਕਾਰਾਂ ਤੇ ਸਰਮਾਏਦਾਰ ਇਨ੍ਹਾਂ ਇਲਾਕਿਆਂ ਵਿਚ ਉਦਯੋਗ ਨਹੀਂ ਲਾਉਂਦੇ ਤੇ ਸਥਾਨਕ ਲੋਕਾਂ ਤੋਂ ਨਿੱਜੀ ਵਸੀਲਿਆਂ ਦੀ ਵੀ ਘਾਟ ਹੈ, ਜਿਸ ਕਾਰਨ ਬੇਰੁਜ਼ਗਾਰੀ ਫੈਲੀ ਹੈ ਤੇ ਲੋਕਾਂ ਕੋਲ ਫੌਜ ਵਿਚ ਭਰਤੀ ਹੋਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਦਾ। ਇਸੇ ਤਰ੍ਹਾਂ ਗੋਰਿਆਂ ਨੇ ਕੀਤਾ। ਬੇਰੁਜ਼ਗਾਰੀ ਬਹੁਤ ਸੀ ਤੇ ਲੋਕ ਪੈਸੇ ਵਾਸਤੇ ਤੇ ਨਿੱਜੀ ਲੋੜਾਂ ਪੂਰੀਆਂ ਕਰਨ ਵਾਸਤੇ ਫੌਜ ਵਿਚ ਭਰਤੀ ਹੁੰਦੇ ਸਨ। ਹੁਣ ਵੀ ਕਾਰਨ ਉਹੀ ਹਨ। ਜਦੋਂ ਫੌਜ ਵਿਚ ਭਰਤੀ ਹੁੰਦੇ ਹਨ ਤਾਂ ਫਿਰ ਲੜਨਾ ਤਾਂ ਪਵੇਗਾ ਹੀ। ਉਹ ਪਠਾਣ ਕਹਿੰਦੇ ਨੇ ਕਿ ਲੜਾਈ ਵਿਚ ਗੁੜ ਨਹੀਂ ਵੰਡਿਆ ਜਾਂਦਾ। ਜਾਹਰ ਹੈ ਕਿ ਗੁੜ ਨਹੀਂ ਵੰਡਿਆ ਜਾਂਦਾ, ਬੰਦੇ ਮਰਦੇ ਨੇ ਲੜਾਈ ਵਿਚ।

ਹੁਣ ਸਵਾਲ ਹੈ ਕਿ ਕੀ ਪੰਜਾਬੀ ਕੌਮ ਦਾ ਮੁਕੱਦਰ ਇਸੇ ਤਰ੍ਹਾਂ ਰਹੇਗਾ ਤੇ ਇਸ ਦਾ ਜਿੰਮੇਵਾਰ ਕੌਣ ਹੈ? ਮੇਰੇ ਖਿਆਲ ਵਿਚ, ਇਸ ਦਾ ਜਵਾਬ ਪੰਜਾਬੀ ਲੀਡਰਸ਼ਿਪ ਹੈ, ਜੋ ਸਾਡੀ ਅਗਵਾਈ ਕਰਦੀ ਹੈ; ਪਰ ਲੀਡਰਸ਼ਿਪ ਕਿਹੜੀ? ਜੇ ਪੰਜਾਬ ਦੀ ਲੀਡਰਸ਼ਿਪ ਹੁੰਦੀ ਤਾਂ ਇਸ ਦੀ ਵੰਡ ਕਿਉਂ ਹੁੰਦੀ? 1947 ਵਿਚ ਪੰਜਾਬ ਦੀ ਵੰਡ ਹੋਈ, ਤੇ ਇਹ ਵੰਡ ਕਰਨ ਵਾਸਤੇ ਦੋ ਵੱਡੇ ਲੀਡਰ, ਮੁਹੰਮਦ ਅਲੀ ਜਿਨਾਹ ਤੇ ਗਾਂਧੀ-ਦੋਵੇਂ ਗੁਜਰਾਤੀ ਸਨ ਅਤੇ ਦੋ ਕਸ਼ਮੀਰੀ ਪੰਡਿਤ ਸਨ-ਇਕ ਡਾ. ਇਕਬਾਲ ਤੇ ਦੂਜਾ ਪੰਡਿਤ ਨਹਿਰੂ। ਦੋ ਕਸ਼ਮੀਰੀ, ਦੋ ਗੁਜਰਾਤੀ ਤੇ ਵੰਡ ਹੋ ਗਈ ਪੰਜਾਬ ਦੀ, ਨਾ ਸਕੂਨ ਆਇਆ ਪੰਜਾਬ ਨੂੰ, ਤੇ ਨਾ ਸਕੂਨ ਆਇਆ ਕਸ਼ਮੀਰ ਨੂੰ। ਦੋਹਾਂ ਦੀ ਬਰਬਾਦੀ ਹੋ ਰਹੀ ਹੈ। ਹੁਣ ਦੂਜਾ ਸਵਾਲ ਇਹ ਹੈ ਕਿ ਜਦੋਂ ਇਹ ਕੰਮ ਹੋ ਰਿਹਾ ਸੀ, ਉਦੋਂ ਪੰਜਾਬੀ ਕਿੱਥੇ ਮਰ ਗਏ ਸਨ? ਇਹ ਗੱਲ ਬਿਲਕੁਲ ਸਮਝ ਆਉਂਦੀ ਹੈ ਕਿ ਜਿਹੜੇ ਪੰਜਾਬੀ ਸਨ, ਭਾਵੇਂ ਹਿੰਦੂ, ਸਿੱਖ ਜਾਂ ਮੁਸਲਮਾਨ, ਉਹ ਇਕ ਬਹੁਤ ਹੀ ਜ਼ਰੂਰੀ ਕੰਮ ਪਏ ਕਰਦੇ ਸਨ। ਉਹ ਜ਼ਰੂਰੀ ਕੰਮ ਇਹ ਕਰਦੇ ਸਨ ਕਿ ਇਕ ਦੂਜੇ ਨੂੰ ਵੱਢਣ-ਟੁੱਕਣ ਲਈ ਤਲਵਾਰਾਂ ਅਤੇ ਕਿਰਪਾਨਾਂ ਤਿੱਖੀਆਂ ਪਏ ਕਰਦੇ ਸਨ। ਇਕ ਦੂਜੇ ਨੂੰ ਲੁੱਟਣ ਲੱਗੇ ਸਨ। ਇਸ ਦਾ ਨਤੀਜਾ ਫਿਰ ਏਹੀ ਨਿਕਲਦਾ ਹੈ। ਜੇ ਕੋਈ ਇਮਤਿਹਾਨ ਦੇਣਾ ਹੋਵੇ ਤਾਂ ਉਸ ਲਈ ਪੜ੍ਹਨਾ ਪੈਂਦਾ ਹੈ, ਪਰ ਪੜ੍ਹਨ ਵਾਲੇ ਪਾਸੇ ਇਹ ਗਏ ਹੀ ਨਹੀਂ, ਤੇ ਇਸੇ ਵਾਸਤੇ ਇਨ੍ਹਾਂ ਦਾ ਇਤਿਹਾਸ ਵੀ ਦੂਸਰੇ ਲੋਕਾਂ ਨੇ ਲਿਖਿਆ। ਇਨ੍ਹਾਂ ਆਪਣਾ ਇਤਿਹਾਸ ਆਪ ਨਹੀਂ ਲਿਖਿਆ, ਤੇ ਨਾ ਹੀ ਇਨ੍ਹਾਂ ਨੂੰ ਪਤਾ ਹੈ। ਠੀਕ ਹੀ ਕਹਿੰਦੇ ਨੇ ਸਿਆਣੇ ਕਿ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲਣੀਆਂ ਪੈਂਦੀਆਂ ਹਨ, ਤੇ ਘੜੀ ਦਾ ਖੁੰਝਿਆ ਬੰਦਾ ਸੌ ਕੋਹ 'ਤੇ ਜਾ ਪੈਂਦਾ ਏ।

ਲਉ, ਫਿਰ ਯਾਦ ਕਰੋ, ਪੰਜਾਬੀ ਲੀਡਰਸ਼ਿਪ ਦੀਆਂ ਕਮਾਈਆਂ ਨੂੰ ਜਿਸ ਨੇ ਸਾਨੂੰ ਕੰਡਿਆਂ ਵਾਲੀ ਤਾਰ ਦੇ ਦੋਹਾਂ ਪਾਸਿਆਂ ਵਿਚ ਵੰਡ ਕੇ ਰੱਖ ਦਿੱਤਾ। ਹੁਣ ਰੋਵੋ, ਆਪਣੇ ਪੁਰਾਣੇ ਪਿੰਡਾਂ ਨੂੰ, ਆਪਣੇ ਘਰਾਂ ਨੂੰ, ਆਪਣੇ ਵਿਛੜੇ ਮਿੱਤਰਾਂ ਨੂੰ। ਹੁਣ ਆਪਣੇ ਪੁਰਾਣੇ ਘਰ ਦੀ ਗੇੜੀ ਲਾਉਣ ਲਈ ਲਉ ਵੀਜ਼ੇ, ਖਾਉ ਧੱਕੇ, ਕਰੋ ਰਿਪੋਰਟਾਂ ਥਾਣਿਆਂ ਵਿਚ, ਤੇ ਫਿਰ ਕੋਸੋ ਪੰਜਾਬੀ ਲੀਡਰਸ਼ਿਪ ਨੂੰ, ਜੋ ਸਾਡੇ ਵਿਚ ਹਾਲੇ ਤੱਕ ਵੀ ਪੈਦਾ ਨਹੀਂ ਹੋਈ।

# ਬਹੁ-ਉਪਯੋਗੀ ਮਸਤਗੀ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਬਹੁਤੇ ਪਾਠਕਾਂ ਨੇ ਸ਼ਾਇਦ ਮਸਤਗੀ ਸ਼ਬਦ ਨਾ ਸੁਣਿਆ ਹੋਵੇ ਤੇ ਅਟਕਲ ਲਾਉਂਦੇ ਹੋਣ ਕਿ ਸ਼ਾਇਦ ਇਹ ਮਸਤ ਤੋਂ ਬਣਾਇਆ ਭਾਵਵਾਚਕ ਨਾਂਵ ਹੈ। ਪਰ ਨਹੀਂ, ਮਸਤ ਤੋਂ ਤਾਂ ਮਸਤੀ ਪੈਦਾ ਹੁੰਦੀ ਹੈ, ਵਾਰਸ ਸ਼ਾਹ ਦੀ ਰੀਸੇ ਹੋਰ ਅੱਗੇ ਬਣਾਇਆ ਮਸਤਗੀ ਕਦੇ ਪੜ੍ਹਿਆ ਸੁਣਿਆ ਨਹੀਂ। ਹਾਂ, 'ਮਸਤ ਗਈ' ਨੂੰ ਮਲਵਈਆਂ ਵਲੋਂ ਸੁੰਗੜਾ ਕੇ ਬਣਾਇਆ 'ਮਸਤਗੀ' ਜ਼ਰੂਰ ਪੜ੍ਹਿਆ ਹੈ, ਜਿਵੇਂ 'ਮਰ ਗਈ' ਦਾ ਪਰ-ਕੱਟਿਆ ਰੂਪ, 'ਮਰਗੀ।' ਇਸ ਕਾਲਮ ਵਿਚ ਕੁਝ ਇੱਕ ਵਾਰ ਚਿਕਿਤਸਾ ਦੀ ਅਰਬੀ-ਯੁਨਾਨੀ ਪ੍ਰਣਾਲੀ ਦਾ ਜ਼ਿਕਰ ਹੋ ਚੁਕਾ ਹੈ। ਵਿਗਿਆਨ ਦੀ ਕਿਸੇ ਵੀ ਸ਼ਾਖਾ ਦੇ ਤਕਨੀਕੀ ਲਕਬਾਂ ਦਾ ਬਹੁਤਾ ਗਿਆਨ ਆਮ ਤੌਰ 'ਤੇ ਇਸ ਦੇ ਮਾਹਿਰਾਂ ਨੂੰ ਹੀ ਹੁੰਦਾ ਹੈ, ਬਾਕੀ ਆਮ ਲੋਕ ਇਨ੍ਹਾਂ ਤੋਂ ਏਨਾ ਵਾਕਿਫ ਨਹੀਂ ਹੁੰਦੇ। ਫਿਰ ਵੀ ਮਸਤਗੀ ਕੋਈ ਤਕਨੀਕੀ ਪਦ ਨਹੀਂ, ਸਗੋਂ ਗੂੰਦ ਕਤੀਰਾ ਆਦਿ ਵਾਂਗ ਇਕ ਉਤਪਾਦ ਦਾ ਨਾਂ ਹੈ, ਜੋ ਹਿਕਮਤ ਤੇ ਫਿਰ ਆਯੁਰਵੇਦ ਵਿਚ ਵੀ ਵਰਤਿਆ ਜਾਣ ਲੱਗਾ।



*ਟੱਕ-ਲੱਗੇ ਦਰਖਤ 'ਚੋਂ ਰਿਸ ਰਿਹਾ ਮਸਤਗੀ*

ਮਸਤਗੀ ਇਕ ਤਰ੍ਹਾਂ ਦੀ ਖੁਸ਼ਬੂਦਾਰ ਗੂੰਦ ਹੈ, ਜੋ ਮੱਧਸਾਗਰ ਦੁਆਲੇ ਦੇ ਦੇਸ਼ਾਂ-ਮਿਸਰ, ਲੀਬੀਆ, ਮਰਾਕੋ, ਅਲਜੀਰੀਆ, ਟਿਊਨਿਸ਼ਿਆ, ਲੈਬਨਾਨ, ਤੁਰਕੀ, ਸੀਰੀਆ, ਸਪੇਨ, ਸਾਈਪਰਸ, ਫਰਾਂਸ, ਪੁਰਤਗਾਲ, ਅਲਬੇਨੀਆ, ਇਰਾਨ, ਗਰੀਸ, ਇਟਲੀ ਆਦਿ ਵਿਚ ਉਗਦੇ ਇਕ ਕਾਜੂ ਪ੍ਰਜਾਤੀ ਵਾਲੇ ਟੱਕ-ਲੱਗੇ ਦਰਖਤ ਦੇ ਰਿਸਾਅ ਤੋਂ ਬਣਾਈ ਜਾਂਦੀ ਹੈ। ਇਹ ਰਿਸਾਅ ਅੱਖਾਂ ਵਿਚੋਂ ਟਪਕਦੇ ਹੀਰੇ-ਮੋਤੀ ਜਿਹੇ ਅੱਥਰੂਆਂ ਦਾ ਨਜ਼ਾਰਾ ਪੇਸ਼ ਕਰਦਾ ਹੈ। ਇਸੇ ਲਈ ਇਸ ਨੂੰ ਹੀਰੇ ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਦਾ ਰੰਗ ਹਲਕਾ ਪੀਲਾ, ਚਿੱਟਾ ਜਾਂ ਪਾਰਦਰਸ਼ੀ ਹੁੰਦਾ ਹੈ।

ਰੋਮ ਖੇਤਰ ਵਿਚ ਪ੍ਰਚਲਿਤ ਹੋਣ ਕਾਰਨ ਇਸ ਨੂੰ ਰੂਮੀ ਮਸਤਗੀ ਵੀ ਕਿਹਾ ਜਾਂਦਾ ਹੈ। ਇਸ ਦੇ ਅਰਬੀ ਗੂੰਦ, ਯਮਨੀ ਗੂੰਦ, ਖਿਓਸ ਦੇ ਅਥਰੂ ਜਿਹੇ ਨਾਂ ਵੀ ਪੜ੍ਹਨ ਨੂੰ ਮਿਲਦੇ ਹਨ। ਮਸਤਗੀ ਰਿਸਾਉਣ ਵਾਲੇ ਦਰਖਤ ਨੂੰ ਵੀ ਮਸਤਗੀ ਹੀ ਕਿਹਾ ਜਾਂਦਾ ਹੈ। ਸਭ ਤੋਂ ਉਤਮ ਮਸਤਗੀ ਦਾ ਉਤਪਾਦਨ ਗਰੀਸ ਦੇ ਖਿਓਸ ਨਾਮੀਂ ਟਾਪੂ ਵਿਚਲੇ ਕੋਈ ਦੋ ਦਰਜਨ ਪਿੰਡਾਂ ਵਿਚ ਹੁੰਦਾ ਹੈ, ਜਿਨ੍ਹਾਂ ਨੂੰ ਸਮੂਹਕ ਤੌਰ 'ਤੇ ਮਸਤੀਖੋਰੀਆ ਕਿਹਾ ਜਾਂਦਾ ਹੈ। ਮਸਤੀਖੋਰੀਆ ਦੇ ਪਿੰਡ ਇਕ ਕਿਲੇ ਵਾਂਗ ਵਗਲੇ ਹੋਏ ਹਨ, ਜਿਨ੍ਹਾਂ ਅੰਦਰ ਵੜਨ ਲਈ ਕੋਈ ਦਰਵਾਜਾ ਨਹੀਂ। ਮਤਲਬ ਅੰਦਰ ਜਾਣ ਲਈ ਪੌੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਮਸਤਗੀ ਬਹੁ-ਉਪਯੋਗੀ ਗੂੰਦ ਹੈ। ਇਸ ਖਿੱਤੇ ਦੇ ਲੋਕ ਸਦੀਆਂ ਤੋਂ ਪਕਵਾਨਾਂ ਨੂੰ ਵਾਸ਼ਨਾ ਭਰਪੂਰ ਬਣਾਉਣ, ਅਤਰ ਫੁਲੇਲ ਬਣਾਉਣ ਅਤੇ ਅਨੇਕਾਂ ਰੋਗਾਂ ਦੇ ਨੁਸਖਿਆਂ ਵਿਚ ਮਸਤਗੀ ਦੀ ਵਰਤੋਂ ਕਰਦੇ ਰਹੇ ਹਨ। ਗਰੀਸ ਦੇ ਪ੍ਰਾਚੀਨ ਹਕੀਮ ਹਿਪੋਕਰੇਟੀਜ਼ ਦੇ ਨਾਂ 'ਤੇ ਮਿਲਦੀਆਂ ਲਿਖਤਾਂ ਵਿਚ ਹਾਜਮੇ ਅਤੇ ਜ਼ੁਕਾਮ ਜਿਹੇ ਰੋਗ ਨਿਵਾਰਣ ਲਈ ਮਸਤਗੀ ਵਰਤਣ ਦੀ ਸਿਫਾਰਿਸ਼ ਕੀਤੀ ਗਈ ਹੈ। ਅੱਜ ਕਲ੍ਹ ਮਸਤਗੀ ਵਾਰਨਿਸ਼ ਅਤੇ ਤੇੜਾਂ ਭਰਨ ਵਾਲੀ ਪੁਟੀਨ ਦਾ ਕੰਮ ਵੀ ਦਿੰਦੀ ਹੈ।

ਪਹਿਲੀਆਂ ਵਿਚ ਬਾਇਜ਼ੰਨਟਾਈਨ (ਯੁਨਾਨੀ) ਅਤੇ ਉਸਮਾਨੀ ਸਾਮਰਾਜ ਦੇ ਸਮਰਾਟਾਂ ਨੇ ਮਸਤਗੀ ਦੇ ਕਾਰੋਬਾਰ 'ਤੇ ਪੂਰਾ ਗਲਬਾ ਪਾ ਲਿਆ ਸੀ। ਸਾਹ ਨੂੰ ਮਹਿਕੀਲਾ ਬਣਾਉਣ ਲਈ ਸਮਰਾਟਾਂ ਤੋਂ ਬਿਨਾ ਹੋਰ ਕੋਈ ਇਸ ਸ਼ੈਅ ਨੂੰ ਚਿੱਥ ਨਹੀਂ ਸੀ ਸਕਦਾ। ਉਹ ਆਪਣੇ ਹਰਮ ਦੀਆਂ ਰਾਣੀਆਂ ਤੇ ਰਖੇਲਾਂ ਦੀ ਸੁੰਦਰਤਾ ਵਧਾਉਣ ਲਈ ਉਨ੍ਹਾਂ ਨੂੰ ਵਧੀਆ ਕਿਸਮ ਦੀ ਮਸਤਗੀ ਮੁਹੱਈਆ ਕਰਦੇ ਸਨ। ਕੋਈ ਐਰਾ-ਗੈਰਾ ਅਜਿਹੀ ਸੁੰਦਰਕਾਰੀ ਵਸਤ ਦਾ ਹੱਕਦਾਰ ਕਿਵੇਂ ਹੋ ਸਕਦਾ ਸੀ। ਉਨ੍ਹੀਂ ਦਿਨੀਂ ਇਹ ਸੋਨੇ ਦੇ ਭਾਅ ਵਿਕਦੀ ਸੀ। ਇਸ ਦੀ ਚੋਰੀ ਕਰਨ ਵਾਲੇ ਦੇ ਹੱਥ, ਪੈਰ, ਕੰਨ ਵੱਢ ਦਿੱਤੇ ਜਾਂਦੇ ਸਨ, ਕਈ ਵਾਰ ਮੌਤ ਦੀ ਸਜ਼ਾ ਵੀ ਦਿੱਤੀ ਜਾਂਦੀ ਸੀ।

ਮੱਧ ਕਾਲ ਵਿਚ ਯੁਨਾਨੀ ਤਰਜ਼ ਦੀ ਚਿਕਿਤਸਾ ਅਰਬ-ਇਰਾਨ ਪੁੱਜੀ ਤਾਂ ਇਸ ਨੇ ਯੁਨਾਨੀ ਜਾਂ ਹਿਕਮਤ ਦਾ ਨਾਂ ਧਾਰਿਆ। ਭਾਰਤ ਵਿਚ ਇਸਲਾਮੀ ਹਕੂਮਤ ਦੌਰਾਨ ਇਹ ਦੱਖਣ ਪੂਰਬ ਦੇ ਖਿੱਤੇ ਵਿਚ ਪੁੱਜੀ। ਇਸ ਨੇ ਆਯੁਰਵੇਦ ਦੇ ਤ੍ਰਿਦੋਸ਼ ਸਿਧਾਂਤ ਨੂੰ ਆਪਣੇ ਵਿਚ ਸਮੋ ਲਿਆ ਤੇ ਹੋਰ ਵੀ ਪ੍ਰਫੁਲਿਤ ਹੋ ਗਈ।

ਯੁਨਾਨੀ ਜਾਂ ਇਸ ਤੋਂ ਪ੍ਰਭਾਵਿਤ ਕਿਸੇ ਵੀ ਇਲਾਜ ਪ੍ਰਣਾਲੀ ਵਿਚ ਬੀਮਾਰੀ ਦੇ ਬਹੁਤ ਸਾਰੇ ਨੁਸਖਿਆਂ ਵਿਚ ਮਸਤਗੀ ਦੀ ਵਰਤੋਂ ਦੱਸੀ ਮਿਲਦੀ ਹੈ। ਪੰਜਾਬੀ ਸਮੇਤ ਕਈ ਹੋਰ ਭਾਰਤੀ ਭਾਸ਼ਾਵਾਂ ਦੀਆਂ ਕਿਤਾਬਾਂ, ਰਿਸਾਲਿਆਂ, ਅਖਬਾਰਾਂ ਤੇ ਇਸ਼ਤਿਹਾਰਾਂ ਵਿਚ ਮਸਤਗੀ ਦਾ ਜ਼ਿਕਰ ਅਕਸਰ ਹੀ ਮਿਲਦਾ ਹੈ। ਜਰਾ-ਰੋਗ, ਬਦਹਜ਼ਮੀ, ਨਜਲਾ-ਜ਼ੁਕਾਮ, ਚਮੜੀ ਰੋਗ, ਸਿੱਕਰੀ, ਪਥਰੀ, ਧਾਂਤ, ਸ਼ੀਘਰਪਨ, ਵੀਰਜ ਦਾ ਪਤਲਾਪਨ, ਬਾਂਝਪਨ, ਔਰਤਾਂ ਦੇ ਭਾਰ ਪੈਣ ਤੱਕ ਦੀਆਂ ਸੈਂਕੜੇ ਅਲਾਮਤਾਂ ਦਾ ਨਾਸ ਕਰਨ ਵਾਲੀਆਂ ਦਵਾਈਆਂ ਵਿਚ ਮਸਤਗੀ ਉਰਫ ਮਸਤਕੀ ਪਾਈ ਜਾਣ ਲੱਗੀ ਹੈ।

'ਮਹਾਨ ਕੋਸ਼' ਵਿਚ ਅਕਸਰ ਕਈ ਬੀਮਾਰੀਆਂ ਤੇ ਉਨ੍ਹਾਂ ਦੇ ਨਿਵਾਰਕ 'ਦੇਸੀ' ਨੁਸਖਿਆਂ ਦਾ ਵੇਰਵਾ ਦਰਜ ਕੀਤਾ ਗਿਆ ਹੈ, ਹਾਲਾਂ ਕਿ ਸਿੱਖ ਧਰਮ ਨਾਲ ਸਬੰਧਤ ਇਸ ਵਿਸ਼ਵਕੋਸ਼ ਵਿਚ ਅਜਿਹੇ ਇੰਦਰਾਜਾਂ ਦੇ ਵਿਸਥਾਰ ਸਹਿਤ ਨਿਪਟਾਰੇ ਦੀ ਕੋਈ ਤੁਕ ਨਹੀਂ ਜਾਪਦੀ। ਪਾਠਕਾਂ ਦੀ ਦਿਲਚਸਪੀ ਲਈ ਵੰਨਗੀ ਮਾਤਰ ਮਸਤਗੀ ਦੀ ਵਰਤੋਂ ਵਾਲੇ ਦੋ ਨੁਸਖਿਆਂ ਦਾ ਹਵਾਲਾ ਦੇ ਰਿਹਾ ਹਾਂ। ਪਹਿਲਾ ਨੁਸਖਾ ਉਥਾਰਾ ਅਰਥਾਤ ਛਾਤੀ 'ਤੇ ਬੋਝ ਵਾਲੇ ਰੋਗ ਲਈ ਮੁਫੀਦ ਹੈ, "ਉਥਾਰੇ ਦੇ ਰੋਗੀ ਨੂੰ ਤ੍ਰਿਵੀ (ਨਿਸੋਥ) ਦਾ ਜੁਲਾਬ ਦੇ ਕੇ ਦਿਲ ਦੀ ਤਾਕਤ ਅਤੇ ਹਾਜਮਾ ਠੀਕ ਕਰਨ ਲਈ ਦਵਾਈਆਂ ਵਰਤਣੀਆਂ ਚਾਹੀਏ. ਦੋ ਮਾਸ਼ੇ ਮਸਤਗੀ, ਦੋ ਮਾਸ਼ੇ ਮਿਸ਼ਰੀ ਪੀਹ ਕੇ ਗਾਂ, ਜਾਂ ਬਕਰੀ ਦੇ ਦੁੱਧ ਨਾਲ ਸਵੇਰ ਵੇਲੇ ਫੱਕੀ ਲੈਣੀ ਗੁਣਕਾਰੀ ਹੈ. ਇਹ ਫੱਕੀ, ਬਾਦਾਮ, ਛੋਟੀ ਇਲਾਇਚੀ, ਤੇ ਕਾਲੀ ਮਿਰਚਾਂ ਦੀ ਸਰਦਾਈ ਨਾਲ ਭੀ ਲਈ ਜਾ ਸਕਦੀ ਹੈ...।"



*ਮਸਤੀਖੋਰੀਆ ਦੇ ਪਿੰਡ ਦੀ ਇਕ ਝਲਕ*

ਮਸਤਗੀ ਸ਼ਬਦ ਦਾ ਇੱਕ ਰੁਪਾਂਤਰ ਮਸਤਕੀ ਵੀ ਹੈ, ਜਿਸ ਦਾ ਜ਼ਿਕਰ 'ਮਹਾਨ ਕੋਸ਼' ਵਿਚ ਦਰਜ ਦੂਜੇ ਨੁਸਖੇ ਦੇ ਇੱਕ ਅੰਸ਼ ਵਜੋਂ ਕੀਤਾ ਗਿਆ ਹੈ। ਦੰਤਰੋਗ ਦਾ ਇਲਾਜ ਇਸ ਤਰ੍ਹਾਂ ਦਰਸਾਇਆ ਹੈ, "ਧਾਵੇ ਦੇ ਫੁੱਲ, ਮਾਂਈਂ, ਜੰਗਹਰੜਾਂ, ਮਾਜੂ, ਸੁਪਾਰੀ, ਅਨਾਰ ਦੇ ਫੁੱਲ, ਮਜੀਠ, ਮਸਤਕੀ, ਖੜੀਆ ਮਿੱਟੀ, ਇਲਾਚੀਆਂ, ਕੰਥ, ਫਟਕੜੀ ਦੀ ਖਿੱਲ, ਆਉਲੇ, ਸੇਲਖੜੀ, ਬੋਲ, ਬੂਰਾ ਸੰਦਲ, ਕਪੂਰ, ਬਦਾਮਾਂ ਦੀ ਛਿੱਲ ਦੇ ਕੋਲੇ, ਅੱਕ ਦੀ ਜੜ ਦੇ ਕੋਲੇ, ਕੌਡੀਆਂ ਦੀ ਸੁਆਹ, ਸਭ ਸਮ ਵਜਨ ਲੈ ਕੇ ਪੀਸ ਕੇ ਸ਼ੀਸ਼ੀ ਵਿਚ ਪਾ ਰੱਖਣੇ. ਇਹ ਮੰਜਨ ਸਵੇਰ ਸੰਝ ਵਰਤਣ ਤੋਂ ਕੋਈ ਦੰਤ ਰੋਗ ਨਹੀਂ ਹੁੰਦਾ।"

ਉਕਤ ਟੂਕਾਂ ਘਸੋੜਣ ਦਾ ਮਕਸਦ ਹੈ ਕਿ ਪਾਠਕ ਇਹ ਨਾ ਸਮਝਣ ਕਿ ਅੱਜ ਮੈਂ ਖਾਹਮਖਾਹ ਪੰਜਾਬੀ ਵਿਚ ਕੋਈ ਅਣਸੁਣਿਆ ਸ਼ਬਦ ਲੈ ਬੈਠਾ ਹਾਂ। ਮਸਤਗੀ ਸ਼ਬਦ ਦੀ ਦੁਨੀਆਂ ਭਰ ਦੀਆਂ ਭਾਸ਼ਾਵਾਂ ਵੱਲ ਰਵਾਨਗੀ ਯੁਨਾਨ ਅਰਥਾਤ ਗਰੀਸ ਤੋਂ ਸ਼ੁਰੂ ਹੁੰਦੀ ਹੈ। ਜਿਵੇਂ ਉਪਰ ਦੱਸਿਆ ਹੈ, ਯੁਨਾਨੀ ਚਿਕਿਤਸਾ ਦੇ ਨੁਸਖਿਆਂ ਵਿਚ ਪਾਏ ਜਾਂਦੇ ਇਕ ਗੂੰਦ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸ ਭਾਸ਼ਾ ਵਿਚ ਇਸ ਦਾ ਰੂਪ ਕੁਝ 'ਮਾਸਤੀਖੇ' ਜਿਹਾ ਹੈ। ਇਹ ਸ਼ਬਦ ਗਰੀਕ ਤੋਂ ਲਾਤੀਨੀ ਵਿਚ ਹੁੰਦਾ ਹੋਇਆ 14ਵੀਂ ਸਦੀ ਦੌਰਾਨ ਪੁਰਾਣੀ ਫਰਾਂਸੀਸੀ ਵਿਚ ਪੁੱਜਾ ਤੇ ਉਥੋਂ ਇਕ ਸਦੀ ਪਿਛੋਂ ਅੰਗਰੇਜ਼ੀ ਵਿਚ ਮੈਸਟਿਕ (Mastic) ਵਜੋਂ ਦਾਖਿਲ ਹੋਇਆ। ਬਹੁਤ ਸਾਰੇ ਕੋਸ਼ਾਂ ਵਿਚ ਇਸ ਦਾ ਸਬੰਧ ਚੱਬਣ ਦੇ ਅਰਥਾਂ ਵਾਲੇ ਸ਼ਬਦ Mastication ਨਾਲ ਜੋੜਿਆ ਗਿਆ ਹੈ। ਸ਼ਾਇਦ ਇਸ ਲਈ ਕਿ ਅੰਗਰੇਜ਼ੀ ਵਿਚ ਮੈਸਟਿਕ ਕਹਾਉਂਦੀ ਮਸਤਗੀ ਨਾਂ ਦੀ ਚਿੱਥਣ ਵਾਲੀ ਗੂੰਦ ਅਰਥਾਤ Chewing Gum (ਪੰਜਾਬੀ ਕ੍ਰਿਤ ਸ਼ਬਦ ਚਿੰਗਮ) ਵਿਚ ਵਰਤੀ ਜਾਂਦੀ ਸੀ। ਅੰਗਰੇਜ਼ੀ ਮੈਸਟੀਕੇਸ਼ਨ ਸ਼ਬਦ ਅੰਤਿਮ ਤੌਰ 'ਤੇ ਗਰੀਕ Mastikhan ਤੋਂ ਬਣਿਆ ਹੈ, ਜਿਸ ਦਾ ਇਸ ਭਾਸ਼ਾ ਵਿਚ ਅਰਥ ਹੈ, ਦੰਦ ਕਰੀਚਣੇ। ਜੁਬਾੜੇ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Mandible ਵੀ ਇਸੇ ਦਾ ਸਜਾਤੀ ਦੱਸਿਆ ਜਾਂਦਾ ਹੈ। ਦੂਜੇ ਪਾਸੇ, ਗਰੀਕ ਦੇ ਮਾਸਤੀਖੇ ਸ਼ਬਦ ਨੇ ਅਰਬੀ-ਫਾਰਸੀ ਵਿਚ ਜਾ ਕੇ ਮਸਤਕਾ, ਮਸਤਗੀ/ਮਸਤਕੀ ਜਿਹਾ ਰੂਪ ਧਾਰਿਆ। ਇਸਲਾਮੀ ਹਕੂਮਤ ਦੌਰਾਨ ਯੁਨਾਨੀ ਚਿਕਿਤਸਾ ਪ੍ਰਣਾਲੀ ਭਾਰਤ ਪੁੱਜੀ ਤਾਂ ਇਹ ਸ਼ਬਦ ਭਾਰਤੀ ਬੋਲੀਆਂ ਵਿਚ ਵੀ ਵਰਤਿਆ ਜਾਣ ਲੱਗਾ।

# ਬੇਅੰਤ ਸਿੰਘ ਦੀ ਰਾਜਨੀਤੀ ਦਾ ਤਾਣਾ ਪੇਟਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕਾਂਡ ਨਾਲ ਸਬੰਧਿਤ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਘਟਾਉਣ ਦੀ ਖਬਰ ਨੇ ਮੇਰੇ ਮਨ ਵਿਚ ਵੱਸੀ ਉਸ ਸਮੇਂ ਦੀ ਰਾਜਨੀਤੀ ਰਿੜਕਣ ਲਾ ਦਿੱਤੀ ਹੈ। ਕਤਲ ਕਾਂਡ ਤੋਂ ਥੋੜ੍ਹੇ ਦਿਨ ਪਹਿਲਾਂ ਮੇਰੇ ਜ਼ਿੰਮੇ ਖੱਬੇ ਪੱਖੀ ਸੋਚ ਨੂੰ ਪ੍ਰਣਾਏ ਨਵੇਂ ਅਖਬਾਰ 'ਦੇਸ ਸੇਵਕ' ਦਾ ਕੰਮ ਸੌਂਪਿਆ ਗਿਆ ਸੀ। ਮੈਂ ਪਰਚੇ ਦੀ ਵਿਉਂਤਬੰਦੀ ਵਿਚ ਰੁੱਝਾ ਹੋਇਆ ਸਾਂ ਕਿ ਇਹ ਭਾਣਾ ਵਰਤ ਗਿਆ।

ਬੇਅੰਤ ਸਿੰਘ ਦੇ ਰਾਜਸੀ ਸਕੱਤਰ ਗੁਰਮੀਤ ਸਿੰਘ ਦਾ ਪਿੰਡ ਭੜੀ ਸੀ, ਜਿੱਥੇ ਮੈਂ ਪਹਿਲੀ ਕੱਚੀ ਤੇ ਪੱਕੀ ਵਿਚ ਪੜ੍ਹਦਾ ਰਿਹਾ ਸਾਂ। ਉਸ ਪਿੰਡ ਦਾ ਮਾਸਟਰ ਬਲਬੀਰ ਸਿੰਘ ਮੇਰੇ ਮਾਮੇ ਦਾ ਹਾਣੀ ਸੀ। ਗੁਰਮੀਤ ਸਿੰਘ ਉਸ ਦਾ ਬੇਟਾ ਸੀ। ਗੁਰਮੀਤ ਤੇ ਉਸ ਤੋਂ ਛੋਟਾ ਦਲਜੀਤ ਨੰਨ੍ਹੇ ਮੁੰਨੇ ਬਾਲਕ ਹੀ ਸਨ ਕਿ ਉਨ੍ਹਾਂ ਦੀ ਮਾਤਾ ਪਰਲੋਕ ਸਿਧਾਰ ਗਈ, ਪਰ ਪਿਤਾ ਬਲਬੀਰ ਸਿੰਘ ਤੇ ਉਨ੍ਹਾਂ ਦੀ ਦੂਜੀ ਪਤਨੀ ਨੇ ਦੋਹਾਂ ਭਰਾਵਾਂ ਨੂੰ ਇਹੋ ਜਿਹੀ ਵਿਦਿਆ ਤੇ ਆਤਮ ਵਿਸ਼ਵਾਸ ਦਿੱਤਾ ਕਿ ਗੁਰਮੀਤ ਸਿੰਘ ਆਪਣੇ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਦਾ ਧੜੱਲੇਦਾਰ ਸਿਆਸੀ ਸਕੱਤਰ ਬਣਿਆ ਤੇ ਦਲਜੀਤ ਸਿੰਘ ਪੰਜਾਬ ਪ੍ਰੋਵਿੰਸ਼ੀਅਲ ਸਰਵਿਸ ਵਿਚ ਚੁਣਿਆ ਗਿਆ। ਉਹ ਹੁਣ ਸੇਵਾ ਮੁਕਤੀ ਪਿੱਛੋਂ ਪੰਜਾਬ ਦੀ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਦਾ ਸਿਆਸੀ ਸਲਾਹਕਾਰ ਹੈ।

ਮੈਨੂੰ ਬੇਅੰਤ ਸਿੰਘ ਦੀ ਰਾਜਨੀਤਕ ਸੋਚ ਤੇ ਕਾਰਜ ਵਿਧੀ ਦੀ ਜਾਣਕਾਰੀ ਇਨ੍ਹਾਂ ਭਰਾਵਾਂ ਤੋਂ ਮਿਲੀ, ਭਾਵੇਂ ਬੇਅੰਤ ਸਿੰਘ ਦਾ ਲੋਕ ਸੰਪਰਕ ਅਫਸਰ ਉਜਾਗਰ ਸਿੰਘ ਵੀ ਮੇਰੇ ਬਹੁਤ ਨੇੜੇ ਰਿਹਾ ਹੈ। ਅਸਲ ਗੱਲ ਤਾਂ ਇਹ ਹੈ ਕਿ ਬਲਬੀਰ ਦੇ ਵੱਡੇ ਵਡੇਰਿਆਂ ਵਿਚ ਦੋ ਨਾਂ ਸਿੱਖ ਇਤਿਹਾਸ ਦੇ ਉਘੇ ਪਾਤਰ ਬਣੇ। ਪਹਿਲਾ ਬਾਬਾ ਮਹਿਤਾਬ ਸਿੰਘ ਮੀਰਾਂਕੋਟੀਆ, ਜਿਸ ਨੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਨੂੰ ਨਾਲ ਲੈ ਕੇ ਮੱਸੇ ਰੰਘੜ ਦਾ ਕਤਲ ਕੀਤਾ। ਮੱਸਾ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਕੰਜਰੀ ਦਾ ਨਾਚ ਕਰਾਉਣ ਦਾ ਦੋਸ਼ੀ ਸੀ। ਉਹ ਦੋਵੇਂ ਇਸ ਅਮਲ ਤੋਂ ਪਿੱਛੋਂ ਸ਼ਹੀਦ ਕਰ ਦਿੱਤੇ ਗਏ, ਪਰ ਉਨ੍ਹਾਂ ਵਿਚੋਂ ਕੇਵਲ ਮਹਿਤਾਬ ਸਿੰਘ ਦੀ ਔਲਾਦ ਬਚੀ, ਜੋ ਮੀਰਾਂ ਕੋਟ ਛੱਡ ਕੇ ਖੰਨਾ-ਸੰਘੋਲ ਮਾਰਗ ਉਤੇ ਪੈਂਦੇ ਪਿੰਡ ਭੜੀ ਤੇ ਹੋਰਨਾਂ ਪਿੰਡਾਂ ਵਿਚ ਵੱਸ ਗਈ।



*ਬਲਵੰਤ ਸਿੰਘ ਰਾਜੋਆਣਾ*

ਮਹਿਤਾਬ ਸਿੰਘ ਦੇ ਪੜਪੋਤਰੇ ਰਤਨ ਸਿੰਘ ਭੰਗੂ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਰਚਨਾ ਕਰਕੇ ਸਿੱਖ ਬੁਧੀਜੀਵੀਆਂ ਵਿਚ ਝੰਡਾ ਗੱਡਿਆ। ਇਸ ਰਚਨਾ ਵਿਚ ਗੁਰੂ ਸਾਹਿਬਾਨ ਦੀ ਧਾਰਨਾ ਉਤੇ ਚਲਣ ਵਾਲੇ ਬਾਬਾ ਬੰਦ ਸਿੰਘ ਬੈਰਾਗੀ ਦੇ ਕਾਲ ਤੋਂ ਪਹਿਲਾਂ ਤੇ ਪਿੱਛੋਂ ਤੱਕ ਦੇ ਵੇਰਵੇ ਦਰਜ ਹਨ, ਜਿਨ੍ਹਾਂ ਤੋਂ ਇਤਿਹਾਸ ਦੇ ਖੋਜੀ ਅੱਜ ਵੀ ਲਾਭ ਲੈਂਦੇ ਹਨ। ਇਹ ਰਚਨਾ ਕਵਿਤਾ ਵਿਚ ਹੈ ਤੇ ਹੁਣ ਇਸ ਨੂੰ ਕੁਲਵੰਤ ਸਿੰਘ ਨੇ ਅੰਗਰੇਜ਼ੀ ਭਾਸ਼ਾ ਵਿਚ ਉਲਥਾਉਂਦਿਆਂ ਵੀ ਕਾਵਿਕ ਵਿਧੀ ਅਪਨਾਈ ਹੈ। ਇਹ ਉਲਥਾ ਇੰਸਟੀਚੀਊਟ ਆਫ ਸਿੱਖ ਸਟੱਡੀਜ਼, ਚੰਡੀਗੜ੍ਹ ਨੇ ਮਾਣ ਨਾਲ ਪ੍ਰਕਾਸ਼ਿਤ ਕੀਤਾ ਹੈ।

ਇਸ ਵੇਲੇ ਕਾਲਮ ਦਾ ਵਿਸ਼ਾ ਮਹਿਤਾਬ ਸਿੰਘ ਦੇ ਪੋਤੇ-ਪੜਪੋਤਿਆਂ ਦੀ ਸੋਚ ਤੇ ਕਾਰਜ ਵਿਧੀ ਹੈ। ਗੁਰਮੀਤ ਸਿੰਘ ਵਲੋਂ ਬੇਅੰਤ ਸਿੰਘ ਦੇ ਸਿਆਸੀ ਸਕੱਤਰ ਦੀ ਜ਼ਿੰਮੇਵਾਰੀ ਸੰਭਾਲਣ ਦੀਆਂ ਤੰਦਾਂ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਨਾਲ ਜਾ ਜੁੜਦੀਆਂ ਹਨ।

ਰਾਜੋਆਣਾ ਦਾ ਅਮਲ ਕਿੰਨਾ ਗਲਤ ਜਾਂ ਠੀਕ ਸੀ, ਇਸ ਦੀ ਗੱਲ ਹੁੰਦੀ ਰਹੇਗੀ ਪਰ ਉਸ ਸਮੇਂ ਦੀ ਰਾਜਨੀਤੀ ਨੂੰ ਦਿਸ਼ਾ ਦਿਖਾਉਣ ਵਿਚ ਬੇਅੰਤ ਸਿੰਘ ਦੇ ਰੋਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਜਿਸ ਵਿਚ ਨਿਸ਼ਚੇ ਹੀ ਉਸ ਦੇ ਸਿਆਸੀ ਸਕੱਤਰ ਗੁਰਮੀਤ ਸਿੰਘ ਦਾ ਵੀ ਹੱਥ ਸੀ। ਹੁਣ ਜਦੋਂ ਗੁਰਮੀਤ ਸਿੰਘ ਨੂੰ ਇਹ ਸੰਸਾਰ ਛੱਡਿਆ 12-13 ਵਰ੍ਹੇ ਹੋ ਚੁਕੇ ਹਨ, ਉਸ ਦੀ ਯਾਦ ਵਿਚ ਸਪੋਰਟਸ ਕਲੱਬ, ਭੜੀ ਵਲੋਂ ਹਰ ਸਾਲ ਖੇਡ ਮੇਲਾ ਤੇ ਸਭਿਆਚਾਰਕ ਪ੍ਰੋਗਰਾਮ ਕੀਤਾ ਜਾਂਦਾ ਹੈ। ਗੁਰਮੀਤ ਸਿੰਘ ਪੂਰੇ 30 ਸਾਲ ਇਸ ਕਲੱਬ ਦਾ ਪ੍ਰਧਾਨ ਰਿਹਾ। ਪਿੰਡ ਵਾਸੀਆਂ ਨੇ ਉਸ ਦੀ ਯਾਦ ਵਿਚ ਖੰਨਾ-ਸੰਘੋਲ ਸੜਕ 'ਤੇ ਪੈਂਦੇ ਆਪਣੇ ਪਿੰਡ ਵਿਚ ਗੁਰਮੀਤ ਸਿੰਘ ਯਾਦਗਾਰੀ ਗੇਟ ਵੀ ਉਸਾਰਿਆ ਹੈ।

ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਵੀ ਯੋਗ ਹੈ ਕਿ ਮੇਰੇ ਮਿੱਤਰ ਉਜਾਗਰ ਸਿੰਘ ਨੇ ਗੁਰਮੀਤ ਸਿੰਘ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ 'ਸਿਆਸਤ ਦਾ ਮਸੀਹਾ' ਨਾਂ ਦੀ ਪੁਸਤਕ ਲਿਖੀ ਹੈ। ਇਸ ਦਾ ਪਾਠ ਰਾਜੋਆਣਾ ਦੀ ਸਜ਼ਾ ਮੁਆਫੀ ਦੇ ਪ੍ਰਤੀਕਰਮ ਵਜੋਂ ਬੇਅੰਤ ਸਿੰਘ ਦੇ ਵਾਰਸਾਂ ਦੀ ਸੋਚ ਉਤੇ ਚਾਨਣਾ ਪਾਉਂਦਾ ਹੈ।

**ਰਾਂਗਲੇ ਸੱਜਣ ਗੋਬਿੰਦ ਠੁਕਰਾਲ ਦਾ ਚਲਾਣਾ:** ਮੇਰੇ ਲਈ ਇਹ ਦਿਨ ਰਾਂਗਲੇ ਸੱਜਣਾਂ ਦੀ ਯਾਦ ਸੁਰਜੀਤ ਕਰਨ ਵਾਲੇ ਹਨ। ਆਪਣੇ ਪੱਤਰਕਾਰ ਮਿੱਤਰ ਗੋਬਿੰਦ ਠੁਕਰਾਲ ਦਾ ਤੁਰ ਜਾਣਾ ਉਨ੍ਹਾਂ ਵਿਚੋਂ ਪ੍ਰਮੁੱਖ ਹੈ। ਉਹ ਮੈਨੂੰ 'ਪੰਜਾਬੀ ਟ੍ਰਿਬਿਊਨ' ਦੀ ਕਮਾਨ ਸਾਂਭਣ ਸਮੇਂ ਸਵਾਗਤ ਕਰਨ ਵਾਲਿਆਂ ਵਿਚ ਹੀ ਨਹੀਂ, ਇਸ ਤੋਂ ਪਹਿਲਾਂ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਸੰਚਾਰ ਕੇਂਦਰ ਦਾ ਮੁਖੀ ਬਣਨ ਸਮੇਂ ਵੀ ਉਹੀਓ ਸੀ, ਜੋ ਮੈਨੂੰ ਸਭ ਤੋਂ ਪਹਿਲਾਂ ਵਧਾਈ ਦੇਣ ਆਇਆ ਸੀ।

ਆਪਣੀ ਪੱਤਰਕਾਰੀ ਦੇ ਚਾਰ ਦਹਾਕੇ ਦੇ ਕਾਲ ਵਿਚ ਉਸ ਨੇ ਖੱਬੇ ਪੱਖੀ ਸੋਚ ਉਤੇ ਸਾਂਵੇਪਨ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਉਹ ਹਰ ਮੌਕੇ ਮੇਰੇ ਨਾਲ ਛੋਟੇ ਭਰਾਵਾਂ ਵਾਂਗ ਵਿਚਰਿਆ।

ਇਨ੍ਹਾਂ ਤਿਥੀਆਂ ਵਿਚ ਜੀਵਨ ਜਿਉਂ ਕੇ ਸੁੱਤੇ ਰਾਂਗਲੇ ਸੱਜਣਾਂ ਵਿਚ ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਹੀ ਨਹੀਂ, ਅਮਰ ਸ਼ਹੀਦ ਭਗਤ ਸਿੰਘ ਵੀ ਯਾਦ ਆਏ ਹਨ। ਸਾਰੇ ਹੀ ਆਪਣੇ ਦੇਸ਼ ਦੀ ਸੁਤੰਤਰਤਾ ਤੇ ਵਿਕਾਸ ਵਿਚ ਉਚ ਦੁਮਾਲੜੇ ਨਾਂ ਹਨ। ਹਰ ਕਿਸੇ ਦੀ ਪ੍ਰਾਪਤੀ ਸਿਖਰ ਨੂੰ ਜਾਂਦੀ ਪੌੜੀ ਦਾ ਇੱਕ ਡੰਡਾ ਹੈ। ਹੇਠਲੇ ਡੰਡੇ ਦਾ ਮਹੱਤਵ ਵੀ ਉਸੇ ਤਰ੍ਹਾਂ ਦਾ ਹੁੰਦਾ ਹੈ, ਜਿਹੋ ਜਿਹਾ ਉਪਰਲੇ ਤੇ ਸਿਖਰਲੇ ਦਾ।

**ਅੰਤਿਕਾ: ਸੁਰਿੰਦਰ ਪੰਡਿਤ ਸੋਜ਼**

ਜਿਸ ਲਾਸ਼ ਕੋ ਮੈਨੇ ਚੰਦਨ ਸੇ ਸਜਾ ਰੱਖਾ ਹੈ,
ਉਸ ਕਾ ਕਤਲ ਮੇਰੇ ਹੀ ਇਸ਼ਾਰੋਂ ਪੇ ਹੁਆ ਹੈ।




**BTS Truck Shop Major & Minor Work**
@ 39115 Maple Ave., Wayne, MI 48184

**Hiring Owner operator & Drivers**

**Long and local route**

**Driver rate 45 to 55 cents per mile**

Owner operator (Own truck/trailer & insurance) will be paid 92% after 8% dispatch. If company trailer used then will 80% gross.

Fuel discount: Pilot, Fly J, TA and Petro will pay 25 to 40 cents per gallon.

Direct deposit also available.

*For more information please contacts:*

Rusty Singh 734-233-8464
Dave Aujla 734-419-1408

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

**ਪੰਜਾਬੀ ਢਾਬਾ**

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

**ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ**

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

**ਫੋਨ: 317-750-1900**

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**


ORGANIZED BY :
PUNJAB FC
INDOOR SOCCER AND VOLLEYBALL TOURNAMENT CANTON, MI
WELCOME ALL FROM MICHIGAN PUNJABI COMMUNITY
HAPPY RAIKOTI
LIVE IN CONCERT
10AM TO 8PM
SATURDAY OCT 19TH,2019
@ HIGH VELOCITY SPORTS
46245 MICHIGAN AVE, CANTON, MI 48188
LOCAL KIDS SOCCER MATCH AT 6PM
PRIZE
1ST : $2500
2ND : $2100
SOCCER
8 Side
PRIZE
1ST : $1500
2ND : $1100
VOLLYEBALL
( SHOOTING )
PRIZE +
ATHLETICS
( BOYS , GIRLS , KIDS )
SEEP
COMPETITION
12 TO 4PM
SOCCER
Deep Cheema 408-386-4487
Gurinder Dhanoa 734-674-3813
Bunty Bhangu 734-709-0979
VOLLEYBALL
Rupinder Brar 734-892-3980
Gurinder Mangat 734-447-6159
Harsh Gill 734-674-0427
FOR SPONSORSHIP & EVENT INFO :
Navdeep Gill 734-377-8845 | Babbu Narwal 734-564-1469 | Davinder Grewal 734-560-2886